1881

RELIGION THEOLOGY - SIKHISM
S.NO. 266

266.

266

# ਬਾਬਾ ਨਾਨਕ ਜੀ

ਦਾ

# ਨਿਰਮਲ ਪੰਥ

PERSONAL LIBRARY OF
PROFESSOR SHER SINGH "SHER"

ਦਿਆਲ ਸਿੰਘ, ਲਾਹੌਰ

ਬਾਬਾ ਨਾਨਕ ਜੀ

ਦਾ

# ਨਿਰਮਲ ਪੰਥ

ਜਿਸ ਨੂੰ

ਨਿਰਮਲ ਭੇਖ ਭੂਸ਼ਣ

ਸ੍ਰੀ ੧੦੮ ਸ੍ਰੀਮਾਨ ਪੰਡਿਤ ਜੀਵਨ ਸਿੰਘ ਜੀ

ਦੇ

ਚਰਣ ਸੇਵਕ

ਸੰਤ ਦਿਆਲ ਸਿੰਘ ਜੀ

ਲਾਹੌਰ ਨੇ ਨਿਰਮਾਣ ਕੀਤਾ

ਤੇ

ਕ੍ਰਿਪਾ ਸਾਗਰ ਪ੍ਰੈਸ ਰਾਮ ਗਲੀ ਲਾਹੌਰ
ਵਿਚ ਛਪਵਾਕੇ ਪ੍ਰਕਾਸ਼ਤ ਕੀਤਾ

ਲਾਹੌਰ

ਜੇਠ ੧੯੩੫

ਪਹਿਲੀ ਵਾਰ ੫੦੦ ਕਾਪੀ

266
Sita Khatwal Library
Institute of
Sikh Studies
Chandigarh
1881

ਸ੍ਰੀ ੧੦੮ ਸ੍ਰੀ ਮਾਨ ਬਾਬਾ ਮਹਿਤਾਬ ਸਿੰਘ ਜੀ



ਜੋ ਸੰਮਤ ੧੯੧੨ ਨੂੰ ਹਰੀ ਦ੍ਵਾਰ ਦੇ ਕੁੰਭ ਉਤੇ
ਸ੍ਰੀ ਨਿਰਮਲ ਅਖਾੜੇ ਦੇ ਸ੍ਰੀ ਮਹੰਤ ਸਾਹਿਬ
ਅਸਥਾਪਨ ਕੀਤੇ ਗਏ।

Mehta Art Press, Lahore.

# ਨਿਰਮਲ ਪੰਥ

ਵਲੋਂ—ਸ੍ਰੀਮਾਨ ਸਰਦਾਰ ਬਹਾਦਰ ਸਰਦਾਰ ਮਹਿਤਾਬ ਸਿੰਘ ਜੀ ਪ੍ਰਧਾਨ, ਲੋਕਲ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਸ੍ਰੀ ਨਨਕਾਣਾ ਸਾਹਿਬ, ਅਤੇ ਲੇਟ ਪ੍ਰਧਾਨ ਸ੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਸਰ ਜੀ।

ਮੈਂ ਹਮੇਸ਼ਾ ਹੀ ਨਿਰਮਲ ਪੰਥ ਨੂੰ ਗੁਰੂ ਪੰਥ ਦਾ ਅੰਗ ਸਮਝਦਾ ਰਿਹਾ ਹਾਂ ਤੇ ਸਮਝਦਾ ਹਾਂ, ਏਨ੍ਹਾਂ ਦਾ ਦੁਖ ਮੈਂ ਆਪਣਾ ਦੁਖ ਸਮਝਦਾ ਹਾਂ, ਸੁ ਮੈਨੂੰ ਜ਼ਰੂਰ ਅਫਸੋਸ ਹੈ ਕਿ ਇਨ੍ਹਾਂ ਨੂੰ ਗੁਰੂ ਨਾਨਕ ਦਰਸ਼ਨ ਵਿਚ ਭਾਈ ਧਰਮਾਨੰਤ ਸਿੰਘ ਜੀ ਵਲੋਂ ਛਪੇ ਮਜ਼ਮੂਨ ਤੋਂ ਦੁਖ ਪੁਜਾ ਹੈ।

ਮਹਿਤਾਬ ਸਿੰਘ

ਲਾਹੌਰ।

੨–੪–੩੫

# ਬੇਨਤੀ

ਨਿਰਮਲੇ ਸੰਤ ਮੁਢ ਤੋਂ ਹੀ ਸੰਤੋਖੀ ਤੇ ਸਾਤ੍ਵਕੀ ਸੁਭਾਵ ਚਲੇਆਏ ਹਨ। ਜੇ ਕੋਈ ਸੁਆਰਥੀ ਇਨ੍ਹਾਂ ਉਤੇ ਕਿਸੀ ਤਰਾਂ ਦਾ ਕੁਝ ਅਟੈਕ ਕਰਦਾ, ਤਾਂ ਏਹ ਹਰ ਇਕ ਸਾਮਰਥ ਰਖਦੇ ਹੋਏ ਭੀ ਸਬਰ ਸੰਤੋਖ ਰਖਦੇ, ਤੇ ਵਾਦ ਵਿਵਾਦ ਨੂੰ ਈਸ਼੍ਵਰ ਸਿਮਰਨ ਵਿਚ ਪ੍ਰਤੀ ਬੰਧਕ ਸਮਝਕੇ ਉੱਤ੍ਰ ਤਕ ਨਹੀਂ ਦੇਂਦੇ, ਪਰ ਕਈਆਂ ਇਨਾਂ ਦੀ ਮਹਾਨੁ ਖਿਮਾ ਤੋਂ ਆਪਣੇ ਮੰਤਵ੍ਯ ਦੀ ਸਿਧੀ ਲਈ ਨਾਜਾਇਜ਼ ਫਾਇਦਾ ਉਠਾਯਾ, ਬਲਕੇ ਇਕ ਨੇ ਤਾਂ ਇਥੋਂ ਤਕ ਲਿਖ ਦਿਤਾ, ਕਿ ਹਜ਼ੂਰ ਸਾਹਿਬ ਦੀ ਲੜਾਈ ਮਗਰੋਂ, ਪੁਜਾਰੀਆਂ ਤੇ ਚਾਰ ਤਖਤਾਂ ਵਲੋਂ ਸਿਖਾਂ ਨੂੰ ਬੇਮੁਖ ਕਰਨ ਦੀ ਖਾਤਰ ਨਿਰਮਲਿਆਂ ਨੇਆਪਣੇ ਕੋਲੋਂ ਏਹ ਭਾਸ਼ਣ।

"ਗੁਰੂ ਗ੍ਰੰਥ ਜੀ ਮਾਨੀਏ ਪ੍ਰਗਟ ਗੁਰਾਂ ਕੀ ਦੇਹ ॥
ਜਾਕਾ ਹਿਰਦਾ ਸੁਧ ਹੈ ਖੋਜ ਸਬਦ ਮਹਿ ਲੇਹ" ॥

ਰਚਕੇ ਸ੍ਰੀ ਦਸ਼ਮੇਸ਼ ਗੁਰੂ ਜੀ ਦੇ ਨਾਂ ਤੇ ਇਹ ਦੋਹਰਾ ਪ੍ਰਗਟ ਕੀਤਾ ਹੈ, ਹਾਲਾਂ ਕੇ ਏਹ ਗਲ ਮੰਨੀ ਪ੍ਰਮੰਨੀ ਹੈ ਕਿ ਨਿਰਮਲੇ ਸੰਤ ਦੇਹ ਧਾਰੀ ਗੁਰੂ ਨੂੰ ਜ਼ਰੂਰ ਮੰਨਦੇ ਹਨ, ਇਤਯਾਦਿਕ ਪੂਰਵ ਉਕਤ ਗਲਾਂ ਦਾ ਉਤ੍ਰ ਨਾ ਦੇਣ ਦਾ ਫਲ ਏਹ ਹੋਯਾ, ਕਿ ਸ੍ਰੀ ਮਾਨ ਭਾਈ ਧਰਮਾਨੰਤ ਸਿਘ ਜੀ "ਸਾਬਕ ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ" ਨੇ ਆਪਣੀਆਂ ਮਨ ਉਕਤੀਆਂ ਨੂੰ ਸਨਮੁਖ ਰਖਦਿਆਂ ਹੋਇਆਂ ਨਿਰਮਲ ਸ਼੍ਰੇਣੀ ਤੋਂ ਭੀ ਇਨਕਾਰ ਕਰਕੇ ਆਮ ਸਿਖ ਜਨਤਾ ਨੂੰ ਇਕ ਭੁਲੇਖੇ ਵਿਚ ਪਾਣ ਦਾ ਜਤਨ ਕੀਤਾ ਹੈ।

ਇਤਨਾ ਕਰਕੇ ਭੀ ਫਿਰ ਕਈਆਂ ਅਗੇ ਅਫਸੋਸ ਪ੍ਰਗਟ ਕਰਦੇ ਰਹੇ ਹਨ ਕਿ ਕਿਸੇ ਨਿਰਮਲੇ ਸੰਤ ਨੇ ਅਜੇ ਤਕ ਮੇਰੇ ਲੇਖ ਦਾ ਉਤ੍ਰ ਨਹੀਂ ਦਿਤਾ ਇਸ ਲਈ ਮੈਂ ਏਹ ਜ਼ਰੂਰੀ ਸਮਝ ਕੇ ਉਨ੍ਹਾਂ ਦੇ ਲੇਖ ਦਾ ਉਤ੍ਰ ਇਕ ਪੁਸਤਕ ਦੀ ਸ਼ਕਲ ਵਿਚ ਲਿਖਿਆ ਹੈ।

# ਨਿਰਮਲ ਭੇਖ

ਅਨੁਯਾਈ ਸਭ ਸੰਤਾਂ ਅਗੇ ਪ੍ਰਾਰਥਨਾ ਹੈ ਕਿ ਅਜਕਲ ਸ: ਧਰਮਾ ਨੰਤ ਸਿੰਘ ਜੀ ਵਾਂਗ ਬਹੁਤੇ ਆਦਮੀ ਹਨ, ਜੋ ਆਪਣੇ ਗ੍ਰੈਹਸਥ ਆਸ਼੍ਰਮ ਦੇ ਅਭਿਮਾਨ ਵਿਚ ਗੁਰ ਸਿਖੀ ਦੇ ਫਰਜ਼ ਨੂੰ ਨਾ ਪਛਾਣਦੇ ਹੋਏ, ਘੋਲੀ ਗੇਰੂ ਰੰਗ ਚੜ੍ਹਾਇਆ, ਕੇਵਲ ਇਤਯਾਦਿਕ ਗੁਰੂ ਵਾਕਾਂ ਨੂੰ ਸੁਣਕੇ ਕਿਸੇ ਸਾਧੂ ਨੂੰ ਪਿਆਰ ਭਰੀ ਨਜ਼ਰ ਨਾਲ ਨਹੀਂ ਵੇਖਦੇ, ਇਸ ਲਈ ਭਾਈ ਗੁਰਦਾਸ ਜੀ ਦੇ ਵਾਕ ਤਥਾ ਸ੍ਰੀ ਗੁਰੂ ਜੀ ਦੇ ਅਨੇਕ ਵਾਕਾਂ ਦ੍ਵਾਰਾ ਉਨ੍ਹਾਂ ਨੂੰ ਭੀ ਆਪਣੀ ਮੌਜੂਦਾ ਪੌਜ਼ੀਸ਼ਨ ਤੇ ਗੁਰ ਸਿਖੀ ਦਾ ਫਰਜ਼ ਇਸ ਲੇਖ ਵਿਚ ਚੇਤੇ ਕਰਾਯਾ ਗਿਆ ਹੈ। ਹੋਰ ਇਸ ਤੋਂ ਇਲਾਵਾ ਸ: ਸਾਹਿਬ ਨੇ ਨਿਰਮਲ ਭੇਖ ਉਤੇ ਜੋ ਜੋ ਅਟੇਕ ਕੀਤੇ ਹਨ, ਉਨ੍ਹਾਂ ਦਾ ਉਤ੍ਰ ਬਿਸਤਾਰ ਪੂਰਵਕ ਲਿਖਿਆ ਹੈ, ਇਸ ਲਈ ਦੋਬਾਰਾ ਬੇਨਤੀ ਹੈ ਕਿ ਮੈਂ ਨਾਚੀਜ਼ ਦੇ ਰਚਿਤ ਏਸ ਪਸਤਕ ਨੂੰ ਪਿਆਰ ਨਾਲ ਤੇ ਜ਼ਰਾ ਗਹੁ ਨਾਲ ਜ਼ਰੂਰ ਪੜ੍ਹਨਾ।

ਪੰਥ ਦੇ ਪੁਰਾਣੇ ਤੇ ਅਨਥਕ ਸੇਵਕ ਸ੍ਰੀਮਾਨ ਗਿਆਨੀ ਹੀਰਾ ਸਿੰਘ ਜੀ ਦਰਦ ਅਡੀਟਰ ਫੁਲਵਾੜੀ ਭਾਈ ਧਰਮ ਨੰਤ ਸਿੰਘ ਜੀ ਦੇ ਲੇਖ ਬਾਰੇ ਅਪਨੀ ਹੇਠ ਲਿਖੀ ਰਾਏ ਪ੍ਰਗਟ ਕਰਦੇ ਹਨ।

ਦਾਸ—ਸੰਤ ਦਿਆਲ ਸਿੰਘ

# ਨਿਰਮਲ ਸੰਪ੍ਰਦਾਇ

ਅਤੇ

## ਭਾਈ ਧਰਮਾ ਨੰਤ ਸਿੰਘ ਜੀ

ਵਲੋਂ—ਸ੍ਰੀ ਮਾਨ ਗਿਆਨੀ ਹੀਰਾ ਸਿੰਘ ਜੀ ਦਰਦ
ਅਡੀਟਰ ਫੁਲਵਾੜੀ ਲਾਹੌਰ।

ਭਾਈ ਧਰਮਾ ਨੰਤ ਸਿੰਘ ਜੀ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ ਹਨ। ਆਪ ਅੰਗ੍ਰੇਜ਼ੀ ਦੇ ਅਤੇ ਸਿਖ ਧਰਮ ਦੇ ਇਕ ਚੰਗੇ ਵਿਦਵਾਨ ਗਿਣੇ ਜਾਂਦੇ ਹਨ। ਜਿਨੀਂ ਦਿਨੀਂ ਆਪ ਪ੍ਰਿੰਸੀਪਲ ਸਨ, ਓਦੋਂ ਆਪ ਨੇ ਗੁਰੂ ਕੁਲ ਕਾਂਗੜੀ ਵਿਚ ਸਰਬ ਧਰਮ ਸੰਮੇਲਨ ਸਮੇਂ ੧੪ ਅਪ੍ਰੈਲ ੧੯੩੩ ਨੂੰ ਸਿਖ ਧਰਮ ਅਨੁਸਾਰ ਸਮਾਜ ਰਚਨਾਂ ਉਪਰ ਇਕ ਲੇਖ ਪੜ੍ਹਿਆ ਸੀ। ਓਦੋਂ ਹੀ ਮੈਂ ਸੁਣਿਆ ਕਿ ਆਪਨੇ ਇਸ ਲੇਖ ਵਿਚ ਹੋਰ ਕਈ ਗਲਤ ਗਲਾਂ ਤੋਂ ਵਧਕੇ ਇਹ ਵੀ ਲਿਖਿਆ ਹੈ ਕਿ ਨਿਰਮਲੇ ਤੇ ਉਦਾਸੀਨ ਗੁਰੂ ਘਰ ਦੇ ਸਿਖ ਨਹੀਂ ਹਨ। ਬਲਕੇ ਨਿਰਮਲ ਸੰਪ੍ਰਦਾ ਸੰਬੰਧੀ ਬਹੁਤ ਅਯੋਗ ਤੇ ਦਿਲ ਦੁਖਾਵੇਂ ਸ਼ਬਦ ਵਰਤੇ ਹਨ। ਮੈਂ ਚਿਰ ਤੋਂ ਮਜ਼ਹਬੀ ਤੇ ਸੰਪ੍ਰਦਾਇਕ ਝਗੜਿਆਂ ਤੋਂ ਲਾਂਭੇ ਰਹਿੰਦਾ ਹਾਂ। ਇਸ ਲਈ ਮੈਂ ਖਿਆਲ ਕੀਤਾ ਕਿ ਪੰਥ ਦੇ ਮੁਖੀ ਅਤੇ ਜ਼ਿਮੇਵਾਰ ਸਜਨ ਇਸ ਲੇਖ ਨੂੰ ਪੜ੍ਹਕੇ ਯੋਗ ਕਾਰਵਾਈ ਕਰ ਦੇਣਗੇ ਅਤੇ ਇਸ ਲੇਖ ਦੇ ਬੁਰੇ ਅਸਰ ਨੂੰ ਦੂਰ ਕਰਨ ਦਾ ਉਪ੍ਰਾਲਾ ਕਰਦੇ ਨਗੇ, ਪਰ ਥੋੜ੍ਹੇ ਦਿਨ ਹੋਏ ਮੈਨੂੰ ਸੰਤ ਦਿਆਲ ਸਿੰਘ ਜੀ ਲਾਹੌਰ ਵਾਲੇ ਮਿਲੇ ਅਤੇ ਆਪ ਨੇ ਭਾਈ ਧਰਮਾਨੰਤ ਸਿੰਘ ਜੀ ਦੇ ਲੇਖ ਦੇ ਉਤਰ ਵਿਚ ਲਿਖੀ ਹੋਈ ਇਕ ਪੁਸਤਕ ਦਿਤੀ ਅਤੇ ਇਹ ਵੀ ਦਸਿਆ ਕਿ ਇਸ ਪੁਸਤਕ ਦੇ ਪ੍ਰਕਾਸ਼ਤ ਕਰਨ ਦੀ ਲੋੜ ਇਸ ਕਰਕੇ ਪਈ ਹੈ ਕਿ ਖਾਲਸਾ ਪੰਥ ਦੇ ਅਖਬਾਰਾਂ, ਮੁਖੀ ਜਥਿਆਂ, ਸਿਖ ਸੰਪ੍ਰਦਾਵਾਂ ਅਤੇ ਪੰਥ ਦੇ ਜ਼ਿਮੇ ਵਾਰ ਤੇ ਵਿਦਵਾਨ ਸਜਨਾਂ ਨੇ ਇਸ ਲੇਖ ਦੇ ਬੁਰੇ ਅਸਰ ਨੂੰ ਦੂਰ ਕਰਨ ਲਈ ਜਿਤਨੀ ਮੁਨਾਸਬ ਤੇ ਯੋਗ ਕਰਵਾਈ ਕਰਨੀ ਚਾਹੀਦੀ ਸੀ ਨਹੀਂ ਕੀਤੀ।

ਆਪ ਦੀ ਏਹ ਪੁਸਤਕ "ਬਾਬਾ ਨਾਨਕ ਜੀ ਦਾ ਨਿਰਮਲ ਪੰਥ" ਮੈਂ ਪੜ੍ਹੀ ਅਤੇ ਫਿਰ ਭਾਈ ਧਰਮਾਨੰਤ ਸਿੰਘ ਜੀ ਦਾ ਸਮਾਜ ਰਚਨਾ ਵਾਲਾ ਲੇਖ ਗੁਰ ਨਾਨਕ ਦਰਸਨ ਦੇ ਦੋ ਅੰਕਾਂ ਵਿਚ ਵੇਖਿਆ ਹੈ। ਮੈਨੂੰ ਏਹ ਵੇਖਕੇ ਸੁਚ ਮੁਚ ਹੀ ਬੜਾ ਦੁਖ ਤੇ ਅਫਸੋਸ ਹੋਇਆ ਹੈ ਕਿ ਭਾਈ ਧਰਮਾਨੰਤ ਸਿੰਘ ਜੀ ਵਰਗੇ ਮੰਨੇ ਹੋਏ ਪ੍ਰਸਿਧ ਵਿਦਵਾਨ ਦੀ ਕਲਮ ਤੋਂ ਅਜੇਹਾ ਲੇਖ ਲਿਖਿਆ ਗਿਆ ਹੈ। ਅਤੇ ਹਿੰਦੁਸਤਾਨ ਦੇ ਵਿਚ ਇਕ ਵਡੇ ਸਰਬ ਧਰਮ ਸੰਮੇਲਨ ਵਿਚ ਪੜ੍ਹਿਆ ਗਿਆ ਹੈ।

ਲੇਖ ਬੜਾ ਲੰਮਾ ਹੈ ਤੇ ਇਸ ਵਿਚ ਕਈ ਗਲਾਂ ਸਮਾਜ ਰਚਨਾ ਸਬੰਧੀ ਜੋ ਸਿਖ ਧਰਮ ਦੇ ਨਾਂ ਤੇ ਕਹੀਆਂ ਗਈਆਂ ਹਨ, ਗਲਤ ਤੇ ਯੁਕਤੀ ਰਹਿਤ ਹਨ ਤੇ ਕਈ ਵਾਧੂ ਤੇ ਬੇਲੋੜੀਆਂ ਹਨ। ਇਸਤ੍ਰੀਆਂ ਦੇ ਅਧਿਕਾਰਾਂ ਸੰਬੰਧੀ ਆਪ ਅੰਕ ੧੫ ਵਿਚ ਲਿਖਦੇ ਹਨ ਪਤੀ ਪਤਨੀ ਦੇ ਪ੍ਰਸਪਰ ਅਧਿਕਾਰ ਸਮਾਨ ਹਨ। ਪਰ ਅਗੇ ਅੰਕ ੬੬ ਵਿਚ ਲਿਖਦੇ ਹਨ ਕਿ ਇਸਤ੍ਰੀ ਨੂੰ ਪੁਰਸ਼ਾਂ ਦਾ ਸਾਧਾਰਨ ਜਥੇਦਾਰ ਅਥਵਾ ਉਚ ਆਗਿਆ ਬਲਵੰਤ ਥਾਪਣਾ ਵਿਧਾਨ ਨਹੀਂ। ਇਥੇ ਆਪ ਇਸਤ੍ਰੀ ਨੂੰ ਪੁਰਸ਼ ਤੋਂ ਛੋਟਾ ਤੇ ਨੀਵਾਂ ਬਣਾ ਗਏ ਹਨ। ਪਰ ਮੈਨੂੰ ਇਸ ਵਿਸਥਾਰ ਦੇ ਵਿਚ ਪੈਣ ਦੀ ਲੋੜ ਨਹੀਂ। ਮੈਨੂੰ ਤਾਂ ਇਸ ਲੇਖ ਦੇ ਉਸ ਹਿਸੇ ਉਤੇ ਸਭ ਤੋਂ ਵਧ ਇਤਰਾਜ਼ ਹੈ ਜੋ ਆਪਨੇ ਨਿਰਮਲ ਸੰਪ੍ਰਦਾਇ ਸੰਬੰਧੀ ਲਿਖਿਆ ਹੈ ਮੇਰਾ ਨਿਸਚਾ ਏਹ ਹੈ ਕਿ ਹਰ ਇਕ ਸੰਪ੍ਰਦਾਇ ਵਿਚ ਚੰਗੇ, ਨੇਕ, ਵਿਦਵਾਨ ਤੇ ਮਹਾਂ ਪੁਰਸ਼ ਹੋਏ ਹਨ। ਪਖੰਡੀ, ਤੇ ਦੁਰਾਚਾਰੀ ਵੀ। ਇਸ ਲਈ ਕਿਸੇ ਸੰਪ੍ਰਦਾਇ ਨੂੰ ਸਮੁਚੇ ਤੌਰ ਤੇ ਬੁਰਾ ਕਹਿਣਾ ਸਿਆਣਪ ਦਾ ਕੰਮ ਨਹੀਂ।

ਭਾਈ ਧਰਮਾਨੰਤ ਸਿੰਘ ਜੀ ਨੇ ਕੇਵਲ ਇਤਨਾ ਹੀ ਲਿਖ ਕੇ ਬੱਸ ਨਹੀਂ ਕੀਤਾ ਕਿ "ਨਿਰਮਲੇ ਸ੍ਰੀ ਗੁਰੂ ਨਾਨਕ ਦੇ ਸੇਵਕ ਨਹੀ" ਬਲਕੇ ਇਨਾਂ ਲਈ ਬੜੇ ਕੌੜੇ, ਦਿਲ ਦੁਖਾਵੇਂ ਤੇ ਅਯੋਗ ਸ਼ਬਦ ਵਰਤੇ ਹਨ। ਇਸ ਬਾਰੇ ਆਪ ਲਿਖ ਦੇ ਹਨ।

੧. ਏਹ ਪੇਟ ਭਰਨ ਲਈ ਦਰ ਬਦਰ ਟੁਕੜੇ ਮੰਗਦੇ ਫਿਰਦੇ ਹਨ।

੨. ਇਹ ਲੋਕ ਭਗਵੇ ਕਪੜੇ ਪਾਕੇ, ਪਰਵਾਰ ਸਮਾਜ ਤੇ ਰਾਜ ਦੇ ਸਭ ਧਰਮ ਤਿਆਗ ਕੇ ਆਪਣਾ ਜੀਵਨ ਅਰਥ ਹੀਨ ਤੇ ਭੂ ਮਾਪਣ ਵਿਚ ਬਤੀਤ ਕਰਦੇ ਹਨ।

੩. ਇਹ ਸਮਾਜ ਪੂਰ ਕਾਲ ਦੇ ਅੰਤ ਤਕ ਮ੍ਰਿਤ ਬੋਝ ਬਣੇ ਹਨ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਪੰਕਤੀਆਂ ਪਖੰਡ ਦੇ ਖੰਡਨ ਬਾਰੇ ਆਈਆਂ ਹਨ ਆਪ ਦੀ ਰਾਇ ਵਿਚ ਏਹ ਸਭ "ਨਿਰਮਲ ਤੇ ਉਦਾਸੀਨ ਦੋਹਾਂ ਸ੍ਰੇਣੀਆਂ ਤੇ ਘਟਦੀਆਂ ਹਨ"।

ਪਖੰਡ ਕਰਨ ਦਾ ਮਤਲਬ ਹੈ ਜੋ ਕੁਝ ਆਪ ਨਾ ਹੋਣਾ ਉਹ ਬਣਕੇ ਵਿਖਾਣਾ। ਅਜੇਹੇ ਪਖੰਡੀ ਹਰ ਇਕ ਮਜਹਬ ਤੇ ਹਰ ਇਕ ਸੰਪ੍ਰਦਾਇ ਵਿਚ ਹੋ ਸਕਦੇ ਹਨ। ਸਿੰਘ ਸਭੀਏ ਅਕਾਲੀ, ਨਾਮਧਾਰੀ, ਨਿਹੰਗ ਆਦਿਕ ਸਭ ਸੰਪ੍ਰਦਾਵਾਂ ਵਿਚ ਵੀ ਅਜੇਹੇ ਭੇਖੀ ਪਾਖੰਡੀ ਲੋਕ ਮਿਲਦੇ ਹਨ ਜੋ ਲੋਕਿਕ ਵਿਖਾਵੇ ਲਈ ਸਿਖੀ ਧਾਰਦੇ ਹਨ। ਜੇ ਗੇਰੂਏ ਰੰਗ ਨਾਲ ਕੋਈ ਪਖੰਡ ਕਰਦਾ ਤਾਂ ਚਿਟੇ ਤੇ ਕਾਲੇ ਰੰਗਾਂ ਨਾਲ ਵੀ ਪਖੰਡ ਕਰਨ ਵਾਲੇ ਮੌਜੂਦ ਹਨ। ਇਸ ਲਈ ਸ੍ਰੀ ਗੁਰੂ ਜੀ ਦੀਆਂ ਪਖੰਡ ਖੰਡਨ ਵਾਲੀਆਂ ਪੰਗਤੀਆਂ ਨੂੰ ਕਿਸੇ ਸਾਰੀ ਸੰਪ੍ਰਦਾਇ ਲਈ ਘਟਾਣਾ ਬਿਲਕੁਲ ਅਨੁਚਿਤ ਹੈ।

੫. ਇਸੇ ਦੇ ਬਾਰੇ ਫਿਰ ਆਪ ਲਿਖਦੇ ਹਨ। "ਏਹ ਭਿਕਸ਼ੂ ਭਿਛੂ ਯਾ ਬਿਛੂ-ਬਿਖ ਦੇਸ ਦਾ ਸਤਿਆਨਾਸ ਕਰ ਰਹੀ ਹੈ" ਅਜੇਹੇ ਦਿਲ ਦੁਖਾਵੇਂ ਸ਼ਬਦ ਇਕ ਵਿਦਵਾਨ ਦੀ ਕਲਮ ਤੋਂ ਲਿਖ ਜਾਣੇ ਕਦੇ ਵੀ ਸੋਭਾ ਨਹੀਂ ਦੇਂਦੇ।

ਆਪ ਨੇ ਭਿਕਸ਼ੂ ਸ੍ਰੇਣੀ ਦੀ ਅਤੇ ਤਿਆਗ ਦੀ ਬੜੀ ਨਖੇਧੀ ਕੀਤੀ ਹੈ ਅਤੇ ਗ੍ਰਹਿਸਤ ਆਸਰਮ ਦੀ ਸ਼ਲਾਘਾ ਕੀਤੀ ਹੈ। ਇਸੇ ਲਹਿਰ ਵਿਚ ਆਪਨੇ ਨਿਰਮਲਿਆਂ ਨੂੰ ਗੁਰੂ ਘਰ ਤੋਂ ਖਾਰਜ ਕੀਤਾ ਤੇ ਨਿੰਦਿਆ ਹੈ। ਗ੍ਰਹਿਸਤ ਅਤੇ ਤਿਆਗ ਦੋ ਮਾਰਗ ਹਨ। ਨਸ਼ਾਨਾ ਦੋਹਾਂ ਦਾ ਇਕ ਹੈ। ਸੁਭ ਗੁਣਾਂ ਨੂੰ ਹਾਸਲ ਕਰਨਾ ਗਿਆਨ ਦੀ ਪ੍ਰਾਪਤੀ, ਅਤੇ ਸੇਵਾ ਤੇ ਕੁਰਬਾਨੀ ਕਰਦਿਆਂ ਹੋਇਆ ਪਰਮ ਪਦ ਨੂੰ ਪ੍ਰਾਪਤ ਕਰਨਾ ਦੋਹਾਂ ਹੀ ਮਾਰਗਾਂ ਵਿਚ ਖੂਬੀਆਂ ਹਨ, ਮੁਸ਼ਕਲਾਂ ਹਨ, ਔਕੜਾਂ ਹਨ ਅਤੇ ਸਹੂਲਤਾਂ ਹਨ। ਗਿਆਨਵਾਨ ਪੁਰਸ਼ ਇਹਨਾਂ ਮਾਰਗਾਂ ਦੇ ਸਿਧਾਂਤਾਂ ਅਤੇ ਗੁਣਾਂ ਔਗੁਣਾਂ ਨੂੰ ਸਮਝਦੇ ਹਨ ਅਤੇ ਉਹ ਕਿਸੇ ਇਕ ਨੂੰ ਨਿੰਦਣ ਤੇ ਧਰਮੋਂ ਕਰਮੋਂ ਖਾਰਜ ਕਰਨ ਦਾ ਫਤਵਾ ਦੇਣ ਦੀ ਦਲੇਰੀ ਨਹੀਂ ਕਰਦੇ। ਕਈ ਅਜਿਹੇ ਸਾਧੂ ਹੋਏ ਹਨ ਤੇ ਹੁਣ ਵੀ ਹਨ। ਜੋ ਗ੍ਰਹਿਸਤ ਨੂੰ ਦੁਖਾਂ ਦੀ ਖਾਣ ਤੇ ਨਰਕਾਂ ਦਾ ਸਾਧਨ ਕਹਿਕੇ ਨਿੰਦਦੇ ਹਨ। ਤੇ ਇਸ ਨੂੰ ਤਿਆਗਣ ਦੇ ਉਪਦੇਸ਼ ਦੇਂਦੇ ਹਨ। ਅਤੇ ਕਈ ਅਜੇਹੇ

ਗ੍ਰਹਸਤੀ ਹਨ ਜੋ ਤਿਆਗੀ ਸਾਧੂ ਜਨਾਂ ਨੂੰ ਢੋਹਲੜ, ਦਰ ਦਰ ਮੰਗ ਕੇ ਖਾਣ ਵਾਲੇ, ਸਮਾਜ ਅਤੇ ਦੇਸ ਉਤੇ ਬੋਝ ਰੂਪ ਆਖ ਆਖ ਕੇ ਨਿੰਦਦੇ ਹਨ, ਪਰ ਅਸਲ ਗਲ ਏਹ ਹੈ ਕਿ ਗ੍ਰਹਿਸਤੀਆਂ ਵਿਚ ਵੀ ਅਨੇਕਾਂ ਨਰਕ ਦੇ ਕੀੜੇ ਵਿਸ਼ੇ ਵਿਕਾਰਾਂ ਵਿਚ ਖਚਤ ਪ੍ਰਾਣੀ ਮੌਜੂਦ ਹਨ ਅਤੇ ਸਾਧੂਆਂ ਵਿਚ ਵੀ ਪਾਖੰਡੀ ਪੁਰਸ਼ ਮੌਜੂਦ ਹਨ। ਪਰ ਇਸ ਦੇ ਨਾਲ ਹੀ ਤਿਆਗ ਮਾਰਗ ਨੂੰ ਗ੍ਰਹਿਣ ਕਰਨ ਵਾਲੀ ਸਾਧੂ ਸ੍ਰੇਣੀ ਵਿਚ ਮਹਾਨ ਵਿਦਿਆ ਭੂਸ਼ਨ, ਧਰਮ ਦੇ ਥੰਮ, ਕੁਰਬਾਨੀ ਅਤੇ ਸੇਵਾ ਦੇ ਨਮੂਨੇ, ਗੁਣਵਾਨ ਗਿਆਨ ਵਾਨ ਪ੍ਰਚਾਰਕ ਤੇ ਲੇਖਕ ਹੋ ਗੁਜ਼ਰੇ ਹਨ ਤੇ ਮੌਜੂਦ ਵੀ ਹਨ, ਅਤੇ ਗ੍ਰਹਿਸਤ ਮਾਰਗ ਤੇ ਚਲਣ ਵਾਲਿਆਂ ਵਿਚ ਵੀ ਬੜੇ ਮਹਾਂ ਪੁਰਸ਼, ਬ੍ਰਹਮ ਗਿਆਨੀ, ਨੇਕੀ ਦੇ ਪੁੰਜ ਵਿਦਵਾਨ ਤੇ ਸੂਰਬੀਰ ਹੋ ਗੁਜ਼ਰੇ ਤੇ ਮੌਜੂਦ ਹਨ।

ਗ੍ਰਹਸਤ ਨੂੰ ਜਾਂ ਤਿਆਗ ਮਾਰਗ ਨੂੰ ਸਮੁਚੇ ਤੌਰ ਤੇ ਹੀ ਨਿੰਦ ਦੇਨਾ ਅਤੇ ਇਸ ਮਾਰਗ ਉਤੇ ਚਲਨ ਵਾਲੇ ਸਾਰੇ ਹੀ ਪੁਰਸ਼ਾਂ ਨੂੰ ਧਰਮੋਂ ਖਾਰਜ ਕਰ ਦੇਣਾ ਅਗਿਆਨੀਆਂ ਦਾ ਕੰਮ ਹੈ। ਸਮਝਦਾਰ ਤੇ ਵਿਦਵਾਨ ਦਾ ਨਹੀਂ।

ਜਦੋਂ ਅਸੀਂ ਕਿਸੇ ਦੂਜੇ ਦੇ ਵਿਰੁਧ ਲਿਖੀਏ ਤਾਂ ਉਸਨੂੰ ਸਾਹੀਆਂ ਦੇਣ ਜੋਗ ਰਿਆਇਤਾਂ ਦੇਕੇ ਕੇਵਲ ਉਥੇ ਉਂਗਲ ਰਖੀਏ ਜੇਹੜੀ ਖਾਸ ਇਤਰਾਜ਼ ਵਾਲੀ ਗਲ ਹੋਵੇ ਅਤੇ ਨਿੰਦਨੀਯ ਹੋਵੇ। ਮੈਂ ਨਿਰਮਲਿਆਂ ਦੀ ਮੌਜੂਦਾ ਹਾਲਤ ਵਿਚ ਕਾਫੀ ਸੁਧਾਰ ਦੀ ਲੋੜ ਸਮਝਦਾ ਹਾਂ ਪਰ ਇਨਾਂ ਨੂੰ ਖਾਲਸਾ ਪੰਥ ਦਾ ਇਹੋ ਜੇਹਾ ਹੀ ਹਿਸਾਂ ਤੇ ਅੰਗ ਸਮਝਦਾ ਹਾਂ ਜਿਹੋ ਜਿਹਾ ਅਕਾਲੀਆਂ ਜਾਂ ਸਿੰਘ ਸਭੀਆਂ ਨੂੰ ਅਤੇ ਸਿੰਘ ਸਭਾ ਲਹਿਰ ਤੋਂ ਪਹਿਲੇ ਇਨਾਂ ਸੰਪ੍ਰਦਾਵਾਂ ਦੇ ਵਿਦਵਾਨਾ ਤੇ ਤਿਆਗੀ ਸਾਧੂਆਂ ਨੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਜੋ ਸਿਖ ਧਰਮ ਦਾ ਪ੍ਰਚਾਰ ਕੀਤਾ, ਸ੍ਰੀ ਗੁਰੂ ਨਾਨਕ ਸਾਹਿਬ ਦਾ ਝੰਡਾ ਝੁਲਾਇਆ, ਵਿਦਵਤਾ ਭਰੇ ਗ੍ਰੰਥ ਲਿਖੇ ਅਤੇ ਸੇਵਾ ਕੀਤੀ ਉਸਦੀ ਮੇਰੇ ਦਿਲ ਵਿਚ ਬੜੀ ਭਾਰੀ ਕਦਰ ਤੇ ਸ਼ਲਾਘਾ ਹੈ। ਸਚੀ ਗਲ ਤਾਂ ਏਹ ਹੈ ਕਿ ਮੌਜੂਦਾ ਤਨਖਾਹੀ ਪ੍ਰਚਾਰ ਦੇ ਢੰਗ ਨਾਲ ਅਸੀਂ ਇਨ੍ਹਾਂ ਸੰਪ੍ਰਦਾਵਾਂ ਦੇ ਸਿਖ ਧਰਮ ਦੇ ਪ੍ਰਚਾਰ ਦੇ ਮੁਕਾਬਲੇ ਉਤੇ ਦਸਵਾਂ ਹਿਸਾ ਪ੍ਰਚਾਰ ਵੀ ਨਹੀਂ ਕਰ ਸਕੇ। ਰਤਾ ਖਿਆਲ ਕਰਕੇ ਵੇਖੋ ਅਜ ਅਸੀਂ ਇਕ ਦੀਵਾਨ ਕਰਦੇ ਹਾਂ, ਗੁਰਪੁਰਬ ਮਨਾਂਦੇ ਹਾਂ, ਤਾਂ ਰਾਗੀਆਂ ਤੇ ਪ੍ਰਚਾਰਕਾਂ

ਦੇ ਖਰਚ ਲਈ ਸੈਂਕੜੇ ਰੁਪਏ ਖੁਲ੍ਹ ਜਾਂਦੇ ਹਨ। ਇਕ ਇਕ ਪ੍ਰਚਾਰਕ ਕਈ ਵੇਰ ਸੌ ਸੌ ਰੁਪਿਆ ਲੈਕੇ ਰਾਜੀ ਨਹੀਂ ਹੁੰਦਾ। ਵਿਆਹ ਕਾਰਜ ਵੀ ਬੜੇ ਮਹਿੰਗੇ ਹੋ ਗਏ ਹਨ।

ਇਕ ਰਾਗੀ ਜੱਥਾ ਤੇ ਇਕ ਪ੍ਰਚਾਰਕ ਵਿਆਹ ਲਈ ਸਦਣਾ ਜਰੂਰੀ ਹੋ ਗਿਆ ਹੈ ਤੇ ਇਸ ਉਤੇ ਤਿੰਨ ਚਾਰ ਸੌ ਰੁਪਿਆ ਖੁਲ੍ਹ ਜਾਂਦਾ ਹੈ, ਪਰ ਤਿਆਗੀ ਸਾਧੂਆਂ ਦੇ ਪ੍ਰਚਾਰ ਦੇ ਪਿਛਲੇ ਢੰਗ ਅਨੁਸਾਰ ਇਕ ਵਿਦਵਾਨ ਸਾਧੂ ਛੇ ਛੇ ਮਹੀਨੇ ਇਕ ਥਾਂ ਤੇ ਕੇਵਲ ਪ੍ਰਸਾਦਾ ਛਕ ਕੇ ਪ੍ਰਚਾਰ ਕਰਦਾ ਰਹਿੰਦਾ ਸੀ। ਮੈਂ ਮੰਨਦਾ ਹਾਂ ਕਿ ਤਿਆਗ ਦੇ ਨਾਂ ਉਤੇ ਸਾਧੂ ਭੇਖ ਵਿਚ ਬੜਾ ਪਾਖੰਡ ਆ ਚੁਕਾ ਸੀ ਤੇ ਹੁਣ ਵੀ ਹੈ। ਲੋਕੀ ਭਗਵੇ ਕਪੜੇ ਪਾਕੇ ਹੀ ਪੂਜਾ ਕਰਵਾਂਦੇ ਤੇ ਠਗਦੇ ਫਿਰਦੇ ਸਨ, ਪਰ ਇਸਦਾ ਇਹ ਅਰਥ ਉਕਾ ਨਹੀਂ ਕਿ ਤਿਆਗ ਦਾ ਮਾਰਗ ਬਿਲ-ਕੁਲ ਹੀ ਬੁਰਾ ਹੈ ਤੇ ਇਸ ਉਤੇ ਚਲਣ ਵਾਲੇ ਸਾਰੇ ਦੇ ਸਾਰੇ ਸਾਧੂ ਬੁਰੇ ਹਨ। ਹਥੀਂ ਕਿਰਤ ਕਰਕੇ ਗ੍ਰਿਹਸਤ ਵਿਚ ਰਹਿਕੇ ਸੇਵਾ ਕਰਨਾ ਬਹੁਤ ਉਤਮ ਹੈ, ਪਰ ਕੇਵਲ ਪ੍ਰਸਾਦਾ ਤੇ ਬਸਤ੍ਰ ਗ੍ਰਹਿਣ ਕਰਕੇ ਸੇਵਾ ਕਰਨੀ, ਪ੍ਰਚਾਰ ਕਰਨਾ ਕੋਈ ਘਟ ਕੁਰਬਾਨੀ ਨਹੀਂ। ਸਿੰਘ ਸਭਾ ਲਹਿਰ ਚਲਣ ਮਗਰੋਂ ਗ੍ਰਹਿਸਤ ਦੀ ਸ਼ਲਾਘਾ ਤੇ ਤਿਆਗ ਦੀ ਨਿੰਦਿਆ ਵਿਚ ਜੋ ਅਧ ਪੜ੍ਹ ਤੇ ਘਟ ਸਮਝ ਵਾਲੇ ਪ੍ਰਚਾਰਕਾਂ ਦੁਆਰਾ ਪ੍ਰਚਾਰ ਹੋਇਆ ਹੈ ਉਸਨੇ ਪੰਥ ਨੂੰ ਬੜੀ ਹਾਨੀ ਪੁਚਾਈ ਹੈ। ਨਿਰਮਲੇ ਤੇ ਉਦਾਸੀ ਸੰਪ੍ਰਦਾਵਾਂ ਜਿਨਾਂ ਦੀ ਪਿਛਲੀ ਸੇਵਾ ਤੇ ਪ੍ਰਚਾਰ ਦੀ ਸ਼ਲਾਘਾ ਕਰਨੀ ਚਾਹੀਦੀ ਸੀ ਇਸੇ ਨੂੰ ਪਖੰਡੀ ਤੇ ਸਿਖ ਧਰਮ ਵਿਰੋਧੀ ਇਤਯਾਦਕ ਅਯੋਗ ਸ਼ਬਦ ਆਖ ਆਖ ਕੇ ਪੰਥ ਨਾਲੋਂ ਦੁਰਾਡੇ ਕੀਤਾ ਗਿਆ ਹੈ। ਭਾਈ ਧਰਮਾ ਨੰਤ ਸਿੰਘ ਜੀ ਦਾ ਲੇਖ ਵੀ ਇਸੇ ਪ੍ਰਭਾਵ ਨਾਲ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ।

ਮੈਂ ਇਥੇ ਕੁਝ ਹੋਰ ਜਰੂਰੀ ਸਵਾਲਾਂ ਉਤੇ ਵੀ ਚਾਨਣਾ ਪਾਣਾ ਚਾਹੁੰਦਾ ਹਾਂ। ਸਿਖ ਕੌਣ ਹੈ? ਸਿਖ ਹੋਣ ਦੀ ਮਨਜ਼ੂਰੀ ਦੇਣੀ ਕਿਸ ਦੇ ਹਥ ਹੈ? ਕਿਸੇ ਦੇ ਸਿਖ ਨਾ ਹੋਣ ਦਾ ਫਤਵਾ ਦੇਨਾ ਕਿਸ ਦੇ ਅਧਿਕਾਰ ਵਿਚ ਹੈ? ਬਹੁਤ ਸਾਰੀ ਗੜ ਬੜ ਇਨ੍ਹਾਂ ਸੁਆਲਾ ਦੇ ਨਾ ਸਮਝਣ ਕਰਕੇ ਪੈ ਜਾਂਦੀ ਹੈ, ਜੋ ਪੁਰਸ਼ ਜਾਂ ਸ੍ਰੇਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਤੇ ਵਿਸ਼ਵਾਸ ਪ੍ਰਗਟ ਕਰੇ ਅਤੇ ਗੁਰੂ ਸਾਹਿਬਾਂ ਦੇ ਉਪਦੇਸ਼ ਦੇ ਧਾਰਨੀ ਹੋਣ ਦਾ ਦਾਵਾ ਕਰੇ ਉਹ ਸਿਖ ਹੈ। ਉਸ ਨੂੰ ਕਿਸੇ ਹੋਰ ਪੁਰਸ਼ ਜਾਂ

ਸੰਪ੍ਰਦਾਇ ਦੀ ਮਨਜ਼ੂਰੀ ਜਾਂ ਸਰਟੀਫਕੇਟ ਦੀ ਲੋੜ ਨਹੀਂ ਤੇ ਨਾਹੀਂ ਕਿਸੇ ਪੁਰਸ਼ ਜਾਂ ਸ਼੍ਰੇਣੀ ਨੂੰ ਅਧਿਕਾਰ ਹੈ ਕਿ ਉਸਨੂੰ ਸਿਖੀ ਵਿਰੁਧ ਹੋਣ ਦਾ ਫਤਵਾ ਦੇਵੇ। ਆਪਣੇ ਤੋਂ ਵਿਰੁਧ ਰਹਿਣੀ ਬਹਿਣੀ ਤੇ ਮਰਯਾਦਾ ਰਖਣ ਵਾਲੇ ਨੂੰ ਝਟ ਪਟ ਗੁਰੂ ਘਰ ਤੋਂ ਖਾਰਜ ਕਰਨ ਦੇ ਫਤਵੇ ਦੇਣ ਦੀ ਬੀਮਾਰੀ ਨੇ ਹੀ ਪੰਥ ਵਿਚ ਬਾਹਲੀ ਫੁਟ ਪੈਦਾ ਕੀਤੀ ਹੋਈ ਹੈ ਤੇ ਹੁਨ ਵੀ ਪੁਜ ਰਹੀ ਹੈ। ਭਲਾ ਜੇ ਇਕ ਪੁਰਸ਼ ਜਾਂ ਜਥਾ ਦੂਜੇ ਨੂੰ ਸਿਖੀਉਂ ਖਾਰਜ ਕਰਨ ਦਾ ਫਤਵਾ ਦੇ ਸਕਦਾ ਹੈ ਤਾਂ ਉਸਦੇ ਵਿਰੁਧ ਦੂਜਾ ਪੁਰਸ਼ ਜਾਂ ਜਥਾ ਕਿਉਂ ਨਹੀਂ ਦੇ ਸਕਦਾ? ਜਦੋਂ ਇਸ ਤਰਾਂ ਇਕ ਦੂਜ ਨੂੰ ਸਿਖੀਉਂ ਖਾਰਜ ਕਰਨ ਦੇ ਐਲਾਨ ਤੇ ਫਤਵੇ ਸ਼ੁਰੂ ਹੋ ਜਾਂਦੇ ਹਨ, ਤਾਂ ਫੁਟ ਦੀ ਅਗਨੀ ਭੜਕ ਉਠਦੀ ਹੈ। ਸੋ ਸਹੀ ਸਿਖ ਸਿਧਾਂਤ ਏਹ ਹੈ ਕਿ ਜੋ ਪੁਰਸ਼ ਜਾਂ ਸ਼੍ਰੇਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਂ ਦੇ ਉਪਦੇਸ਼ ਨੂੰ ਮੰਨਣ ਦਾ ਐਲਾਨ ਕਰੇ ਉਸਨੂੰ ਕੋਈ ਦੂਜਾ ਗੁਰੂ ਘਰ ਤੋਂ ਖਾਰਜ ਨਹੀਂ ਕਰ ਸਕਦਾ ਹੈ। ਹਾਂ ਇਹ ਹੋ ਸਕਦਾ ਹੈ ਕਿ ਜੋ ਪੁਰਸ਼ ਜਿਸ ਜਥੇ ਜਾਂ ਸੰਪ੍ਰਦਾਇ ਦਾ ਮੈਂਬਰ ਹੋਵੇ ਉਦੇ ਨੇਮਾ ਤੇ ਮਰਯਾਦਾ ਤੋਂ ਉਲਟ ਚਲਣ ਕਰਕੇ ਉਸ ਤੋਂ ਅੱਡ ਕੀਤਾ ਜਾ ਸਕਦਾ ਹੈ ਪਰ ਪੰਥ ਤੋਂ ਜਾਂ ਸਿਖੀ ਤੋਂ ਖਾਰਜ ਕਰਨ ਦਾ ਕਿਸੇ ਪੁਰਸ਼ ਕਿਸੇ ਸੰਪਦਾਇ ਜਾਂ ਕਿਸੇ ਜਥੇ ਨੂੰ ਅਧਕਾਰ ਨਹੀਂ ਹੈ।

ਹਰ ਇਕ ਮਜ਼ਹਬ ਜਿਉਂ ਜਿਉਂ ਪੁਰਾਣਾ ਹੁੰਦਾ ਜਾਂਦਾ ਹੈ ਉਸ ਵਿਚ ਸੰਪ੍ਰਦਾਵਾਂ ਤੇ ਫਿਰਕੇ ਬਣਦੇ ਚਲੇ ਜਾਂਦੇ ਹਨ। ਇਸ ਕੁਦਰਤੀ ਵਾਧੇ ਨੂੰ ਕੋਈ ਰੋਕ ਨਹੀਂ ਸਕਦਾ। ਸਾਨੂੰ ਆਪਣੇ ਦਿਲ ਵਿਚ ਆਪਣੇ ਖਿਆਲ ਵਿਰੁਧ ਮਰਯਾਦਾ ਨੂੰ ਤੇ ਰਹਿਣੀ ਬਹਿਣੀ ਨੂੰ ਸਹਾਰਣ ਦਾ ਮਾਦਾ ਪੈਦਾ ਕਰਨਾ ਚਾਹੀਦਾ ਹੈ। ਜੋ ਮਜ਼ਹਬ ਇਸਤ੍ਰਾਂ ਦਾ ਮਾਦਾ ਪੈਦਾ ਕਰਦਾ ਹੈ ਉਹੀ ਵਧਦਾ ਫੁਲਦਾ ਹੈ।

ਇਨ੍ਹਾਂ ਵਿਚਾਰਾਂ ਨੂੰ ਮੁਖ ਰਖਕੇ ਮੈਂ ਸਮਝਦਾ ਹਾਂ ਕਿ ਭਾਈ ਪਰਮਾ ਨੰਦ ਸਿੰਘ ਜੀ ਦਾ ਲੇਖ ਖਾਸ ਕਰਕੇ ਨਿਰਮਲ ਸੰਪ੍ਰਦਾਇ ਦੇ ਵਿਰੁਧ ਬੜਾ ਅਯੋਗ ਤੇ ਬੇਲੋੜਾ ਹੈ। ਅਤੇ ਪੰਥ ਦੀ ਏਕਤਾ ਤੇ ਪ੍ਰੇਮ ਵਿਚ ਵਿਘਨ ਪਾਣ ਵਾਲਾ ਹੈ। ਇਸ ਵਾਸਤੇ ਸਿਖ ਮੁਖੀਆਂ ਸਿਖ ਜਥਿਆਂ ਅਤੇ ਸਾਰੀਆਂ ਹੀ ਸਿਖ ਸੰਪ੍ਰਦਾਵਾਂ ਨੂੰ ਇਸਦੀ ਨਿਖੇਧੀ ਕਰਨੀ ਚਾਹੀਦੀ ਹੈ।

ੴ ਸਤਿਗੁਰਪ੍ਰਸਾਦਿ ॥

# ਬਾਬੇ ਨਾਨਕ ਜੀ ਦਾ

# ਨਿਰਮਲ ਪੰਥ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

੬ ਅਪ੍ਰੈਲ ਸੰਨ ੧੯੩੪ ਦੇ ਨਿਰਮਲ ਸਮਾਚਾਰ ਦੇ ਮੁਖ ਲੇਖ ਦੁਆਰਾ ਜਦ ਪਤਾ ਲਗਾ ਕਿ ਸ੍ਰੀ ਮਾਨ ਭਾਈ ਧਰਮਾਨੰਤ ਸਿੰਘ ਜੀ, ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੇ ਫਰਵਰੀ ਅਤੇ ਮਾਰਚ ਦੇ ਗੁਰੂ ਨਾਨਕ ਦਰਸ਼ਨ (ਮਾਸਕ ਪੱਤਰ) ਵਿਚ ਨਿਰਮਲ ਭੇਖ ਦੇ ਖਿਲਾਫ ਇਕ ਲੇਖ ਲਿਖਕੇ ਉਦਾਸੀ ਮਹਾਤਮਾਂ ਵਾਂਗ ਨਿਰਮਲੇ ਸੰਤਾਂ ਨੂੰ ਵੀ ਗੁਰੂ ਘਰ ਤੋਂ ਅੱਡ ਕਰਨ ਲਈ ਇਕ ਬੇਅਰਥ ਯਤਨ ਕੀਤਾ ਹੈ, ਤਾਂ ਉਚੇਚਾ ਓਹ ਦੋਵੇਂ ਪਰਚੇ ਮੰਗਾਕੇ ਉਨ੍ਹਾਂ ਦੇ ਲੇਖ ਨੂੰ ਚੰਗੀ ਤਰਾਂ ਪੜ੍ਹਿਆ।"

ਇਸਤੋਂ ਪਹਿਲਾਂ ਮੈਨੂੰ ਭਾਈ ਸਾਹਿਬ ਜੀ ਦੇ ਦਰਸ਼ਨ ਅਜ ਤਕ ਕਿਤੇ ਨਹੀਂ ਹੋਏ ਸਨ, ਪਰ ਜਦ ਸ੍ਰੀ ਅੰਮ੍ਰਿਤਸਰ ੨੪-੪-੩੪ ਨੂੰ ਸਿਖ ਮਿਸ਼ਨਰੀ ਕਾਨਫਰੰਸ ਤੇ ਗਿਆ, ਤਾਂ ਪਹਿਲੀ ਵਾਰ ਆਪ ਦੇ ਦਰਸ਼ਨ ਹੋਏ, ਸਚ ਮੁਚ ਆਪਨੂੰ ਬਾ-ਰਸੂਖ ਅਤੇ ਪੂਰਣ ਗੁਰਸਿਖੀ ਦੇ ਬਾਣੇ ਵਿਚ ਵੇਖਕੇ ਮੇਰਾ ਦਿਲ ਅਤੀ ਪਰਸੰਨ ਹੋਇਆ।

ਫਿਰ ਲਾਹੌਰ ਆਕੇ ਜਦ ਦੋਬਾਰਾ ਆਪਦੇ ਲੇਖ ਨੂੰ ਚੰਗੀ ਤਰਾਂ ਪੜ੍ਹਿਆ, ਤਾਂ ਲੇਖ ਦੇ ਉਸ ਮੂਲ ਕਾਰਣ ਨੂੰ ਸਮਝਕੇ ਦਿਲ ਹੈਰਾਨ ਰਹਿ ਗਿਆ, ਜੇਹੜਾ ਕਿ ਆਪ ਹੀ ੧੪-੪-੩੩ ਨੂੰ ਹਰਿਦੁਆਰ ਗੁਰੂ ਕੁਲ ਕਾਂਗੜੀ ਦੇ ਭਰੇ ਇਜਲਾਸ ਵਿਚ ਮੂੰਹੋਂ ਸੁਣਾ ਚੁਕੇ ਹਨ, ਕਿ ਮੈਂ ਕਿਸੇ

ਅੰਤ ਵਿਚ ਗੁਰੂ ਕੁਲ ਕਾਂਗੜੀ ਦਾ ਪੁਰਾਣਾ ਰਿਣੀ ਹਾਂ ਉਸਤੋਂ ਛੁਟਕਾਰਾ ਪਾਉਣ ਲਈ ਹੀ ਏਹ ਲੇਖ ਭੇਟਾ ਕਰਨ ਆਇਆ ਹਾਂ।

ਇਸ ਤੋਂ ਇਲਾਵਾ ਸੰਬੋਧਨ ਵਿਚ ਬਾਰ ਬਾਰ ਵਿਰਜਮਹਾਸ਼ਜਗਣ, ਭਦ੍ਰ ਭ੍ਰਾਤ੍ਰੀ ਗਣ, ਆਰਯ ਮਿਤ੍ਰੋ, ਹੋਰ ਸਮਾਜ ਆਦੀ ਅਨੇਕਾਂ ਸ਼ਬਦ ਵਰਤੇ ਹਨ।

ਭਾਵੇਂ ਆਰਯ ਆਦਕ ਸ਼ਬਦ ਸ਼ੁਧ ਹਨ ਤੇ ਇਨ੍ਹਾਂ ਦਾ ਬੋਲਣਾ ਕੋਈ ਜੁਰਮ ਨਹੀਂ, ਪਰ ਇਸ ਗਲ ਨੂੰ ਸਭ ਜਾਣਦੇ ਹਨ ਕਿ ਅਜ ਕਲ ਹਰ ਇਕ ਕੌਮ ਵਿਚ ਕੋਈ ਨਾ ਕੋਈ ਸੰਕੇਤਕ ਸ਼ਬਦ ਪ੍ਰਸਿਧ ਹਨ, ਜਿਸ ਤਰ੍ਹਾਂ ਸਿਖਾਂ ਵਿਚ ਮਾਈ, ਭਾਈ, ਸਜਣੋਂ, ਵਾਹਿਗੁਰੂ, ਫਤੇ, ਅਕਾਲ, ਪੁਰਖ ਆਦਿਕ ਸ਼ਬਦ ਵਰਤੇ ਜਾਂਦੇ ਹਨ। ਸਨਾਤਨੀ ਹਿੰਦੂਆਂ ਵਿਚ ਸਨਾਤਨ ਧਰਮ ਦੀ ਜੈ, ਬਮ ਬਮ ਮਹਾਂਦੇਵ, ਰਾਮਕ੍ਰਿਸ਼ਨ, ਆਦੀ ਵਰਤੇ ਜਾਂਦੇ ਹਨ, ਮੁਸਲਮਾਨਾਂ ਵਿਚ ਅੱਲਾ, ਰਹੀਮ, ਖੁਦਾ, ਸਲਾਮ ਆਦੀ। ਇਸੀ ਤਰ੍ਹਾਂ ਆਰੀਆ ਸਮਾਜ ਵਿਚ ਮਹਾਸ਼ਯਗਣ, ਆਰੀਯ, ਸਮਾਜ ਆਦੀ ਵਰਤੇ ਜਾਂਦੇ ਹਨ, ਜਿਸ ਤਰਾਂ ਭਾਈ ਸਾਹਿਬ ਜੀ ਨੇ ਵਿਸਥਾਰ ਪੂਰਵਕ ਵਰਤੇ ਹਨ, ਇਸਤੋਂ ਮਾਲੂਮ ਹੁੰਦਾ ਹੈ ਕਿ ਆਪਨੇ ਕੇਵਲ ਮਹਾਸ਼ਯਗਣਾਂ ਦੀ ਪ੍ਰਸੰਨਤਾ ਲਈ ਹੀ ਏਹ ਲੇਖ ਲਿਖਿਆ ਹੈ, ਇਥੋਂ ਤਕ ਕਿ ਉਸ ਸਮੇਂ ਦੇ ਮੌਜੂਦਾ ਗੁਰੂਕੁਲ ਦੇ ਪ੍ਰੈਜ਼ੀਡੰਟ ਸਾਹਿਬ ਜੀ ਦੀ ਆਗਿਆ ਨੂੰ ਅਪਣੇ ਸ੍ਰੀ ਗੁਰੂ ਦੇਵ ਜੀ ਦੀ ਆਗਿਆ ਦੇ ਤੁਲ ਦਸਿਆ।

ਇਥੇ ਹੀ ਬਸ ਨਹੀਂ ਕੀਤੀ, ਬਲਕੇ ਹੈਰਾਨੀ ਵਾਲੀ ਗਲ ਏਹ ਹੈ ਕਿ ਜੇਹੜੇ ਆਰੀਆ ਸਮਾਜੀ ਸਾਡੇ ਗੁਰੂ ਸਾਹਿਬਾਂ ਦੇ ਨਾਮ ਨਾਲ ਸ੍ਰੀ ਪਦ ਆਖਦਿਆਂ ਮੂੰਹੋਂ ਝਿਝਕਦੇ ਹਨ, ਫਿਰ ਸਵਾਮੀ ਦਇਆ ਨੰਦ ਨੇ ਅਸਾਡੇ ਸ੍ਰੀ ਗੁਰੂ ਨਾਨਕ ਜੀ ਦੇ ਮੂਲ ਮੰਤਰ ਨੂੰ ਅਸ਼ੁਧ ਹੀ ਨਹੀਂ ਦਸਿਆ, ਬਲਕੇ ਨਿਰਾਦਰ ਭਰੇ ਸ਼ਬਦ (ਸੰਸਕ੍ਰਿਤ ਮੇਂ ਭੀ ਟਾਂਗ ਅੜਾਤਾ ਥਾ) ਕਹਿਕੇ ਆਪਣਾ ਦਿਲ ਠੰਡਾ ਕੀਤਾ ਹੈ, ਉਨ੍ਹਾਂ ਨੂੰ ਭਾਈ ਧਰਮਾਨੰਤ ਸਿੰਘ ਜੀ ਨੇ ਵਡੇ ਫ਼ਖ਼ਰ ਨਾਲ ਮਹਾਂਰਿਸ਼ੀ ਦਇਆ ਨੰਦ ਸਰਸ੍ਵਤੀ, ਕਹਿਕੇ ਯਾਦ ਕੀਤਾ ਹੈ।

ਹੋਰ ਹੈਰਾਨੀ ਵਾਲੀ ਗਲ ਏਹ ਹੈ ਕਿ ਸਵਾਮੀ ਦਇਆ ਨੰਦ ਜੀ ਅਜੇ ਪੈਦਾ ਵੀ ਨਹੀਂ ਹੋਏ ਸਨ ਕਿ ਜਦ ਤੋਂ ਸਨਾਤਨੀ ਵਿਦਵਾਨ ਤਥਾ ਨਿਰਮਲੇ ਸੰਤ ਵੇਦਾਂ ਦਾ

ਸਿਧਾਂਤ ਭਾਸ਼ਾ ਵਿਚ ਪਰਗਟ ਕਰਕੇ ਸੁਣਾਉਂਦੇ ਚਲੇ ਆ ਰਹੇ ਹੈਨ ਪਰ ਆਪ ਕਿਸਤਰਾਂ ਫੁਲਾਂਵੇਂ ਅਖਰਾਂ ਵਿਚ ਸਮਾਜ ਦੀ ਸ਼ਲਾਘਾ ਕਰਦੇ ਹਨ ਤੇ ਕਹਿੰਦੇ ਹਨ ਕਿ ਵੇਦਾਂ ਦਾ ਦਰਸ਼ਨ ਤਾਂ ਭਾਸ਼ਾ ਵਿਚ ਸਾਨੂੰ ਮਹਾਂਰਿਸ਼ੀ ਦਇਆ ਨੰਦ ਸਰਸ੍ਵਤੀ ਦੇ ਸਤਿਸੰਗੀਆਂ (ਆਰੀਆ ਸਮਾਜ) ਦੀ ਕ੍ਰਿਪਾ ਦੁਵਾਰਾ ਹੋਇਆ।

ਮੈਂ ਸਾਫ਼ ਅਖਰਾਂ ਵਿਚ ਦਸਾਂ ਕਿ ਜਦ ਤਕ ਆਰੀਆ ਸਮਾਜ ਦੇ ਮੂਲ ਪੁਸਤਕ ਸਤਯਾਰਥ ਪਰਕਾਸ਼ ਵਿਚ ਸੁਵਾਮੀ ਦਇਆ ਨੰਦ ਦੇ ਹੇਠ ਲਿਖੇ ਅਖਰ, ਕਿ "ਨਾਨਕ ਨੇ ਮੀਠੇ ਰੋਠੜੇ ਨਹੀਂ ਕੀਏ, ਹਾਂ ਮੀਠੀ ਕਲਮ ਕੀ ਪੀਵੰਦ ਹੋਗੀ, ਜਾਂ ਐਵੇਂ ਗਪੋੜਾ ਹੀ ਹੋਗਾ, ਨਾਨਕ ਜੀ ਆਪਣੀ ਮਾਨ ਪ੍ਰਤਿਸ਼ਠਾ ਚਾਹਤੇ ਥੇ, ਇਸੀ ਲੀਏ ਉਨੋਂ ਨੇ ਦੰਭ ਰਚਾ, ਜੋ ਮੂਰਖੋਂ ਕਾ ਨਾਮ ਸੰਤ ਹੋਤਾ ਹੈ, ਵੇ ਵਿਚਾਰੇ ਵੇਦੋਂ ਕੀ ਮਹਿਮਾਂ ਕਭੀ ਨਹੀਂ ਜਾਨ ਸਕਤੇ, ਸੰਸਕ੍ਰਿਤ ਪੜੇ ਲਿਖੇ ਨਹੀਂ ਥੇ, ਜਿਸ ਲੀਏ ਵੇਦ ਕੇ ਵਿਰੁਧ ਬੋਲਤੇ ਥੇ, ਜੋ ਨਾਨਕ ਜੀ ਵੇਦੋਂ ਕਾ ਮਾਨ ਕਰਤੇ ਤੋ ਉਨਕਾ ਸੰਪ੍ਰਦਾਯ ਨਾ ਚਲਤਾ, ਨਾ ਵੋ ਗੁਰੂ ਬਨ ਸਕਤੇ ਥੇ" ਮੌਜੂਦ ਹਨ, ਉਤਨਾ ਚਿਰ ਆਰੀਆ ਸਮਾਜੀ ਸਿਖ ਕੌਮ ਨੂੰ ਕਦੇ ਪਿਆਰ ਦੀ ਨਜ਼ਰ ਨਾਲ ਨਹੀਂ ਵੇਖ ਸਕਦੇ। ਇਸੇ ਕਰਕੇ ਕਦੇ ਓਹ ਗੁਰਬਾਣੀ ਨੂੰ "ਕਹੀਂ ਕੀ ਈਟ ਕਹੀਂ ਕਾ ਰੋੜਾ। ਭਾਨਮਤੀ ਨੇ ਕੁੰਭਾ ਜੋੜਾ।" ਲਿਖ ਦੇਂਦੇ ਹਨ, ਕਦੇ ਏਹ ਲਿਖ ਦੇਂਦੇ ਹਨ, ਜੇਹਾ ਕਿ ਆਰੀਆ ਗਜ਼ਟ ਵਾਲੇ ਨੇ ੧੧-੧-੩੩ ਦੇ ਪਰਚੇ ਵਿਚ ਛਾਪਿਆ ਸੀ, ਕਿ ਗੁਰੂ ਸਾਹਿਬ ਆਪ ਮੁੰਡਨ ਕਰਾਤੇ ਥੇ, ਬਲਕੇ ਮੁੰਡਨ ਕਰਾਨ ਲਈ ਗੁਰੂ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਆਗਿਆ ਦਿਤੀ ਹੈ, ਕਦੇ ਭਾਈ ਪਰਮਾਂ ਨੰਦ ਵਰਗੇ ਸ਼ੋਸ਼ਾ ਛੇੜ ਦਿੰਦੇ ਹਨ, ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਾਰ ਖਾਕੇ ਹਿੰਦੂ ਲੀਡਰ ਬੀਰ ਬੈਰਾਗੀ (ਬੰਦਾ ਬਹਾਦਰ) ਪਾਸੋਂ ਨੰਦੇੜ ਜਾਕੇ ਸਹਾਇਤਾ ਮੰਗੀ ਤਾਂ ਕਾਰਜ ਰਾਸ ਹੋਇਆ।

ਇਸੀ ਤਰ੍ਹਾਂ ਮੌਕੇ ਕੁਮੌਕੇ ਜੇਹੜੇ ਆਰੀਆ ਸਮਾਜੀ ਸਿਖ ਪੰਥ ਉਤੇ ਹਮੇਸ਼ਾਂ ਚੋਟ ਕਰਦੇ ਰਹਿੰਦੇ ਹਨ, ਅਜ ਭਾਈ ਧਰਮਾਨੰਤਾ ਸਿੰਘ ਜੀ ਉਨ੍ਹਾਂ ਨੂੰ ਆਪਣੇ ਕੀਤੇ ਹੋਏ ਕਾਰਨਾਮਿਆਂ ਦੀ ਦਾਦ ਦੇਂਦੇ ਹੋਏ ਅੰਤ ਨੂੰ "ਫਲੋ ਤੇ ਫੁਲੋ" ਏਹ ਆਸ਼ੀਰਵਾਦ ਦੇਂਦੇ ਹਨ।

ਮੇਰਾ ਦਿਲ ਹੈਰਾਨ ਹੈ ਤਾਂ ਇਸ ਗਲੋਂ, ਕਿ ਇਕ ਗੁਰੂਸਿਖ ਦੇ

ਮੂੰਹੋਂ ਇਤਨੇ ਖੁਸ਼ਾਮਦ ਭਰੇ ਅਖਰ ਕਿਸਤਰ੍ਹਾਂ ਨਿਕਲੇ, ਹਾਲਾਂ ਕਿ ਆਪ ਸਭ ਕੁਝ ਜਾਣਦੇ ਹਨ, ਕਿ ਗੁਰੂ ਸਾਹਿਬਾਂ ਦੇ ਛੋਟੇ ਸਾਹਿਬਜ਼ਾਦੇ ਇਕ ਕਾਤਲਾਂ ਦੀ ਕਚਹਿਰੀ ਵਿਚ ਭੀ ਜਾਕੇ "ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ" ਬੁਲਾਉਂਦੇ ਹਨ।

ਪਰ ਇਧਰ ਆਪ ਹਨ ਜੋ ਉਸ ਵੇਲੇ ਇਕ ਐਸੇ ਲੇਖ ਲਿਖਨ ਦੀ ਕੋਸ਼ਸ਼ ਕਰਦੇ ਹਨ, ਜਿਸਨੂੰ ਵਰਤਮਾਨ ਸਭਾ ਸੁਣਕੇ ਪ੍ਰਫੁਲਤ ਹੋ ਜਾਵੇ।

ਆਪਦੇ ਅੰਤ੍ਰਗ ਸਜਣ ਸ੍ਰੀ ਮਾਨ ਗਿਆਨੀ ਸਤਿਨਾਮ ਸਿੰਘ ਜੀ ਐਡੀਟਰ ਗੁਰੂ ਨਾਨਕ ਦਰਸ਼ਨ ਨੇ ਵੀ ਆਪ ਦੇ ਲੇਖ ਦੀ ਤਾਰੀਫ਼ ਇਸ ਤਰ੍ਹਾਂ ਕੀਤੀ ਹੈ, ਕਿ ਦਸ ਹਜ਼ਾਰ ਆਦਮੀਆਂ ਦੀ ਗਿਣਤੀ ਵਿਚ ਏਹ ਲੇਖ ਪੜ੍ਹਿਆ ਗਿਆ, ਜਿਸ ਨੂੰ ਸੁਣਕੇ ਲੋਕੀਂ ਬੜੇ ਪ੍ਰਸੰਨ ਹੋਏ।

ਸ੍ਰੀ ਮਾਨ ਜੀ, ਅਸੀ ਓਹਨਾਂ ਦੀ ਪਰਸੰਨਤਾ ਤਦ ਸਮਝਦੇ, ਜੇਕਰ ਭਾਈ ਧਰਮਾਨੰਤ ਸਿੰਘ ਜੀ ਉਸ ਜਲਸੇ ਵਿਚ ਸ੍ਰੀ ਗੁਰੂ ਜੀ ਦਾ ਮੁਖ ਉਦੇਸ਼, ਨਾਮ, ਸੇਵਾ, ਉਪਕਾਰ, ਦੇਗ ਤੇਗ, ਫਤੇ, ਜਾਂ ਹੋਰ ਗੁਰਸਿਖਾਂ ਦੇ ਕਾਰਨਾਮੇ ਸੁਣਾਕੇ ਹੋਰਨਾਂ ਮਤਾਂ ਨਾਲੋਂ ਸ੍ਰੀ ਗੁਰੂ ਨਾਨਕ ਦੇਵ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਤ ਦੀ ਮਹਾਨਤਾ ਦਸਕੇ ਉਨ੍ਹਾਂ ਨੂੰ ਪ੍ਰਸੰਨ ਕਰਦੇ, ਤਾਂ ਆਪਦੀ ਸ਼ੋਭਾ ਹੋਈ ਅਸੀ ਵੀ ਮੰਨਦੇ। ਪਰ ਇਹ ਨਹੀਂ ਕੀਤਾ ਗਿਆ, ਸਗੋਂ ਆਰੀਆਂ ਦਾ ਪੁਰਾਣਾ ਖਿਆਲ ਜੇਹੜਾ ਕਿ ਓਹ ਆਪਣੇ ਪ੍ਰਚਾਰ ਵਿਚ ਸਾਧੂ ਮਹਾਤਮਾਂ ਨੂੰ ਪੂਰਣ ਰੂਪ ਪ੍ਰਤੀ ਬੰਧਕ ਸਮਝਕੇ, ਪਬਲਕ ਦੀ ਨਜ਼ਰ ਵਿਚ ਬਦਨਾਮ ਕਰਨ ਲਈ ਬਵੰਜਾ ਲਖ ਮੰਗਤਿਆਂ ਦੀ ਗਿਣਤੀ ਵਿਚ ਸ਼ਾਮਲ ਕਰਿਆ ਕਰਦੇ ਹਨ, ਇਤਨਾ ਕਰਦਿਆਂ ਹੋਇਆਂ ਫਿਰ ਵੀ ਨਿਰਮਲੇ ਤੇ ਉਦਾਸੀ ਮਹਾਤਮਾਂ ਦੀ ਮਹਤਤਾ ਨਾਲ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾ ਸਕਦੀ ਕਿਉਂਕਿ ਉਨ੍ਹਾਂ ਦੇ ਸ਼ਾਸਤ੍ਰੀਯ ਵਿਚਾਰਾਂ ਦਾ ਉਤਰ ਨਿਰਮਲੇ ਉਦਾਸੀ ਹੀ ਦੇ ਸਕਦੇ ਹਨ ਜਿਸ ਤਰਾਂ ਸਤਯਾਰਥ ਪ੍ਰਕਾਸ਼ ਦੇ ਉਤ੍ਰ ਵਿਚ ਸੰਮਤ ੧੯੪੬ ਨੂੰ ਸ੍ਰੀ ਮਾਨ ਪੰ: ਸਾਧੂ ਸਿੰਘ ਜੀ ਨੇ ਸਤਯਾਰਥ ਬਿਬੇਕ ਲਿਖਿਆ ਹੈ।

ਇਸ ਲਈ ਓਹ ਸਮਝਦੇ ਹਨ, ਕਿ ਸਿਖ ਪੰਥ ਦੇ ਪ੍ਰਚਾਰਕ ਨਿਰਮਲੇ ਸੰਤਾਂ ਦੇ ਹੁੰਦਿਆਂ ਸਾਡਾ ਉਪਦੇਸ਼ ਸਿਖਾਂ ਦੇ ਦਿਲ ਵਿਚ ਕੋਈ ਅਸਰ ਨਹੀਂ ਕਰ ਸਕਦਾ।

ਇਸ ਲਈ ਓਹ ਚਿਰ ਤੋਂ ਸੋਚ ਰਹੇ ਸਨ, ਕਿ ਕਿਸੀ ਤਰਾਂ ਨਿਰਮਲੇ ਸੰਤਾਂ ਨੂੰ ਗੁਰੂ ਘਰ ਤੋਂ ਵਿਕ ਅਲਗ ਫਿਰਕਾ ਦਸ ਕੇ ਗਿਰਾਇਆ ਜਾਏ।

ਸੋ ਉਨ੍ਹਾਂ ਦੇ ਮੁਖ ਉਦੇਸ਼ ਨੂੰ ਪੂਰਾ ਕਰਨ ਖਾਤਰ ਅਜ ਭਾਈ ਪਰਮਾਨੰਦ ਸਿੰਘ ਜੀ ਨੇ ਗੁਰੂ ਸਿਧਾਂਤ ਨੂੰ ਜਾਣੇ ਬਿਨਾ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਮਹਾਂਵਾਕਾਂ ਦਾ ਆਸਰਾ ਲੈਕੇ ਨਿਰਮਲ ਪੰਥ ਨੂੰ ਗੁਰੂ ਘਰ ਤੋਂ ਦੁਰਾਡਾ ਪ੍ਰਗਟ ਕਰਕੇ ਆਗੀਆ ਸਜਣਾਂ ਨੂੰ ਪ੍ਰਸੰਨ ਕੀਤਾ ਹੈ। ਅਤੇ ਨਿਰਮਲ ਪੰਥ ਵਿਚ ਭੂਸ਼ਣ ਰੂਪ ਪ੍ਰਸਿਧ ਸ੍ਰੀ ਮਾਨ ਪੰਡਤ ਗੁਲਾਬ ਸਿੰਘ ਜੀ ਕਰਤਾ ਮੋਖ ਪੰਥ, ਸ੍ਰੀ ਮਾਨ ਸ੍ਰੀ ਮਹੰਤ ਸਾਹਿਬ ਬਾਬਾ ਮਹਿਤਾਬ ਸਿੰਘ ਜੀ ਕਮਲੀ ਵਾਲੇ, ਸ੍ਰੀਮਾਨ ਬਾਬਾ ਖੁਦਾ ਸਿੰਘ ਜੀ ਲਾਹੌਰ, ਸ੍ਰੀ ਮਾਨ ਠਾਕੁਰ ਦਿਆਲ ਸਿੰਘ ਜੀ ਅੰਮ੍ਰਿਤਸਰ ਇਤਯਾਦਿਕ ਅਨੇਕ ਮਹਾਂਪੁਰਸ਼ ਜਿਨ੍ਹਾਂ ਅਗੇ ਮਹਾਰਾਜੇ ਵੀ ਸੇਵਾ ਲਈ ਹਥ ਜੋੜ ਖੜੇ ਹੋਣਾ ਆਪਣੇ ਧੰਨ ਭਾਗ ਸਮਝਦੇ ਸਨ। ਪਰ ਸ਼ੋਕ ਹੈ ਕਿ ਅਜ ਸਰਦਾਰ ਸਾਹਿਬ ਉਨ੍ਹਾਂ ਬਜ਼ੁਰਗਾਂ ਨੂੰ, ਭਿਕਖੂ, ਭਿਛੂ ਤੇ ਬਿਛੂ ਆਖਕੇ ਆਪਣਾ ਦਿਲ ਠੰਡਾ ਕਰਦੇ ਹਨ, ਮੈਂ ਹੈਰਾਨ ਹਾਂ ਕਿ ਏਹ ਅਖਰ ਲਿਖਣ ਜਾਂ ਬੋਲਣ ਲਗਿਆਂ ਲੇਖਕ ਜੀ ਨੂੰ ਆਪਣੀ ਪ੍ਰਤੀਨਿਧ ਸ਼੍ਰੋਮਣੀ ਕਮੇਟੀ ਦੇ ਜਾਰੀ ਕੀਤੇ ਓਹ ਐਲਾਨ ਯਾਦ ਨਹੀਂ ਰਹੇ ਸਨ, ਜਿਨ੍ਹਾਂ ਵਿਚ ਨਿਰਮਲੇ ਸੰਤਾਂ ਨੂੰ ਗੁਰੂ ਪੰਥ ਦਾ ਇਕ ਅੰਗ ਦਸਕੇ ਚੰਗੀ ਤਰ੍ਹਾਂ ਵਡਿਆਇਆ ਗਿਆ ਹੈ, ਜਾਂ ਕੀ ਗੁਰਸਿਖ ਅਖਵਾਣ ਵਾਲੇ ਲੇਖਕ ਜੀ ਨੂੰ ਸ੍ਰੀ ਗੁਰੂ ਸਾਹਿਬ ਜੀ ਦੇ ਓਹ ਵਾਕ ਯਾਦ ਨਹੀਂ ਰਹੇ ਸਨ:—

ਇਕ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

[ਸ਼ਲੋਕ ਫਰੀਦ ੧੨੯

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

[ਸ਼ਲੋਕ ਫਰੀਦ ਜੀ

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥

[ਸ਼ਲੋਕ ਭਾ ਕਬੀਰ ਜੀ

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰ ਹੋਇ ॥

[ਸਲੋਕ ਫਰੀਦ ਜੀ

ਗੁਰਮੁਖ ਸੁਖ ਫਲ ਹੈ ਮਸਕੀਣੀ ॥

[ਭਾਈ ਗੁ: ਜੀ ਵਾਰ ੪ ਪ: ੨

ਨਿਵ ਚਲੈ ਸੋ ਗੁਰੂ ਪਿਆਰਾ ॥

[ਭਾਈ ਗੁ: ਜੀ ਵਾਰ ੪ ਪ: ੫

ਇਨ੍ਹਾਂ ਵਾਕਾਂ ਨੂੰ ਰੋਜ਼ ਪੜ੍ਹਦਿਆਂ ਸੁਣਦਿਆਂ ਵੀ ਇਤਨੇ ਨਿਰਾਦਰ ਭਰੇ ਸ਼ਬਦ ਕਹਿਣ ਨੂੰ ਕਿਸਤਰ੍ਹਾਂ ਹੀਆ ਕੀਤਾ ? ਕੀਹ ਲੇਖਕ ਜੀ ਨੇ ਹਰੀਦੁਆਰ, ਪ੍ਰਯਾਗ, ਉਜੈਨ, ਆਦੀ ਸ਼ਹਿਰਾਂ ਵਿਖੇ, ਜਿਥੇ ਕਿਸੇ ਸਿਖ ਸੋਸਾਇਟੀ ਦੇ ਪਰਚਾਰਕਾਂ ਦੀ ਗੱਮਜਤਾ ਨਹੀਂ, ਓਥੇ ਗੈਰ ਭੇਖਾਂ ਦੇ ਮੁਕਾਬਲੇ ਵਿਚ ਨਿਰਮਲੇ ਸੰਤਾਂ ਨੂੰ ਸ੍ਰੀ ਗੁਰੂ ਦਸਮੇਸ਼ ਜੀ ਦੇ ਨਿਸ਼ਾਨ ਸਾਹਿਬ ਨੂੰ ਚੰਗੀ ਤਰ੍ਹਾਂ ਝੁਲਾਉਂਦਿਆਂ ਹੋਇਆਂ ਕਦੇ ਨਹੀਂ ਵੇਖਿਆ, ਜਾਂ ਕੀਹ ਆਪ ਨੇ ਅਜੇ ਤਕ ਨਹੀਂ ਸੁਣਿਆਂ ਕਿ ਏਹੋ ਨਿਰਮਲੇ ਸੰਤ ਕੋਈ ਸਮਾਂ ਸੀ ਜਦ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਤਖਤ ਤੇ ਬੈਠਕੇ ਕਥਾ ਕਰਦੇ ਹੁੰਦੇ ਸਨ ? ਜੇਹਾ ਕਿ ਪ੍ਰਸਿਧ ਹੈ ਕਿ ਸੰਮਤ ੧੯੨੫-੨੬ ਵਿਚ ਸ੍ਰੀ ਮਾਨ ਪੰਡਤ ਗੰਗਾ ਸਿੰਘ ਜੀ ਸੰ: ੧੯੨੧-੨੨ ਵਿਚ ਸ੍ਰੀ ਮਾਨ ਪੰਡਤ ਰਾਮ ਸਿੰਘ ਜੀ ੧੯੧੫-੧੬ ਵਿਚ ਸ੍ਰੀ ਮਾਨ ਪੰਡਤ ਰਣ ਸਿੰਘ ਜੀ ਕਥਾ ਕਰਦੇ ਰਹੇ ਹਨ । ਜਾਂ ਸਚ ਦਸੋ ਨਿਰਮਲ ਭੇਖ ਦੇ ਤਪ ਤੇਜ ਨੂੰ ਦੇਖਕੇ ਆਪਣੀ ਅਣਹੋਂਦ ਰੰਜਸ਼ ਨੂੰ ਦੂਰ ਕਰਨ ਲਈ ਇਨਾਂ ਅਖਰਾਂ ਤੋਂ ਬਿਨਾਂ ਹੋਰ ਕੋਈ ਸ਼ਬਦ ਹੀ ਆਪਨੂੰ ਨਹੀਂ ਮਿਲੇ, ਜਿਨਾ ਨੂੰ ਇਕ ਅਣਜਾਣ ਤੋਂ ਅਣਜਾਣ ਵੀ ਨਹੀਂ ਵਰਤ ਸਕਦਾ ।

ਕੀ ਮੈਂ ਏਹ ਸਮਝਾਂ, ਕਿ ਏਹੋ ਜੇਹੇ ਲੇਖ ਤੇ ਤਕਰੀਰਾਂ ਹੀ ਖੂਹ ਦੀ ਘਾੜੀ ਵਾਂਗ ਸਿਖ ਕੌਮ ਨੂੰ ਸਦਾ ਘਾਟੇ ਵਿਚ ਲਿਜਾ ਰਹੀਆਂ ਹਨ ।

ਸਚ ਮੁਚ ਏਹ ਗਲਾਂ ਨਾ ਹੁੰਦੀਆਂ ਤਾਂ ਅਜ ਦੂਜੀਆਂ ਕੌਮਾਂ ਵਾਂਗ ਖਾਲਸਾ ਪੰਥ ਵੀ ਲਖਾਂ ਵਿੱਚ ਨਹੀਂ ਕਰੋੜਾਂ ਦੀ ਗਿਣਤੀ ਤਕ ਪੁਜ ਜਾਂਦਾ ।

ਮੈਂ ਇਸ ਲੇਖ ਦਾ ਕਦੇ ਉਤਰ ਨਾ ਲਿਖਦਾ, ਜੇਕਰ ਕਿਸੀ ਗ਼ੈਰ ਕੌਮ ਵਾਲੇ ਵਲੋਂ ਇਹ ਸ਼ੋਸ਼ਾ ਛੇੜਿਆ ਹੁੰਦਾ ਸਮਝਦਾ, ਪਰ ਏਹ ਤਾਂ ਇਕ ਪੂਰਨ ਗੁਰਸਿਖ ਸਦਾਉਣ ਵਾਲੇ ਭਾਈ ਪਰਮਾਨੰਦ ਸਿੰਘ ਜੀ ਵਲੋਂ ਪੰਥ ਵਿਚ ਫੁਟ ਨੂੰ ਵਧਾਉਣ ।ਦਾ ਯਤਨ ਕੀਤਾ ਗਿਆ ਹੈ, ਇਸ ਲਈ ਉਨ੍ਹਾਂ ਦੇ ਲੇਖ ਦਾ ਸਾਰ ਭੂਤ ਉਤਰ ਲਿਖਦਾ ਹਾਂ ।

ਸਭ ਤੋਂ ਪਹਿਲਾਂ ਆਪ ਨੇ ਏਹ ਦਸਕੇ ਕਿ ਸ੍ਰੀਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਾਜ ਭਵਨ ਦੀ ਨੀਂਹ ਗਰੀਬੀ ਤੇ ਰਖੀ, ਬਾਦ ਸਮਾਜ ਦੀ ਰਚਨਾ ਦੇ ਨਿਯਮ ਦਸੇ ਹਨ, ਜਾਂ ਇਉਂ ਕਹੋ, ਕਿ ਗ੍ਰਿਹਸਤ ਆਸ਼੍ਰਮ ਦੇ ਵਿਸਤਾਰ ਪੂਰਵਕ ਨਿਯਮ ਗੁਰਮਤ ਅਨੁਸਾਰੀ ਆਖਕੇ ਪ੍ਰਗਟ ਕੀਤੇ ਹਨ ਹਾਲਾਂਕੇ ਜਿਨਾਂ ਵਿਚੋਂ ਕਈ ਨਿਯਮ ਗੁਰਮਤ ਤੋਂ ਕੋਹਾਂ ਦੂਰ ਹਨ।

ਜਿਸ ਤਰਾਂ ਸਮਾਜ ਰਚਨਾ ਦੇ ੬੬ ਵੇਂ ਨਿਯਮ ਵਿਚ ਆਪਨੇ ਇਉਂ ਲਿਖਿਆ ਹੈ, ਗੁਰਮਤ ਵਿਚ ਇਸਤ੍ਰੀ ਨੂੰ ਇਸਤ੍ਰੀਆਂ ਤਥਾ ਮਰਦਾਂ ਦਾ ਜਥੇ-ਦਾਰ ਜਾਂ ਮੁਖੀ ਥਾਪਣਾ ਵਿਧਾਨ ਨਹੀਂ ।

ਉਤਰ–ਇਤਿਹਾਸਾਂ ਦ੍ਵਾਰਾ ਰੋਜ਼ ਪੜ੍ਹੀ ਸੁਣੀ ਦਾ ਹੈ, ਕਿ ਮਾਈ ਭਾਗੋ, ਬੀਬੀ ਦੀਪਕੌਰ ਜੀ ਤਥਾ ਸੁੰਦ੍ਰੀ ਆਦਿਕ ਕਈ ਬੀਬੀਆਂ ਨੇ ਕਿਸ ਤਰ੍ਹਾਂ ਆਗੂ ਹੋਕੇ ਜੁਧ ਕੀਤੇ, ਤੇ ਪੰਥ ਵਿਚ ਓਹ ਕਿਤਨੀ ਉਚ ਪਦਵੀ ਵਾਲੀਆਂ ਮੰਨੀਆਂ ਗਈਆਂ ਹਨ ।

ਇਨਾਂ ਤੋਂ ਇਲਾਵਾ ਬੀਬੀ ਸਾਹਿਬ ਕੌਰ ਜੋ ਮਹਾਰਾਜਾ ਸਾਹਿਬ ਸਿੰਘ ਪਟਿਆਲਾ ਦੀ ਭੈਣ ਤੇ ਬੀਬੀ ਆਸ ਕੌਰ ਜੀ ਮਹਾਰਾਜਾ ਸਾਹਿਬ ਸਿੰਘ ਪਟਿਆਲੇ ਵਾਲੇ ਦੀ ਰਾਣੀ ਨੇ ਆਗੂ ਹੋਕੇ ਵੈਰੀਆਂ ਦੇ ਛਕੇ ਛੁੜਾਕੇ ਬੜੀ ਚੰਗੀ ਤਰਾਂ ਆਪ ਰਿਆਸਤ ਦਾ ਪ੍ਰਬੰਧ ਕੀਤਾ।

ਇਸੇ ਤਰਾਂ ਆਪਨੇ ਅਠਵੇਂ ਅੰਗ ਵਿਚ ਲਿਖਿਆ ਕਿ ਇਸਤ੍ਰੀ ਅਤੇ ਪਤੀ, ਮਾਤਾ ਪਿਤਾ ਦੀਆਂ ਰਿਸ਼ਤੇ ਦਾਰੀਆਂ ਵਲੋਂ ਅਤਿ ਸਮੀਪ ਨਾ ਹੋਵਣ, ੧੩ ਵਿਚ ਦੁਵਾਠੀ ਸਾਕ ਦਾ ਨਿਸ਼ੇਧ ਕੀਤਾ ਹੈ।

ਪਰ ਇਨਾਂ ਨਿਯਮਾਂ ਨੂੰ ਗੁਰਮਤ ਦਾ ਨਾਮ ਦੇਕੇ ਵਿਧਾਨ ਕਰਨਾ ਠੀਕ ਨਹੀਂ ਕਿਉਂਕੇ ਏਹ ਮੰਗਣੀਆਂ ਸ਼ਾਦੀਆਂ ਦੇਸਾ ਚਾਲ ਹਨ, ਜਿਸ ਤਰਾਂ ਕਈਆਂ ਦੇਸਾਂਵਿਚ ਜ਼ਨਾਨੀਆਂ ਪਤੀ ਨੂੰ ਵਿਆਹੁਣ ਜਾਂਦੀਆਂ ਹਨ, ਪਤੀ ਜ਼ਨਾਨੀਆਂ ਨੂੰ, ਹੋਰ ਸ਼ਾਹ ਪੁਰ, ਖੁਸ਼ਾਬ ਦੇ ਇਲਾਕੇ ਵਿਚ ਸਿਖਾਂ ਸੇਵਕਾਂ ਦੀਆਂ ਸ਼ਾਦੀਆਂ ਨਜ਼ਦੀਕੀ ਰਿਸ਼ਤੇਦਾਰਾਂ ਵਿਚ ਆਮ ਹੁੰਦੀਆਂ ਹਨ, ਅਤੇ ਧੰਨੀ ਪੋਠੋਹਾਰ ਜ਼ਿਲੇ ਗੁਜਰਾਤ ਵਿਚ ਦੁਵਾਠੀ ਸਾਕ ਤਾਂ ਸਗੋਂ ਗਰੀਬਾਂ ਦੀ ਲਜ ਮੰਨਿਆਂ ਜਾਂਦਾ ਹੈ।

ਭਾਵੇਂ ਸਤਿਆਰਥ ਪਰਕਾਸ਼ ਵਿਚ ਸਵਾਮੀ ਦਯਾ ਨੰਦ ਨੇ ਭੀ ਮਨੂ ਜੀ ਦੇ ਸ਼ਲੋਕ:–

ਅਸਪਿੰਡਾ ’ਚ ਯਾ ਮਾਤੁ ਰਸ ਗੋਤ੍ਰਾ ਚ ਯਾ ਪਿਤੁ: ॥
ਸਾ ਪ੍ਰਸ਼ਸਤਾ ਦ੍ਵਿਜਾਤੀ ਨਾਂ ਦਾਰ ਕਰਮਣਿ ਮੈਥੁਨੇ ॥

ਦੇ ਆਧਾਰ ਪੁਰ ਲਿਖਿਆ ਹੈ ਕਿ ਜੋ ਕੰਨਿਆਂ ਮਾਤਾ ਕੇ ਕੁਲ ਕੀ ਛੇਂ ਪੀੜੀਓਂ ਮੇਂ ਨ ਹੋ, ਔਰ ਪਿਤਾ ਕੇ ਗੋਤਰ ਕੀ ਨ ਹੋ, ਉਸ ਕੰਨਿਆਂ ਸੇ ਵਿਵਾਹ ਕਰਨਾ ਉਚਿਤ ਹੈ। ਪਰ ਵਰਤਮਾਨ ਸਿਖ ਅਰਜਨ (ਸ੍ਰੀ ਕ੍ਰਿਸ਼ਨ ਜੀ ਦੀ ਭੂਆ ਦੇ ਪੁਤਰ) ਦੀ ਸ਼ਾਦੀ ਸੁਭੱਦਰਾ (ਸ੍ਰੀ ਕ੍ਰਿਸ਼ਨ ਜੀ ਦੀ ਭੈਣ) ਨਾਲ ਹੋਈ ਸਾਹਮਣੇ ਰਖਕੇ ਗੁਰਮਤ ਵਿਚ ਵੀ ਜਾਤੀ ਆਦਿ ਦੇ ਭੇਦ ਨੂੰ ਮਿਟੌਣਾ ਹਛਾ ਸਮਝਦੇ ਹਨ।

੧੮ ਵੇਂ ਨਿਯਮ ਵਿਚ ਦਸਿਆ ਹੈ, ਕਿ ਇਸਤ੍ਰੀ ਆਪਣੇ ਪਤੀ ਦੀ ਅਰਧੰਗਣੀ ਹੈ ਦਾਸੀ ਨਹੀਂ।

ਉਤਰ—ਗੁਰਮਤ ਵਿਚ ਅਰਧੰਗਣੀ ਹੁੰਦੀ ਹੋਈ ਵੀ ਇਸਤ੍ਰੀ ਦਾਸੀ ਮੰਨੀ ਗਈ ਹੈ।

ਇਸਤ੍ਰੀ ਰੂਪ ਚੇਰੀ ਕੀ ਨਿਆਈ ॥

(ਮਲਾਰ ਮ: ੫

ਸ੍ਰੀ ਦਸਮੇਸ਼ ਜੀ ਨੇ ਵੀ ਦਸਿਆ ਹੈ ਕਿ ਪਤੀ ਦੇ ਸਾਹਮਣੇ ਇਸਤ੍ਰੀ ਆਪਣੇ ਆਪਨੂੰ ਇਂਞ ਸਮਝ:—

ਦੋਹਿਰਾ—ਨਾਰੀ ਨਰਕ ਸਰੀਰ ਹੈ ਪੁਰਖ ਬਿਨਾ ਕਿਹ ਕਾਮ ॥
ਸਦਗਤਿ ਦਾਤਾ ਪੁਰਖ ਹੈ ਅਵਰ ਨ ਦਾਤਾ ਰਾਮ ॥

[ਸੂ: ਪ੍ਰ: ਰੁ: ੩ ਅੰਕ ੪੮

ਇਸੀ ਤਰ੍ਹਾਂ ਰੁਤ ਚੋਥੀ, ਛੇਵੇਂ ਅਧਆਇ ਵਿਚ ਪਰਸੰਗ ਆਉਂਦਾ ਹੈ ਕਿ ਇਕ ਦਿਨ ਭਰੇ ਦੀਵਾਨ ਵਿਚ ਸ੍ਰੀ ਗੁਰੂ ਦਸਮੇਸ਼ ਜੀ ਨੇ ਪੁਛਿਆ ਕਿ ਇਥੇ ਐਸੀ ਵੀ ਕੋਈ ਬੀਬੀ ਹੈ ਜਿਸਨੇ ਅਜੇ ਤਕ ਆਪਣੇ ਪਤੀ ਨੂੰ ਧਿਰਕਾਰਿਆ ਨਾ ਹੋਵੇ, ਉਸ ਵੇਲੇ ਭਾਗਣ ਨਾਮ ਇਕ ਬੀਬੀ ਉਠੀ ਜਿਸਨੇ ਕਹਿਆ, ਸਤਿਗੁਰੂ ਜੀ ਆਪਣੇ ਪਤੀ ਨੂੰ ਤਾਂ ਕੀ ਕਹਿਣਾ ਸੀ, ਮੈਂ ਤਾਂ ਮਰਦ ਮਾਤਰ ਨੂੰ ਧਿਰਕਾਰ ਨਹੀਂ ਕਹਿਆ, ਹੁਣ ਸਮਝੋ ਕਿ ਜੇਹੜੀ ਇਸਤ੍ਰੀ ਮਰਦ ਮਾਤਰ ਨੂੰ ਸਤਿਕਾਰ ਯੋਗ ਵੇਖਦੀ ਹੈ, ਓਹ ਆਪਣੇ ਪਤੀ ਨੂੰ ਕਿਤਨਾ ਉਚਾ ਸਮਝਦੀ ਹੋਣੀ ਹੈ।

੧੯ਵੇਂ ਨਿਯਮ ਵਿਚ ਦਸਿਆ ਹੈ, ਕਿ ਸ਼ੁਭਗੁਣ ਹੀਣ ਪਤੀ ਨੂੰ ਗੁਰੂ ਯਾ ਪ੍ਰਮੇਸ਼ਰ ਰੂਪ ਸਮਝਣਾ ਗੁਰਮਤ ਵਿਚ ਵਿਧਾਨ ਨਹੀਂ।

ਉਤਰ—ਭਾਈ ਗੁਰਦਾਸ ਜੀ ਨੇ ਤਾਂ ਇਉਂ ਲਿਖਿਆ ਹੈ:—

ਜਿ ਪਿਰ ਘਰ ਬਹੁ ਹੰਢਣਾ ਸਤ ਰਖੇ ਨਾਰੇ ॥

ਬਾਈਵੇਂ ਨਿਯਮ ਵਿਚ ਆਪ ਲਿਖਦੇ ਹਨ ਕਿ ਸੰਤਾਨ ਦੀ ਉਤਪਤੀ ਲਈ ਕਿਸੇ ਸਾਧਨ ਅਨੁਸ਼ਟਾਨ ਦਾ ਕਰਨਾ ਅਨੁਚਤ ਹੈ।

ਉਤਰ—ਹਾਂ ਅਯੋਗ ਸਾਧਨ ਕਰਨਾ ਅਨੁਚਤ ਹੈ, ਪਰ ਯੋਗ ਅਨੁਸ਼ਟਾਨ ਸਾਧਨ ਕਰਨਾ ਕੋਈ ਅਨੁਚਤ ਨਹੀਂ, ਇਤਿਹਾਸ ਵਿਚ ਪ੍ਰਸੰਗ ਆਉਂਦਾ ਹੈ ਕਿ ਬਾਬਾ ਗੁਰਦਿਤਾ ਜੀ ਦੇ ਗ੍ਰਹਿ ਸੰਤਾਨ ਹੋਣ ਲਈ ਮਾਤਾ ਦਮੋਦਰੀ ਜੀ ਨੇ ਗੁਰੂ ਸਾਹਿਬਾਂ ਅਗੇ ਪ੍ਰਾਰਥਨਾਂ ਕੀਤੀ ਤਾਂ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੀ ਪਉੜੀ ਲਿਖਕੇ ਦਿਤੀ ਤੇ ਪੀਣ ਲਈ ਅਖਿਆ, ਮਾਤਾ ਜੀ ਨੇ ਨੂੰਹ ਨੂੰ ਦਿਤੀ, ਪਰ ਉਨਾਂ ਏਹ ਸਮਝ ਕੇ ਕਿ ਜਪੁਜੀ ਸਾਹਿਬ ਪੜਨ ਵੇਲੇ ਰੋਜ਼ ਏਹ ਪਉੜੀ ਪੜੀਦੀ ਹੈ ਇਸ ਲਈ ਪੀਣੀ ਜ਼ਰੂਰੀ ਨਾ ਸਮਝਕੇ ਆਲੇ ਉਪਰ ਰਖ ਦਿਤੀ। ਮਾਤਾ ਜੀ ਨੇ ਇਕ ਦਿਨ ਸੁਭਾਵਿਕ ਨੋਂਹ ਪਾਸੋਂ ਪੁਛਿਆ ਤਾਂ ਅਗੋਂ ਨਾ ਪੀਣ ਦਾ ਸਬਬ ਸੁਣਾ ਦਿਤਾ। ਮਾਤਾ ਜੀ ਨੇ ਆਖਿਆ ਕਿ ਹੁਣ ਪੀ ਲੈ, ਨਹੀਂ ਤਾਂ ਮਹਾਰਾਜ ਗੁਸੇ ਹੋਣਗੇ, ਫਿਰ ਕਹਿਣ ਤੇ ਪੀ ਲਿਤੀ, ਕਈ ਦਿਨਾਂ ਦੇ ਬਾਦ ਗੁਰੂ ਜੀ ਨੇ ਪੁਛਿਆ ਕਿ ਨੋਂਹ ਨੇ ਪਹਿਲੀ ਪਉੜੀ ਦੇ ਦਰਸ਼ਨ ਕਰਕੇ ਪੀ ਲੀਤੀ ਸੀ, ਮਾਤਾ ਦਮੋਦਰੀ ਜੀ ਨੇ ਸਾਰਾ ਪ੍ਰਸੰਗ ਸਚੁ ਸਚੁ ਕਹਿ ਦਿਤਾ, ਜਿਸਨੂੰ ਸੁਣਕੇ ਗੁਰੂ ਜੀ ਗੁਸੇ ਹੋਇ ਤੇ ਨਾਲ ਏਹ ਵੀ ਕਹਿ ਦਿਤਾ ਕਿ ਹੋਵਿਗਾ ਲੜਕਾ ਪਰ ਗੁਰੂ ਕੁਲ ਵਿਚ ਕਲੰਕ ਰੂਪ ਹੋਵੇਗਾ ਕਿਉਂਕਿ ਸ਼ਰਧਾ ਨਾਲ ਪਉੜੀ ਨਹੀਂ ਪੀਤੀ ਗਈ, ਅੰਤ ਨੂੰ ਫਲ ਏਹ ਹੋਇਆ ਕਿ ਧੀਰਮਲ ਜੀ ਪੈਦਾ ਹੋਏ।

ਫਿਰ ਸਮਾਂ ਪਾਕੇ ਗੁਰੂ ਜੀ ਨੇ ਸਤਿਨਾਮ ਦੀ ਪਉੜੀ ਲਿਖ ਦਿਤੀ, ਮਾਤਾ ਨੋਂਹ ਜੀ ਨੇ ਉਸ ਨੂੰ ਵਿਧੀ ਪੂਰਵਕ ਪੀਤਾ ਤਾਂ ਸ੍ਰੀ ਗੁਰੂ ਹਰਰਾਇ ਸਾਹਿਬ ਜੀ ਪ੍ਰਗਟ ਹੋਏ. ਇਸ ਤਰਾਂ ਆਦਮ ਜਟ ਨੇ ਬ੍ਰਿਧ ਅਵਸਥਾ ਵਿਚ ਕੇਵਲ ਪੁਤ੍ਰ ਦੀ ਅਭਿਲਾਖਾ ਕਰਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰ ਲਈ ਲਕੜਾਂ ਢੋਈਆਂ ਤਾਂ ਭਾਈ ਭਗਤੂ ਜੀ ਪੈਦਾ ਹੋਏ, ਮਾਤਾ ਗੰਗਾ ਜੀ ਦਾ ਆਪਣੀ ਹਥੀਂ ਮਿਸੀ ਰੋਟੀਆਂ ਪਕਾਕੇ ਭਾਈ ਬੁਢਾ ਜੀ ਪਾਸ ਨੰਗੇ ਪੈਰੀਂ ਜਾਣਾ ਏਹ ਸਭ ਸੰਤਾਨ ਲਈ ਯੋਗ ਸਾਧਨ ਹਨ।

੨੫ ਨਿਯਮ ਵਿਚ ਏਹ ਲਿਖਿਆ ਹੈ ਕਿ ਲੇ ਪਾਲਿਕ ਬਣੌਣਾ ਵਰਜਿਤ ਨਹੀਂ, ਜੇਕਰ ਉਸ ਦੇ ਮਾਤਾ ਪਿਤਾ ਸਿਖ ਹੋਵਣ!

ਪਰ ਵੇਖਣ ਵਿਚ ਆ ਰਿਹਾ ਹੈ ਕਿ ਗ਼ੈਰ ਸਿਖ ਖਿਆਲ ਵਾਲਿਆਂ ਦੇ ਪੁਤ੍ਰ ਵੀ ਜੇਹੜੇ ਸਿਖਾਂ ਦੇ ਘਰ ਪਲੇ ਪੋਸੇ ਹਨ ਪੂਰੇ ਪਰੇ ਸਿਖੀ

ਧਰਮ ਵਿਚ ਹਨ, ਉਂਞ ਵੀ ਗ਼ੈਰ ਸਿਖ ਦੇ ਪੁਤ੍ਰ ਨੂੰ ਸਿਖੀ ਧਰਮ ਵਿਚ ਲਿਆਉਣਾ ਭੂਸ਼ਣ ਰੂਪ ਹੀ ਹੈ।

੫੧ ਨਿਯਮ ਵਿਚ ਲਿਖਿਆ ਹੈ ਕਿ ਸਿਖਾਂ ਦੇ ਆਪਸ ਵਿਚ ਝਗੜੇ ਜਿਨਾਂ ਵਿਚ ਧਨ, ਭੂਮੀ, ਦਾ ਜਿਕਰ ਨਹੀਂ ਉਨ੍ਹਾਂ ਦਾ ਫੈਸਲਾ ਗੁਰੂ ਪੰਥ ਕਰੇ।

ਉਤਰ–ਜਿਥੇ ਧਨ, ਭੂਮੀ, ਦਾ ਜ਼ਿਕਰ ਨਹੀਂ ਓਹ ਝਗੜੇ ਕਾਹਦੇ? ਜੇਕਰ ਇਨਾਂ ਝਗੜਿਆਂ ਦਾ ਫੈਸਲਾ ਵੀ ਗੁਰੂ ਪੰਥ ਕਰਦਾ ਰਹੇ ਤਾਂ ਕੀ ਹਾਨੀ ਹੈ ਸਗੋਂ ਪੰਥ ਦੀ ਵਡਿਆਈ ਹੈ, ਜਿਸ ਤਰਾਂ ਟ੍ਰੀਬਯੂਨਲ ਕਚਿਹਰੀ ਪੁਜਣ ਤੋਂ ਪਹਿਲਾਂ ੨ ਜਿਨਾਂ ਦੇ ਝਗੜੇ ਘਰ ਵਿਚ ਹੀ ਨਜਿਠੇ ਗਏ ਹਨ ਓਹ ਦੋਵੇਂ ਧਿਰਾਂ ਲਾਭ ਵਿਚ ਰਹੀਆਂ ਹਨ।

੫੪ ਵੇਂ ਨਿਯਮ ਵਿਚ ਲਿਖਦੇ ਹਨ ਕਿ ਧਰਮ, ਵਿਦਿਆ, ਸਮਾਜ, ਰਾਜ ਸਭਾ, ਅਥਵਾ ਬਿਵਹਾਰ ਵਿਸ਼ੇਸ਼ ਦੇ ਮੰਡਲਾਂ ਵਿਚ ਉਹ ਆਗਿਆ ਬਲਵੰਤ ਮੁਖੀ ਕੇਵਲ ਉਸ ਸ਼ੁਭ ਗੁਣ ਸੰਪੰਨ ਸਿਖ ਨੂੰ ਬਣਾਇਆ ਜਾਵੇ ਜਿਸਦੇ ਪਿਤਾ ਪਿਤਮਾ ਤਿਨੇ ਪੀੜੀਆਂ ਤੋਂ ਸਿਖ ਚਲੇ ਆਉਂਦੇ ਹੋਣ।

ਉਤਰ–ਗੁਰੂ ਦਾ ਘਰ ਤੇ ਨਿਮਾਣਿਆਂ ਦਾ ਮਾਣ ਹੈ, ਜਿਥੇ ਦੇਵੀ ਦਾ ਭਗਤ ਇਕ ਮਨਸੁਖ ਵਰਗਾ ਭੀ ਮੁਖੀਆ ਅਸਥਾਪਨ ਹੋ ਸਕਦਾ ਹੈ, ਜਿਸ ਦੇ ਉਪਦੇਸ਼ ਦੁਆਰਾ ਸ਼ਿਵਨਾਭ ਵਰਗੇ ਰਾਜੇ ਭੀ ਗੁਰ ਸਿਖੀ ਦੇ ਭੌਰੇ ਹੋ ਗਏ, ਹੋਰ ਸ਼ਹੁ ਸੁਹਾਗਣ, ਸਜਣ ਠਗ, ਜਹਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਖੀ ਬਣਾ ਦਿਤਾ, ਸ੍ਰੀ ਗੁਰੂ ਅਮਰ ਦਾਸ ਜੀ ਨੇ ਅਨੇਕਾਂ ਨੂੰ ਮੰਜੀਆਂ ਬਖਸ਼ੀਆਂ। ਭਾਈ ਮੰਝ ਜੋ ਪਹਿਲਾਂ ਸਰਵਰ ਦਾ ਸਿਖ ਸੀ, ਜਿਸਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗਤ ਦਾ ਮੁਖੀਆ ਨੀਯਤ ਕਰਕੇ ਉਪ੍ਰੰਤ ਇਸ ਤਰਾਂ ਪਿਆਰ ਭਰੇ ਸ਼ਬਦ ਕਹੇ ( ਮੰਝ ਪਿਆਰਾ ਗੁਰੂ ਨੂੰ, ਗੁਰੂ ਮੰਝ ਪਿਆਰਾ, ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ।)

ਸੋ ਇਨ੍ਹਾਂ ਵਾਕਾਂ ਦੇ ਹੁੰਦਿਆਂ ਸੁੰਦਿਆਂ ਭਲਾ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਗੁਰਮਤ ਵਿਚ ਤ੍ਰੈ ਪੁਸ਼ਤਾਂ ਤੋਂ ਚਲੇ ਆਉਂਦੇ ਸਿਖ ਹੀ ਧਰਮ, ਵਿਦਯਾ ਆਦਿਕ ਸਮਾਜ ਦੇ ਮੁਖੀ ਅਸਥਾਪਨ ਹੋਣ?

ਇਸ ਤਰਾਂ ਗ੍ਰਿਹਸਤ ਆਸ਼ਰਮ ਦੇ ਨਿਯਮਾਂ ਵਿਚ ਬਹੁਤੀਆਂ ਮਨ ਉਕਤੀਆਂ ਨੂੰ ਗੁਰਮਤ ਦਾ ਨਾਮ ਦੇਕੇ ਪ੍ਰਗਟ ਕੀਤਾ ਹੈ, ਪਰ ਕਿਸੇ ਗ੍ਰੰਥ ਦਾ ਪ੍ਰਮਾਣ ਤਕ ਨਹੀਂ ਦਿਤਾ। ਅਗਲੇ ਹਿਸੇ ਵਿਚ ਭਾਈ ਸਾਹਿਬ ਨੇ ਕੇਵਲ ਨਿਰਮਲੇ ਸੰਤਾਂ ਨੂੰ ਗੁਰੂ ਘਰ ਤੋਂ ਅਡ ਕਰਨ ਲਈ

ਸਾਡਾ ਜ਼ੋਰ ਲਗਾ ਦਿਤਾ ਹੈ।

ਮੱਢ ਇਸ ਗੱਲ ਤੋਂ ਬੰਨਿਆਂ ਹੈ, ਕਿ ਗੁਰੂ ਪੰਥ ਵਿਚ ਕਿਸੇ ਭੀ ਤੰਦਰੁਸਤ ਆਦਮੀ ਨੂੰ ਬੇਕਾਰ ਰਹਿਣ ਦੀ ਆਗਿਆ ਨਹੀਂ, ਹਰ ਇਕ ਸਿਖ ਲਈ ਜ਼ਰੂਰੀ ਹੈ ਕਿ ਅਪਣੀ ਉਪਜੀਵਕਾ ਆਪਣੇ ਹੀ ਪ੍ਰਾਕ੍ਰਮ ਨਾਲ ਪੈਦਾ ਕਰੇ।

ਮੈਂ ਲੇਖਕ ਜੀ ਨੂੰ ਪੁਛਨਾਂ ਹਾਂ ਕਿ ਪਿਛਲੇ ਮਹਾਂਪੁਰਸ਼, ਸਿਖ ਬਜ਼ੁਰਗ ਆਪਣੀ ਆਪਣੀ ਉਪਜੀਵਕਾ ਲਈ ਸਿਵਾਏ ਗੁਰ ਸੇਵਾ ਦੇ ਹੋਰ ਕੇਹੜੀ ੨ ਕਾਰ ਕਰਦੇ ਸਨ ?

ਨਾਲੇ ਇਹ ਭੀ ਦਸੋ ਕਿ ਕੀਹ ਗੁਰਸੇਵਾ ਤੇ ਧਰਮ ਪਰਚਾਰ ਪਰੀਸ਼ਰਮ ਨਹੀਂ ਅਖ਼ਵਾਂਦੇ। ਆਪ ਸ਼ਹੀਦ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸਾਓ ਤਦ ਧਰਮ ਪਰਚਾਰ ਤੋਂ ਬਿਨਾਂ ਹੋਰ ਕੇਹੜਾ ਪਰੀਸ਼੍ਰਮ ਕਰਦੇ ਸਾਓ ?

ਫਿਰ ਆਪਣੇ ਸਿਧਾਂਤ ਨੂੰ ਸਿਧ ਕਰਨ ਲਈ ਆਪ ਗੁਰੂ ਸਾਹਿਬ ਜੀ ਦੇ ਪ੍ਰਮਾਣ ਦੇਂਦੇ ਹਨ।

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਵਾਰ ਸਾਰੰਗ ਮ: ੧

ਨਾਨਕ ਆਗੈ ਸੋ ਮਿਲੈ
ਜਿਖਟੇ ਘਾਲੇ ਦੇਇ ॥

ਵਾਰ ਆ: ਮ. ੧

ਇਨ੍ਹਾਂ ਦਾ ਅਰਥ ਜੋ ਆਪਨੇ ਕੀਤਾ ਹੈ ਸੋ ਠੀਕ ਕੀਤਾ ਹੈ, ਕਿ ਜੋ ਆਦਮੀ ਪਰੀਸ਼੍ਰਮ ਨਾਲ ਕਮਾ ਕੇ ਈਸ਼ਵਰ ਨਮਿਤ ਕੁਛ ਦਾਨ ਕਰਦਾ ਹੈ ਓਹ ਪਰਮਾਤਮਾ ਦੇ ਮਾਰਗ ਜਾਂ ਆਤਮ ਪਦ ਨੂੰ ਜਾ ਪ੍ਰਾਪਤ ਹੁੰਦਾ ਹੈ, ਪਰ ਇਸ ਦਾ ਜੋ ਭਾਵ ਆਪਦੀ ਲੇਖਣੀ ਦੁਆਰਾ ਪ੍ਰਗਟ ਹੋਇਆ ਹੈ, ਕਿ ਏਹ ਕਰਤਬ ਕਰਨ ਵਾਲਿਆਂ ਨੂੰ ਹੀ ਆਤਮ ਪਦ ਦੀ ਪਛਾਣ ਹੋ ਸਕਦੀ ਹੈ ਸੋ ਗੁਰਮਤ ਤੋਂ ਬਹੁਤ ਦੂਰ ਹੈ।

ਕਿਉਂਕਿ ਗੁਰੂ ਸਾਹਿਬ ਨੇ ਜਿਸ ਤਰਾਂ ਦਾਨ, ਉਪਕਾਰ ਤੋਂ, ਸ਼ੁਭ ਗਤੀ ਹੋਣੀ ਲਿਖੀ ਹੈ, ਉਸੇ ਤਰਾਂ ਕਿਤੇ ਕੇਵਲ ਨਾਮ ਭਗਤੀ ਤੋਂ, ਕਿਤੇ ਸਤਿਸੰਗ ਤੋਂ ਹੀ, ਕਿਤੇ ਨਿਮ੍ਰਤਾ, ਗੁਰੂ ਕ੍ਰਿਪਾ, ਗੁਰੂ ਸੇਵਾ, ਕਿਤੇ ਸੰਤ ਦਰਸ਼ਨ ਤੋਂ ਹੀ ਜੀਵ ਦੀ ਕਲਿਆਨ ਮੰਨੀ ਹੈ।

## ਕੇਵਲ ਨਾਮ ਤੋਂ ਮੁਕਤੀ

ਅਉਕਲੂ ਆਇਓਰੇ, ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀਂ ਨਾਹੀਂ, ਮਤੁ ਭਰਮਿ ਭੂਲਹੁ ਭੂਲਹੁ ॥

ਬਸੰਤ ਮ: ੫

ਕਲਿਜੁਗ ਕੀ ਸੁਣ ਸਾਧਨਾਂ, ਕਰਮ ਕਿਰਤ ਕੀ ਚਲੈ ਨਾ ਕਾਈ ।
ਬਿਨਾਂ ਭਜਨ ਭਗਵਾਨ ਕੇ, ਭਾਉ ਭਗਤ ਬਿਨ ਠੌਰ ਨ ਥਾਈਂ ।

ਭਾ: ਗੁ: ਜੀ ਵਾਰ ੧: ਪ. ੧੬

ਹਰਿ ਹਰਿ ਨਾਮੁ ਜਪੰਤਿਆ ਕਛੂ ਨ ਕਹੈ ਜਮ ਕਾਲੁ ॥
ਨਾਨਕ ਮਨ ਤਨ ਸੁਖੀ ਹੋਇ ਅੰਤੇ ਮਿਲੈ ਗੋਪਾਲ ॥

ਆ: ਮ: ੫ ਛੰ: ਸ: ੮

ਜੋ ਪ੍ਰਾਣੀ ਗੋਬਿੰਦ ਧਿਆਵੈ ॥
ਪੜਿਆ ਅਨਪੜਿਆ ਪਰਮ ਗਤਿ ਪਾਵੈ ॥

ਗ: ਮ: ੫ ਸ: ੫

ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ ॥
ਰਾਮ ਨਾਮ ਪੜਹੁ ਗਤਿ ਪਾਵਹੁ ਸਤਿ ਸੰਗਤਿ ਗੁਰ ਨਿਸਤਾਰੇ ॥

ਨਟਆ: ਮ: ੪ ਸ: ੬

ਸੋਧਤ ਸੋਧਤ ਸੋਧ ਬੀਚਾਰਾ ॥
ਬਿਨ ਹਰਿ ਭਗਤਿ ਨਹੀਂ ਛੁਟਕਾਰਾ ॥

ਰ: ਮ: ੫ ਸ: ੨੭

## ਸਤਿ ਸੰਗ ਤੋਂ ਮੁਕਤੀ

ਕਬੀਰ ਸਾਧੂ ਸੰਗ ਪਰਾਪਤੀ ਲਿਖਿਆ ਹੋਇ ਲਿਲਾਟ ॥
ਮੁਕਤਿ ਪਦਾਰਥ ਪਾਈਐ ਠਾਕ ਨ ਅਵਘਟ ਘਾਟ ॥

ਸਲੋਕ ਭ: ਕ: ਜੀ

ਗੰਗਾ ਕੇ ਸੰਗਿ ਸਲਿਤਾ ਬਿਗਰੀ । ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥ ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚ ਭਇਓ ਅਨ ਕਤਹਿ ਨ ਜਾਈ ॥ਰਹਾਉ॥ ਚੰਦਨ ਕੈ ਸੰਗਿ ਤਰਵਰ ਬਿਗਰਿਓ ਸੋ ਤਰਵਰ ਚੰਦਨੁ ਹੋਇ ਨਿਬਿਰਿਓ ॥੨॥ ਪਾਰਸਿ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨ ਹੋਇ ਨਿਬਰਿਓ ॥ ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰ ਰਾਮੈ ਹੋਇ ਨਿਬਰਿਓ ॥

ਭ: ਭ: ਕ: ਜੀ

ਮਨਸਾ ਧਾਰਿ ਜੋ ਘਰ ਤੇ ਆਵੈ ॥
ਸਾਧ ਸੰਗਿ ਜਨਮ ਮਰਣ ਮਿਟਾਵੈ ॥

ਮਾਝ ਮ: ੫ ਸ: ੨੫

ਸਾਧ ਕੈ ਸੰਗਿ ਸਭ ਕੁਲ ਉਧਾਰੈ ॥
ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥

ਗ: ਸੁ: ਮ: ੫

ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥
ਸਾਧ ਸੰਗਿ ਬਿਛੁਰਤ ਹਰਿ ਮੇਲਾ ॥

ਗ: ਸੁ: ਮ: ੫

## ਨਿਮ੍ਰਤਾ ਧਾਰਣ ਕਰਕੇ ਮੁਕਤੀ

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤਿ ਆਗੈ ਸੁਖ ਪਾਵੈ ॥

ਗ: ਸੁ: ਮ: ੫

ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਂਈ ਦੈ ਦਰਿ ਵਾੜੀਅਹਿ ॥

ਸ਼ਲੋਕ ਫ: ਜੀ ੧੬

ਰੋਸਨ ਕਾਹੂ ਸੰਗਿ ਕਰਹੁ ਆਪਨ ਆਪ ਬੀਚਾਰ ॥
ਹੋਇ ਨਿਮਾਨਾ ਜਗ ਰਹੁ ਨਾਨਕ ਨਦਰੀ ਪਾਰ ॥

ਬਾ: ਸ: ੪੪

## ਗੁਰ ਸੇਵਾ ਕਰ ਪਾਰ ਉਤਾਰਾ

ਸਤਿਗੁਰ ਕੀ ਸੇਵੈ ਲਗਿਆ ਭਉ ਜਲ ਤਰੈ ਸੰਸਾਰ ॥

ਵਾ: ਵਧੀਕ ਮ: ੪

ਦੁਤੀਆ ਦੁਰਮਤਿ ਦੂਰ ਕਰਿ ਗੁਰ ਸੇਵਾ ਕਰ ਨੀਤ ॥
ਰਾਮ ਰਤਨ ਮਨ ਤਨ ਬਸੈ ਤਜ ਕਾਮ ਕ੍ਰੋਧ ਲੋਭ ਮੀਤ ॥

ਗ ਥਿ: ਪ:੨

ਗੁਰ ਬਿਨ ਘੋਰ ਅੰਧਾਰ ਗੁਰੂ ਬਿਨ ਸਮਝ ਨ ਆਵੈ ॥
ਗੁਰ ਬਿਨ ਸੁਰਤਿ ਨ ਸਿਧਿ ਗੁਰੂ ਬਿਨ ਮੁਕਤਿ ਨ ਪਾਵੈ ॥

ਸ: ਮ: ੪

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥

ਸ੍ਰੀ ਰਾਗ ਅ: ਮ: ੧ ਸ. ੧੦

ਮਿਲੈ ਨ ਤੀਰਥ ਨਾਤਿਆ ਡਡਾਂ ਜਲ ਵਾਸੀ ॥
ਵਾਲ ਵਧਾਇਅ ਪਾਈਐ ਵੜ ਜਟਾ ਪਲਾਸੀ ॥
ਨੰਗੇ ਰਹਿਆ ਜੇ ਮਿਲੈ ਵਣ ਮਿਰਗ ਉਦਾਸੀ ॥
ਭਸਮ ਲਗਾਇ ਜੇ ਪਾਈਐ ਖਰ ਖੇਹ ਨਿਵਾਸੀ ॥
ਜੇ ਪਾਈਏ ਚੁਪ ਕੀਤਿਆਂ ਪਸੂਆਂ ਜੜ ਹਾਸੀ ॥
ਵਿਣਗੁਰ ਮੁਕਤਿ ਨ ਹੋਵਈ ਗੁਰ ਮਿਲੇ ਖਲਾਸੀ ॥

ਵਾਰ: ਭਾਈ ਗੁ: ੩੬ ਪ: ੧੪

## ਸੰਤ ਅਤੇ ਗੁਰੂ ਦਰਸ਼ਨ ਤੇ ਮੁਕਤੀ

ਸਾਧ ਕੈ ਸੰਗਿ ਨਹੀਂ ਕਿਛ ਘਾਲ ॥
ਦਰਸਨ ਭੇਟਤ ਹੋਤ ਨਿਹਾਲ ॥

ਗ: ਸੁ: ਮ: ੫

ਸੰਤ ਕਾ ਦਰਸੁ ਪੂਰਨ ਇਸਨਾਨ ॥

ਗ: ਮ: ੫

ਦਰਸਨ ਭੇਟਤ ਹੋਤ ਪੁਨੀਤਾ ਪੁਨਰਪਿ ਗਰਭ ਨ ਪਾਵਨਾ ॥

ਮਾ: ਅ: ਮ: ੫ ਸ: ੬

ਦਰਸਨ ਪਰਸਿਐ ਗੁਰੂ ਕੈ ਜਨਮ ਮਰਣ ਦੁਖ ਜਾਇ ॥

ਸ੍ਵੈ: ਮ: ੨

ਇਸ ਤਰਾਂ ਗੁਰੂ ਜੀ ਨੇ ਉਚੇ ਪਦ ਲਈ ਅਨੇਕ ਸ਼ੁਭ ਸਾਧਨ ਮੰਨੇ ਹਨ, ਘਾਲ ਖਾਇ ਕਿਛੁ ਹਥਹੁ ਦੇਇ ॥ ਇਸ ਵਾਕ ਦ੍ਵਾਰਾ ਮਹਾਰਾਜ ਜੀ ਨੇ ਕਿਤੇ ਏਹ ਭਾਵ ਨਹੀਂ ਪ੍ਰਗਟ ਕੀਤਾ, ਕਿ ਇਸ ਤੋਂ ਬਿਨਾ ਹੋਰ ਕਿਸੀ ਸਾਧਨ ਦ੍ਵਾਰਾ ਮੋਖ ਹੁੰਦੀ ਨਹੀਂ ॥

ਜਿਸ ਤਰਾਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਜਾਂਦੇ ਹੋਏ ਇਕ ਨਾਵਾਕਫ ਆਦਮੀ ਨੂੰ ਕੋਈ ਦਯਾਵਾਨ ਰਾਹ ਦਸੇ, ਕਿ ਕਰਮੋਂ ਦੀ ਡਿਉੜ੍ਹੀ, ਕਟੜੇ ਆਹਲੂਵਾਲੀਆਂ ਤੋਂ ਹੁੰਦੇ ਹੋਏ ਘੰਟੇ ਘਰ ਦੇ ਰਸਤੇ ਸ੍ਰੀ ਦਰਬਾਰ ਸਾਹਿਬ ਜੀ ਪੁਜ ਜਾਣਾ। ਦਸਣ ਵਾਲੇ ਨੇ ਏਹ ਰਾਹ ਬਿਲ ਕੁਲ ਠੀਕ ਦਸਿਆ, ਜੋ ਕੋਈ ਉਸ ਤੋਂ

ਇਲਾਵਾ ਹੋਰ ਭੀ ਇਸ ਰਾਹ ਜਾਏਗਾ, ਓਹ ਭੀ ਸ੍ਰੀ ਦਰਬਾਰ ਸਾਹਿਬ ਜੀ ਪਹੁੰਚ ਜਾਏਗਾ, ਪਰ ਉਸ ਦਾ ਏਹ ਭਾਵ ਭੀ ਕਦਾਚਿਤ ਨਹੀਂ, ਕਿ ਇਸ ਰਾਹ ਤੋਂ ਬਿਨਾ ਹੋਰ ਕਿਸੇ ਰਸਤੇ ਜਾ ਹੀ ਨਹੀਂ ਸਕੀਦਾ, ਇਸੇ ਤਰ੍ਹਾਂ ਗੁਰੂ ਸਾਹਿਬਾਂ ਨੇਂ ਹੋਰਨਾਂ ਸਾਧਨਾ ਵਾਂਗ 'ਘਾਲ ਖਾਇ ਕਿਛ ਹਥਹੁ ਦੇਇ' ਨੂੰ ਪਰਮ ਪਦਵੀ ਦਾ ਕਾਰਣ ਦਸਿਆ, ਪਰ ਸਃ ਸਾਹਿਬ ਨੇ ਗੁਰੂ ਜੀ ਦੇ ਅੰਦਰਲੇ ਭਾਵ ਨੂੰ ਨਾ ਸਮਝਕੇ ਆਪਣੇ ਮੰਤਵਧ ਸਿਧੀ ਲਈ ਵਾਕ ਦਾ ਹੋਰ ਹੀ ਭਾਵ ਦਸਿਆ ਹੈ ॥

ਅਗੇ ਲਿਖਦੇ ਹਨ ਕਿ ਸਿਖਾਂ ਵਿਚ ਭੀ ਹੋਰ ਕਈ ਮਤਾਂ ਵਾਂਗ ਐਸੇ ਲੋਗ ਮਿਲਦੇ ਹਨ ਜੋ ਆਪਣੇ ਪੁਰਸ਼ਾਰਥ ਨਾਲ ਅੰਨ ਤੇ ਧਨ ਇਕੱਠਾ ਨਹੀਂ ਕਰਦੇ, ਸਗੋਂ ਹੋਰਨਾਂ ਦੀ ਸ਼ੁਭਾ ਸ਼ੁਭ ਕਮਾਈ ਤੇ ਭਿਕਸ਼ਾ ਦੁਆਰਾ ਆਪਨਾ ਜੀਵਨ ਬਿਤੀਤ ਕਰਦੇ ਹਨ, ਇਨਾਂ ਭਿਕਸ਼ੂਆਂ ਦੀਆਂ ਜੋ ਆਪਣੇ ਆਪ ਨੂੰ ਸਾਧੂ ਆਖਦੇ ਹਨ, ਦੋ ਪ੍ਰਸਿਧ ਸ਼੍ਰੇਣੀਆਂ ਨਿਰਮਲੇ ਤੇ ਉਦਾਸੀ ਹਨ, ਜਿਨਾਂ ਦੀ ਕੋਈ ਹਸਤੀ ਨਹੀਂ, ਹਾਂ ਦੋਹਾਂ ਦਾ ਗੁਪਤ ਅਥਵਾ ਪਰਗਟ ਵਿਸ਼੍ਵਾਸ ਹੈ ਕਿ ਉਨ੍ਹਾਂ ਦੇ ਪ੍ਰਵਰਤਕ ਖ਼ੁਦ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਨਾਲ ਹੀ ਲਿਖਦੇ ਹਨ, ਕਿ ਗੁਰਮਤ ਦੇ ਮੂਲ ਸਿਧਾਂਤਾਂ ਦੀ ਇਸਥਿਤੀ ਅਰ ਸਿਧੀ ਦਾ ਆਧਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਰ ਦਸਮ ਗੁਰੂ ਜੀ ਦੀ ਬਾਣੀ ਤੇ ਹੈ। ਹੋਰ ਮੂਲ ਸਿਧਾਂਤ ਦੀ ਸਿਧੀ ਲਈ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਅਤੇ ਆਪਣੀ ਮਰਜ਼ੀ ਮੁਤਾਬਕ ਇਤਿਹਾਸ ਨੂੰ ਪ੍ਰਮਾਣੀਕ ਮੰਨਿਆਂ ਹੈ ਇਸਤੋਂ ਇਲਾਵਾ ਦਸਿਆ ਹੈ ਕਿ ਭਿਕਸ਼ੂ ਜੀਵਨ ਦੇ ਵਿਰੁਧ ਗੁਰਬਾਣੀ ਅਰ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਅਤਿ ਤੀਖਣ ਵਾਕ ਹਨ, ਫਿਰ ਕਿਸ ਤਰਾਂ ਮੰਨੀਏ ਕਿ ਸਿਖਾਂ ਵਿਚ ਭਿਕਸ਼ੂ ਸ਼੍ਰੇਣੀਆਂ ਗੁਰ ਆਗਿਆ ਨਾਲ ਪ੍ਰਚਲਤ ਹੋਈਆਂ।

ਉਤ੍ਰ–ਵਰਤ ਮਾਨ ਸਮੇ ਆਪਣੀ ਆਪਣੀ ਕੌਮ ਦੀ ਤ੍ਰਕੀ ਲਈ ਹਰ ਇਕ ਆਦਮੀ ਹਥ ਪੈਰ ਮਾਰ ਰਿਹਾ ਹੈ, ਇਥੋਂ ਤਕ ਕਿ ਜਦ ਗੌਰਮਿੰਟ ਨੇ ਅਛੂਤ ਜਾਤੀਆਂ ਨੂੰ ਹਿੰਦੂਆਂ ਨਾਲੋਂ ਅੱਡ ਕਰਨਾ ਚਾਹਿਆ, ਤਾਂ ਹਿੰਦੁਸਤਾਨ ਦੀਆਂ ਸਾਰੀਆਂ ਕੌਮਾਂ ਦੇ ਸਾਂਝੇ ਲੀਡਰ ਮਹਾਤਮਾਂ ਗਾਂਧੀ ਜੀ ਨੇ ਆਪਣੀ ਕੌਮ ਨੂੰ ਘਾਟੇ ਵਿਚ ਜਾਂਦਾ ਵੇਖਕੇ ਪ੍ਰਾਣ ਅੰਤ ਸਤਿਆਗ੍ਰਹਿ ਆਰੰਭ ਕਰ ਦਿਤਾ। ਦੂਜੀਆਂ ਕੌਮਾਂ ਦੇ ਉਲਾਂਭੇ ਵੀ ਸਹਾਰੇ, ਪਰ ਆਪਣੀ ਕੌਮ ਨੂੰ ਘਾਟੇ ਵਿਚ ਜਾਂਦਿਆਂ ਨਾਂ ਵੇਖ ਸਕੇ। ਅਖੀਰ ਗੌਰ-ਮਿੰਟ ਨੂੰ ਈਨ ਮਨਾਕੇ ਅੰਨ ਪਾਣੀ ਖਾਧਾ''

ਸੰਮਤ ੧੯੮੦-੮੧ ਵਿਚ ਆਗਰੇ, ਤੇ ਰਾਜਪੂਤਾਨੇ ਦੀਆਂ ਕਈਆਂ ਰਿਆਸਤਾਂ ਵਿਖੇ ਲਖਾਂ ਮਲਕਾਣੇ ਜਿਨਾਂ ਦੀਆਂ ਰਹੁਰੀਤਾਂ ਆਮ ਮੁਸਲਮਾਨਾਂ ਵਰਗੀਆਂ ਸਨ, ਆਰੀਯਾ ਸਮਾਜ ਨੇ ਉਨ੍ਹਾਂ ਨੂੰ ਹਿੰਦੂ ਕੌਮ ਵਿਚ ਸ਼ਾਮਲ ਕਰ ਲਿਤਾ, ਬਲਕੇ ਇਸੇ ਗਲ ਦਾ ਸਦਕਾ ਸਵਾਮੀ ਸ਼੍ਰਧਾ ਨੰਦ ਜੀ ੨੩ ਦਸੰਬਰ ਸੰਨ ੧੯੨੬ ਵਿਚ ਅਬਦੁਲ ਰਸ਼ੀਦ ਦੇ ਹਥੋਂ ਸ਼ਹੀਦ ਹੋ ਗਏ।

ਹੋਰ ਇਸੇ ਤਰਾਂ ਮਰਦੁਮ ਸ਼ੁਮਾਰੀ ਵੇਲੇ ਸਿਖਾਂ ਵਿਚ ਬੀ ਇਕ ਵੇਰਾਂ ਰੈਜ਼ੋਲੀਊਸ਼ਨ ਪਾਸ ਹੋਇਆ ਸੀ, ਅਤੇ ਗੁਰਦਵਾਰਾ ਕਾਨੂੰਨ ਅਨੁਸਾਰ ਭੀ ਜੋ ਕੋਈ ਆਦਮੀ ਗ੍ਰਹਸਤੀ ਹੋਵੇ ਜਾਂ ਫਕੀਰ, ਅਮੀਰ ਜਾਂ ਗਰੀਬ, ਕੇਸਾਧਾਰੀ ਹੋਵੇ ਜਾਂ ਸਹਿਜਧਾਰੀ, ਜੇਹੜਾ ਕਹੇ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਖ ਹਾਂ, ਓਹ ਪੂਰਨ ਗੁਰੂ ਪੰਥ ਦਾ ਅੰਗ ਮੰਨਿਆਂ ਜਾਂਦਾ ਹੈ।

ਸਚ ਮੁਚ ਜੇਕਰ ਇਸੇ ਤਰ੍ਹਾਂ ਹੈ ਤਾਂ ਕੀ ਕਿਸੀ ਨੂੰ ਏਹ ਗਲ ਪੁਛਣ ਦਾ ਹਕ ਨਹੀਂ ਕਿ ਭਾਈ ਧਰਮਾਨੰਤ ਸਿੰਘ ਜੀ ਗੁਰੂ ਮਤ ਦੇ ਪ੍ਰਚਾਰਕ ਨਿਰਮਲੇ ਸੰਤਾਂ ਨੂੰ ਗੁਰੂ ਘਰ ਤੋਂ ਦੁਰਾਡੇ ਕਰਨ ਦਾ ਕਿਉਂ ਜਤਨ ਕਰ ਰਹੇ ਹਨ?

ਮੈਂ ਤਾਂ ਕਹਾਂਗਾ ਕਿ ਏਹਾ ਜਹੇ ਮਨ ਮਰਜ਼ੀ ਕਰਨ ਵਾਲੇ ਸਿਖ ਪ੍ਰਚਾਰਕ ਹੀ ਗੁਰਵਾੜੀ ਦੀ ਤ੍ਰਕੀ ਵਿਚ ਰੁਕਾਵਟ ਸਿਧ ਹੁੰਦੇ ਚਲੇ ਆਏ ਹਨ, ਨਹੀਂ ਤਾਂ ਕੋਈ ਦਸੇ ਜੇਹੜੀ ਗੁਰੂ ਨਾਨਕ ਦੀ ਸਿਖੀ ਪੂਰਬ, ਦਖ਼ਣ, ਆਦੀ ਦੇਸ਼ਾਂ ਵਿਚ ਪ੍ਰਸਿਧ ਸੀ, ਜਿਸਦਾ ਸਬੂਤ ਇਤਹਾਸਾਂ ਵਿਚ ਪ੍ਰਤਖ ਮਿਲਦਾ ਹੈ, ਓਹ ਹੁਣ ਕਿਧਰ ਗਈ?

ਮੌਜੂਦਾ ਪ੍ਰਕਰਣ ਵਿਚ ਆਪਣੀ ਮਨ ਉਕਤੀ ਨੂੰ ਸਿਧ ਕਰਨ ਲਈ ਗੁਰਬਾਣੀ ਨੂੰ ਮੁਖ ਰਖਦਿਆਂ ਹੋਇਆਂ ਕਿਸ ਨਿਧੜਕੀ ਨਾਲ ਨਿਰਮਲੇ ਪੰਥ ਦੀ ਹਸਤੀ ਤੋਂ ਇਨਕਾਰ ਕੀਤਾ ਹੈ?

ਮੈਂ ਪੁਛਦਾ ਹਾਂ ਕਿ ਨਿਰਮਲ ਪੰਥ ਦੀ ਹਸਤੀ ਤੋਂ ਆਪ ਕਿਉਂ ਇਨਕਾਰੀ ਹੁੰਦੇ ਹੋ।

੧. ਕੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਥਾਪਨ ਕੀਤਾ ਹੋਇਆ ਨਿਰਮਲ ਪੰਥ ਨਹੀਂ?

੨. ਜੇ ਕਰ ਗੁਰੂ ਜੀ ਦਾ ਅਸਥਾਪਨ ਕੀਤਾ ਹੋਇਆ ਹੈ, ਤਾਂ ਕੀ ਗ੍ਰਿਹਸਥੀਆਂ ਵਾਂਗ ਉਪ੍ਰਾਮ ਬ੍ਰਿਤੀ ਅਤੀਤ ਮਹਾਤਮਾਂ ਉਸ ਦੇ ਅਨੁ-

ਥਾਈ ਨਹੀਂ ਹੋ ਸਕਦੇ ?

੩. ਜੇ ਆਪਦੇ ਖਿਆਲ ਅਨੁਸਾਰ ਨਹੀਂ ਹੋ ਸਕਦੇ ਤਾਂ ਇਸ ਲਈ ਕਿ ਓਹ ਭਗਵਾ ਬਸਤ੍ਰ ਪਹਿਨਦੇ ਹਨ, ਜਾਂ ਗ੍ਰਿਹਸਥ ਨੂੰ ਛਡਕੇ ਓਹ ਇਕਾਂਤ ਜ਼ਿੰਦਗੀ ਬਤੀਤ ਕਰਦੇ ਹਨ ਜਾਂ ਮਧੂਕਰੀ ਦੇ ਪਵਿਤ੍ਰ ਅੰਨ ਨਾਲ ਉਦਰ ਪੂਰਨਤਾ ਕਰਦੇ ਹਨ ?

੪. ਕੀ ਭਗਵੇ ਬਸਤ੍ਰ ਮੋਖ ਦਾ ਕਾਰਣ ਨਾ ਹੋਣ ਕਰਕੇ ਗੁਰਮਤ ਤੋਂ ਵਿਰੁਧ ਦਸਦੇ ਹੋ ?

੫. ਕੀ ਗ੍ਰੈਹਸਤ ਆਸ਼੍ਰਮ ਨੂੰ ਮੁਕਤੀ ਦਾ ਸਾਧਨ ਮੰਨਕੇ ਇਸ ਦਾ ਤਿਆਗਣਾ ਗੁਰਮਤ ਦੇ ਖਿਲਾਫ ਮੰਨ ਦੇ ਹੋ।

੬. ਕੀ ਮਧੂਕਰੀ ਦਾ ਅੰਨ ਛਕਣਾ ਗੁਰਮਤ ਤੋਂ ਵਿਰੁਧ ਹੈ ?

੭. ਜਾਂ ਕੀ ਨਿਰਮਲੇ ਸੰਤ ਸਿਵਾਏ ਗੁਰੂ ਨਾਨਕ ਤੋਂ ਆਪਣਾ ਹੋਰ ਕੋਈ ਇਸ਼ਟ ਗੁਰੂ ਮੰਨਦੇ ਹਨ ?

## (ਕ੍ਰਮ ਅਨੁਸਾਰ ਉਤਰ)

ਨਿਰਮਲ ਪੰਥ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਚਲਤ ਹੋਇਆ।

ਸੰ: ੧੫੨੬ ਕਤਕ ਪੂਰਨ ਮਾਸੀ ਨੂੰ ਬੇਦੀ ਬੰਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ।

ਮਹਾਰਾਜ ਦੀਆਂ ਬਾਲ ਲੀਲ੍ਹਾ ਅਨੇਕਾਂ ਪ੍ਰਸਿਧ ਹਨ।

ਜਦ ੧੯ ਵਰਿਆਂ ਦੇ ਹੋਏ, ਆਪਦੀ ਸ਼ਾਦੀ ਹੋ ਗਈ।

੫ ਸਾਵਣ ਸੰ: ੧੫੫੧ ਬਿ: ਨੂੰ ਆਪ ਦੇ ਬੇਟੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਹੋਇਆ।

ਅਤੇ ੧੯ ਫਗਣ ਸੰ: ੧੫੫੩ ਨੂੰ ਬਾਬਾ ਲਖਮੀ ਚੰਦ ਜੀ ਪ੍ਰਗਟ ਹੋਏ।

ਉਪ੍ਰੰਤ ਸੰਸਾਰ ਦੇ ਵਿਹਾਰ ਕਾਰਾਂ ਦੀ ਉਕੀ ਆਸ ਛਡਕੇ ਪ੍ਰਾਣੀਆਂ ਦੇ ਉਧਾਰ ਲਈ ਦੇਸਾਤ੍ਰਾਂ ਵਿਚ ਰਟਨ ਦਾ ਖਿਆਲ ਕੀਤਾ।

ਨਾਨਕ ਪ੍ਰਕਾਸ਼ ਤੇ ਜਨਮ ਸਾਖੀ ਵਿਚ ਲਿਖਿਆ ਹੈ ਕਿ ਪਹਿਲਾਂ ਆਪ ਵੇਂਈ ਨਦੀ ਵਿਚ ਇਸ਼ਨਾਨ ਕਰਨ ਗਏ, ਜਿਥੇ ਲੋਪ ਹੋਕੇ ਸਚੀ ਦਰਗਾਹ ਦੇ ਜਾ ਦਰਸ਼ਨ ਕੀਤੇ।

ਅਗੋਂ ਅਕਾਲ ਪੁਰਖ ਨੇ ਆਖਿਆ, ਕਿ ਐ ਨਾਨਕ ਨਿਰੰਕਾਰੀ ਤੁਹਾਨੂੰ ਕਲਜੁਗੀ ਜੀਵਾਂ ਦੇ ਉਧਾਰ ਲਈ ਸੰਸਾਰ ਵਿਚ ਭੇਜਿਆ ਹੈ।

ਇਸ ਲਈ ਹੋਰਨਾਂ ਵਾਂਗ ਆਪਣੀ ਮਹਤਤਾ ਨੂੰ ਨਾ ਜਣਾਕੇ ਕੇਵਲ ਮੇਰਾ ਨਾਮ ਸਤਿਨਾਮ ਸ੍ਰੀ ਵਾਹਿਗੁਰੂ ਮੰਤ੍ਰ ਜਪਾਕੇ ਭਗਤੀ ਗਿਆਨ ਦ੍ਰਿੜ੍ਹਾਓ, ਜਿਸਤੋਂ ਸੁਖੇਨ ਹੀ ਮਹਾਂਪਾਪੀ ਵੀ ਪਵਿਤ੍ਰ ਹੋਕੇ ਮੁਕਤੀ ਦੇ ਆਧਿਕਾਰੀ ਹੋ ਜਾਣ।

ਇਸਤਰਾਂ ਜਦ ਨਿਰੰਕਾਰ ਦਾ ਹੁਕਮ ਲੈਕੇ ਆਏ ਤਾਂ ਅਨੇਕਾਂ ਸੰਸਾਰੀ ਜੀਆਂ ਨੂੰ ਈਰਖਾ ਬਖੀਲੀ ਦੀ ਅਗ ਵਿਚ ਸੜਦਿਆਂ ਹੋਇਆਂ ਬਾਬੇ ਨੇ ਤਕਿਆ:-

ਬਾਬਾ ਪੈਧਾ ਸਚੁ ਖੰਡ ਨਉ ਨਿਧਿ ਨਾਮ ਗਰੀਬੀ ਪਾਈ॥
ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ॥
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰ ਦੀ ਸੁਣੀ ਲੁਕਾਈ॥

ਭਾ: ਗੁ: ਵਾਰ੍ਹੀ ੧ ਪ: ੨੪

ਇਥੋਂ ਤਕ ਕਿ ਆਪਣੇ ੨ ਮਤਾਂ ਮਤਾਤ੍ਰਾਂ ਦੇ ਅਧ੍ਯਾਸ ਵਿਚ ਪਏ ਹੋਇ ਚਾਰ ਵਰਣ ਚਾਰੋ ਆਸ਼੍ਰਮ ਇਕ ਦੂਜੇ ਤੇ ਮਹਾ ਗਿਲਾਨੀ ਕਰਦੇ ਹੋਏ ਵੇਖੇ।

ਸਚ ਮੁਚ ਜੇਕਰ ਜ਼ਰਾ ਗਹੁ ਨਾਲ ਵੇਖਿਆ ਜਾਏ ਤਾਂ ਪਤਾ ਲਗਦਾ ਹੈ ਕਿ ਰਾਗ ਦ੍ਵੈਸ਼ ਦਾ ਮੂਲ ਕਾਰਣ ਸੰਸਾਰ ਵਿਚ ਅਧਿਕ ਮਤ ਮਤਾਂਤ੍ਰ ਹੀ ਹਨ, ਯੂਰਪ ਨੂੰ ਛਡਕੇ ਕੇਵਲ ਹਿੰਦੋਸਤਾਨ ਵਿਚ ਇਤਨੇ ਮਤ ਭੇਦ ਹਨ, ਜਿਨਾਂ ਦਾ ਜਾਣਨਾ ਔਖਾ ਹੀ ਨਹੀਂ, ਬਲਕੇ ਅਸੰਭਵ ਜੇਹਾ ਪ੍ਰਤੀਤ ਹੁੰਦਾ ਹੈ।

੧੯੧੩ ਸੰਨ ਵਿਚ ਯੂਪੀ. ਦੇ ਇਕ ਸਰਕਾਰੀ ਮੁਲਾਜ਼ਮ ਹੈਡ ਕਨਸਟੇਬਲ ਸੱਯਦ ਮੁਹੰਮਦ ਤਸਦਕ ਹੁਸੈਨ ਨੇ ਇਕ ਕਿਤਾਬ "ਸਾਧੂ" ਸਾਧੂਆਂ ਦੇ ਭੇਦ ਨਾਮ ਕਰਕੇ ਸੀ. ਆਈ. ਡੀ. ਦੇ ਮੈਹਕਮੇ ਦੀ ਸਹੂਲਤ ਲਈ ਛਪਾਈ ਹੈ, ਜਿਸ ਵਿਚ ਇਕ ਇਕ ਭੇਖ ਦੇ ਅਨੇਕਾਂ ਮਤ ਭੇਦ ਲਿਖੇ ਹਨ, ਜਿਨ੍ਹਾਂ ਵਿਚ ਕੇਵਲ ਬੈਰਾਗੀਆਂ ਦੇ ੪੩ ਮਤ ਭੇਦ ਦਸੇ ਹਨ, ਫਿਰ ਇਨਾਂ ਵਿਚ ਵੀ ਕਾਠ ਦੀ ਕੰਠੀ, ਤਿਲਕ, ਆਦਕਾਂ ਦੇ ਅਲੱਗ ੨ ਕਈ ਫਰਕ ਦਸੇ ਹਨ।

ਸੋ ਇਸ ਤਰਾਂ ਓਦੋਂ ਆਪਣੇ ੨ ਮੁਖ ਉਦੇਸ਼ ਨੂੰ ਛਡਕੇ ਲੋਕੀਂ ਉਪਲੇ ੨ ਚਿਨ੍ਹਾਂ ਨਾਲ ਅਧਿਕ ਪਿਆਰ ਰਖਦੇ ਸਨ। ਜਿਸ ਲਈ ਇਕ ਇਕ ਮਜ਼ਹਬ ਵਿਚ ਅਨੇਕਾਂ ਮਤ ਭੇਦ ਪ੍ਰਗਟ ਹੋਗਏ।

ਭਈ ਗਲਾਨ ਜਗਤ ਵਿਚ ਚਾਰ ਵਰਣ ਆਸ਼ਰਮ ਉਪਾਏ ॥
ਦਸ ਨਾਮ ਸੰਨਿਆਸੀਆਂ ਜੋਗੀ ਬਾਰਹ ਪੰਥ ਚਲਾਏ ॥
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦ ਕਰਾਏ ॥
ਬ੍ਰਾਹਮਣ ਬਹੁ ਪ੍ਰਕਾਰ ਕਰ ਸ਼ਾਸਤਰ ਵੇਦ ਪੁਰਾਣ ਲੜਾਏ ॥
ਖਟ ਦਰਸ਼ਨ ਬਹੁ ਵੈਰ ਕਰ ਨਾਲ ਛਤੀਸ ਪਾਖੰਡ ਚਲਾਏ ॥
ਤੰਤ ਮੰਤ ਰਾਸਾਇਣਾ ਕਰਾਮਾਤ ਕਾਲਖ ਲਪਟਾਏ ॥
ਏਕਸ ਤੇ ਬਹੁ ਰੂਪ ਕਰ ਰੂਪ ਕਰੂਪੀ ਘਣੇ ਦਿਖਾਏ ॥
ਕਲਿ ਜੁਗ ਅੰਦਰ ਭਰਮ ਭੁਲਾਏ ॥

ਭਾ: ਗ: ਵਾ: ੧ ਪ: ੧੯

ਭਾਵ ਇਹ ਕਿ ਬ੍ਰਾਹਮਣ ਆਦੀ ਚਾਰ ਵਰਣ ਤੇ ਬ੍ਰਹਮ ਚਰਜ ਆਦੀ ਆਸ਼੍ਰਮਾਂ ਵਿਚ ਇਕ ਦੂਜੇ ਉਤੇ ਘ੍ਰਿਣਾ ਵਧ ਗਈ। ਸੰਨਿਆਸੀਆਂ ਦੇ ਦਸ ਭੇਖ ਗਿਰੀ, ਪੁਰੀ ਆਦਿ ਤੇ ਬਾਰਾਂ ਪੰਥ ਆਈ, ਪੰਥੀ, ਆਦਿ ਜੋਗੀਆਂ ਦੇ, ਸਰੇਵੜੇ ਤੇ ਜੈਨੀ, ਅਤੇ ਜੰਗਮਾਂ ਨੇ ਆਪੋ ਵਿਚ ਝਗੜੇ ਵਧਾ ਲੀਤੇ, ਬ੍ਰਾਹਮਣਾਂ ਨੇ ਵੇਦਾਂ, ਸ਼ਾਸਤ੍ਰਾਂ, ਤੇ ਪੁਰਾਣਾਂ ਦੇ ਝਗੜੇ ਪਾ ਦਿਤੇ, ਵੇਦਾਂਤ ਆਦਿ ਛੇ ਸ਼ਾਸਤ੍ਰਾਂ ਦਾ ਆਪੋ ਵਿਚ ਝਗੜਾ ਸ਼ੁਰੂ ਹੋ ਗਿਆ, ਤੇ ਹੋਰ ਕਈ ਭਾਂਤ ਪਾਖੰਡ ਪ੍ਰਚਲਤ ਹੋਗਏ, ਜੰਤ੍ਰ ਮੰਤ੍ਰ ਆਦੀ ਕਰਾਮਾਤ ਦੀ ਸਿਆਹੀ ਨਾਲ ਲਿਬੜ ਗਏ, ਇਕ ਪ੍ਰਮਾਤਮਾਂ ਦੇ ਅਨੇਕ ਰੂਪ ਦਸ ਕੇ ਐਸੇ ਭ੍ਰਮਾਂ ਵਿਚ ਭੁਲ ਗਏ, ਕਿ ਕੋਈ ਕਿਸੇ ਨੂੰ ਚੰਗਾ ਨਾ ਸਮਝੇ, ਸਗੋਂ ਆਪਣੇ ੨ ਭੇਖ ਦਾ ਪ੍ਰਭਾਵ ਦਸਣ ਲਈ ਤੇ ਦੂਜੇ ਮਤਾਂ ਦਾਂ ਖੰਡਨ ਕਰਨ ਲਈ ਲੱਗੀ ਸਿਰ ਤੋੜ ਐਸੇ ਜਤਨਾਂ ਵਿਚ ਲਗ ਗਏ ਕਿ ਪ੍ਰਮੇਸ਼੍ਵਰ ਦੇ ਅਸਲ ਮਾਰਗ ਤੇ ਸਤ ਧਰਮ ਦੇ ਉਪਦੇਸ਼ ਨੂੰ ਛਡਕੇ ਪਾਖੰਡ, ਕਪਟ, ਛਲ, ਝੂਠ ਦੋਖ੍ਹ ਇਤਿਆਦੀ ਅਧਰਮਾਂ ਵਿਚ ਪ੍ਰਵਿਰਤ ਹੋਗਏ। ਭਜਨ ਬੰਦਗੀ ਦੀ ਥਾਂ ਵਿਖਾਵਾ ਅਧਿਕ ਹੋਗਿਆ,ਸਚ ਲੋਪ ਹੋਗਿਆ, ਪਾਖੰਡ ਵਧਗਿਆ ਤਾਂ ਇਸ ਸਮੇਂ, "ਚੜਿਆ ਸੋਧਨ ਧਰਤ ਲੁਕਾਈ" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਾਣੀ ਮਾਤ ਨੂੰ ਸੰਸਾਰ ਸਮੁੰਦ੍ਰ ਤੋਂ ਪਾਰ ਕਰਨ ਲਈ ਇਕ ਨਿਰੋਲ ਨਾਮ ਭਗਤੀ ਰੂਪ ਨਿਰਮਲ ਪੰਥ (ਨਿਰਮਲ ਮਾਰਗ) ਅਸਥਾਪਨ ਕੀਤਾ, ਜਿਸ ਦ੍ਵਾਰਾ ਸੁਖੈਨ ਹੀ ਸੰਸਾਰੀ ਜੀਆਂ ਦਾ ਨਿਸਤਾਰਾ ਹੋ ਜਾਏ" ਜਿਸ ਦਾ ਭਾਵ ਸਭ ਨੂੰ ਏਹ ਵਿਸਤਾਰ ਨਾਲ ਦਸਿਆ, ਕਿ "ਅ ਸੰਸਾਰੀ ਭ੍ਰਮਾਂ ਵਿਚ ਭੁਲੇ ਹੋਏ ਜੀਵੋ ਇਸ ਕਲ ਜੁਗ ਵਿਚ ਇਕ ਅਕਾਲ ਪੁਰਖ ਪ੍ਰਮੇਸ਼੍ਵਰ ਦਾ ਨਾਮ ਸਤਿਨਾਮ

ਸ੍ਰੀ ਵਾਹਿਗੁਰੂ ਸਿਮਰਨ ਕਰੋ, ਇਸ ਤੋਂ ਸਿਵਾ ਹੋਰ ਕਰਮ ਕਾਂਡ ਆਦੀ ਜਿਤਨੇ ਸਾਧਨ ਹਨ, ਸਭ ਨਿਸਫਲ ਹਨ।''

''ਕਰਮ ਧਰਮ ਪਾਖੰਡ ਜੁ ਦੀਸਹਿ ਤਿਨ ਜਮ ਜਾਗਾਤੀ ਲੂਟਹਿ ॥
ਨਿਰ ਬਾਣ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮ੍ਰਿਤ ਜਿਤ ਛੂਟਹਿ ॥''

ਸੂਹੀ ਮ: ੫

ਇਸ ਮਹਾਂਵਾਕ ਅਨੁਸਾਰ ਕੇਵਲ ਈਸ਼੍ਵਰ ਦੀ ਭਗਤੀ ਰੂਪ ਇਕੋ ਨਿਰਮਲ ਪੰਥ ਹੀ ਕਲ ਜੁਗ ਵਿਚ ਗਿਆਨ ਦ੍ਵਾਰਾ ਮੁਕਤੀ ਦਾ ਕਾਰਣ ਦਸਿਆ।

ਸੋ ਇਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਮ ਕਾਂਡ ਆਦੀ ਟੋਇਆਂ ਟਿਬਿਆਂ ਨੂੰ ਦੂਰ ਕਰਕੇ ਪਾਖੰਡ ਆਦੀ ਉਚਾਣ ਨਿਵਾਣ ਤੋਂ ਰਹਿਤ ਇਕ ਨਿਰੋਲ ਨਾਮ ਸਿਮ੍ਰਣ ਰੂਪ ਨਿਰਮਲ ਪੰਥ ਅਸਥਾਪਨ ਕੀਤਾ।

ਇਸੇ ਉਦੇਸ਼ ਨੂੰ ਲੇਕੇ ਭਾਈ ਗੁਰਦਾਸ ਜੀਨੇ ਲਿਖਿਆ ਹੈ:—

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ ॥

ਵਾ: ੧

ਸ਼ਬਦ ਜਿਤੀ ਸਿਧ ਮੰਡਲੀ ਕੀਤੋ ਸੁ ਅਪਣਾ ਪੰਥ ਨਿਰਾਲਾ।

ਵਾਰ ੧

ਗੁਰ ਮੁਖ ਗਾਡੀ ਰਾਹ ਚਲਾਯਾ ॥

ਭਾਈ ਭਾਗੀ ਰਥੀ ਜੀ ਨੇ ਇਉ ਲਿਖਿਆ ਹੈ:—

ਬਾਬਾ ਬੇਦੀ ਨਾਇ ਕੇ ਸਚ ਖੰਡ ਮੇ ਪਹੁਤਾ ਜਾਈ ॥
ਨਿਰਮਲ ਪੰਥ ਚਲਾਇਓ ਏਕ ਬਿਬੇਕ ਭਗਤ ਦਿੜਾਈ ॥

ਜਦ ਗੁਰੂ ਜੀ ਮਕੇ ਗਏ, ਤਾਂ ਰੁਕਨ ਦੀਨ ਨੇ ਪੁਛਿਆ, ਆਪ ਦੇ ਫਿਰਕੇ ਦਾ ਨਾਂ ਕੀ ਹੈ? ਗੁਰੂ ਜੀ ਨੇ ਕਹਿਆ:—

ਕਲਿ ਜੁਗ ਨਾਨਕ ਨਿਰਮਲਾ ਪੰਥ ਚਲਾਯੇ ਆਏ ॥
ਬੇਦ ਕਤੇਬੋਂ ਬਾਹਰਾ ਜਪਦੇ ਏਕ ਖੁਦਾਏ ॥

ਇਸ ਤਰਾਂ ਜਦ ਗੁਰੂ ਜੀ ਨੇ ਸੰਸਾਰ, ਚ ਆਕੇ ਆਪਣਾ ਉਤਮ ਨਿਰਮਲ ਪੰਥ ਅਸਥਾਪਨ ਕੀਤਾ, ਤਦ ਹਜ਼ਾਰਾਂ ਲਖਾਂ ਦੀ ਗਿਣਤੀ ਵਿਚ, ਅਨੇਕਾਂ ਭ੍ਰਮਾਂ ਵਿਚ ਬਿਹਬਲ ਹੋਏ ਹੋਏ ਜਗਿਆਸੂ ਮੁਕਤੀ ਦੇ ਸੁਖੇਨ ਨਿਰਮਲ ਪੰਥ ਵਿਚ ਆਣ ਸ਼ਾਮਲ ਹੋਏ।

ਭਾਵੇਂ ਕੋਈ ਗਿਰਸਤ ਆਸ਼ਰਮ ਵਿਚ ਸੀ, ਜਾਂ ਅਤੀਤ ਬ੍ਰਿਤੀ

ਵਾਲਾ, ਅਰਥਾਤ ਜੋ ਕੋਈ ਅਧਿਕਾਰੀ, ਇਸ ਭਗਤੀ ਰੂਪ ਨਿਰਮਲ ਪੰਥ ਵਿਚ ਆਇਆ, ਸਭ ਦਾ ਸੁਖੇਨ ਹੀ ਉਧਾਰ ਹੋਗਿਆ।

ਦੁਨੀਆਂ ਵਿਚ ਜਿਤਨੀਆਂ ਕੌਮਾਂ, ਜਾਂ ਮਜ਼ਹਬ, ਫਿਰਕੇ ਪ੍ਰਸਿਧ ਨੇ ਓਹ ਸ਼ੁਰੂ ਤੋਂ ਕਿਸੀ ਨਾਮ ਪੁਰ ਨਹੀਂ ਪ੍ਰਚਲਤ ਹੋਏ ਹਾਂ ਸਮਾਂ ਪਾਕੇ ਕਈ ਕੌਮਾਂ ਆਪਣੇ ਮੁਲਕ ਦੇ ਨਾਮ ਤੇ ਹੀ ਪ੍ਰਸਿਧ ਹੋਈਆਂ, ਜਾਂ ਕਈ ਮਜ਼ਹਬ, ਤੇ ਫਿਰਕੇ ਆਪਣੇ ੨ ਮੁਖੀਨੇਤਾ ਦੇ ਨਾਮ ਤੇ, ਜਾਂ ਕਿਸੀ ਵਿਸ਼ੇਸ਼ ਕਰਮ ਤੋਂ ਪ੍ਰਸਿਧ ਹੋਏ ਨੇ, ਜਿਸ ਤਰ੍ਹਾਂ ਮੁਲਕ ਦੇ ਨਾਮ ਤੇ ਜਰਮਨੀ ਦੇ ਜਰਮਨ, ਫ੍ਰਾਂਸ ਦੇ ਫ੍ਰਾਂਸੀਸੀ, ਚੀਨ ਦੇ ਚੀਨੇ, ਮੁਲਕ ਰੂਮ ਦੇ ਰੋਮਨ, ਅਤੇ ਹਿੰਦ ਦੇ ਵਾਸੀ ਹਿੰਦੂ, ਆਰੀਯਾ ਵਰਤ ਦੇ ਨਾਮ ਤੇ ਆਰੀਯਾ ਪ੍ਰਸਿਧ ਹੋਏ।

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ
ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥

ਅਕਾਲ ਉ: ੮੬

ਅਰ ਮੁਖੀ ਨੇਤਾਓ ਦੇ ਨਾਮ ਤੇ ਕਬੀਰ ਪੰਥੀ, ਦਾਦੂ ਪੰਥੀ, ਸੇਵਾ ਪੰਥੀ (ਅਡਣ ਸ਼ਾਹੀਏ) ਸ਼ੈਵ, ਵੈਸ਼ਨਵ, ਈਸਾਈ, ਜੈਨੀ, ਆਦਿਕ ਪ੍ਰਸਿਧ ਹੋਏ ਹਨ, ਭਗਤ ਕਬੀਰ ਜੀ ਦੇ ਪੈਰੋਕਾਰ ਕਬੀਰ ਪੰਥੀ, ਮਹਾਤਮਾਂ ਦਾਦੂ ਜੀ ਦੇ ਅਨੁਯਾਈ ਦਾਦੂ ਪੰਥੀਏ, ਮਹਾਰਾਜ ਸੇਵਾ ਰਾਮ ਜੀ ਦੇ ਸੇਵਕ ਸੇਵਾ ਪੰਥੀਏ, ਸ਼ਿਵਾਂ ਦੇ ਉਪਾਸ਼ਕ ਸ਼ੈਵ, ਵਿਸ਼ਨੂੰ ਦੇ ਵੈਸ਼ਨਵ, ਈਸਾ ਮਸੀਹਦੇ ਦਸੇ ਰਾਹ ਤੇ ਚਲਣ ਵਾਲੇ ਈਸਾਈ, ਜਿਨ ਦੇ ਉਪਾਸ਼ਕ ਜੈਨੀ ਸਦਾਏ (ਵਿਸ਼ਨੂੰ ਦੇ ਬੁਧ ਅਵਤਾਰ ਦਾ ਅਤੇ ਅਰਹੰਤ ਬੋਧ ਦਾ ਨਾਮ ਜਿਨ ਹੈ) ਵਿਸ਼ੇਸ਼ ਕਰਮ ਤੋਂ ਜੈਕ੍ਰਿਸ਼ਨੀਏ, ਨਾਮਧਾਰੀਏ, ਮੁਸਲਮਾਨ, ਆਦਿਕ ਪ੍ਰਸਿਧ ਹੋਏ।

ਰਾਧੇ ਕ੍ਰਿਸ਼ਣ ਦੀ ਥਾਂ ਜੈ ਕ੍ਰਿਸ਼ਨ ਜੀ, ਕਹਿਣ ਵਾਲੇ ਜੈ ਕ੍ਰਿਸ਼ਨੀਏ, ਗੁਰਾਂ, ਦ੍ਵਾਰਾ ਨਾਮ ਲੈਕੇ ਹਿਰਦੇ ਵਿਚ ਧਾਰਨ ਕਰਨ ਵਾਲੇ ਨਾਮਧਾਰੀਏ ਪ੍ਰਗਟ ਹੋਏ, ਇਨਾਂ ਵਿਚ ਗੁਰੂ ਸ਼ਬਦ ਪੜਦਿਆਂ ਹੋਇਆਂ ਕਈ ਸਰੀਰ, ਮਸਤੀ ਵਿਚ ਆਕੇ ਮੂੰਹੋਂ ਇਕ ਵਿਲਖਣ ਉਚੀ ਜਹੀ ਆਵਾਜ ਕਢਦੇ ਹਨ, ਜਿਸ ਨੂੰ ਕਈ ਕੂੰਕੇ ਕਰਕੇ ਪੁਕਾਰ ਦੇ ਹਨ, ਜਿਸ ਲਈ ਇਨਾਂ ਦੀ ਸੰਪ੍ਰਦਾ ਦਾ ਨਾਮ ਕੂਕੇ ਸਿਖ ਵੀ ਪ੍ਰਸਿਧ ਹੈ, ਪਰ ਹੁਣ ਇਸ ਨਾਮ ਨੂੰ ਨਾ ਪਸੰਦ ਕਰਦੇ ਹੋਏ ਨਾਮ ਧਾਰੀਏ ਸਦਾਉਣਾ ਪਸੰਦ ਕਰਦੇ ਹਨ।

ਮੁਹੰਮਦ ਸਾਹਿਬ ਦੇ ਚਲਾਏ ਹੋਏ ਦੀਨ ਦਾ ਨਾਮ ਇਸਲਾਮ ਹੈ।

ਇਸਲਾਮ, ਅਰਬੀ ਲਫ਼ਜ਼ ਹੈ ਜਿਸਦਾ ਅਰਥ ਹੈ ਖੁਦਾ ਅਗੇ ਗਰਦਨ ਝੁਕਾਉਣੀ ਤੇ ਉਸ ਦੇ ਹੁਕਮ ਨੂੰ ਮੰਨਣਾ, ਇਸ ਪੁਰ ਚਲਣ ਵਾਲਿਆਂ ਦਾ ਨਾਮ ਮੁਸਲਮਾਨ ਜਾਂ ਮੁਸਲਮੀਨ ਪ੍ਰਸਿਧ ਹੋਇਆ।

ਇਸੇ ਤਰਾਂ ਬਾਬੇ ਨਾਨਕ ਜੀ ਦੇ ਚਲਾਏ ਹੋਏ ਭਗਤੀ ਰੂਪ ਨਿਰਮਲ ਪੰਥ ਦੇ ਨਾਲ ਪਿਆਰ ਕਰਨ ਵਾਲੇ ਜਗਿਆਸੂ "ਨਾਮਿ ਰਤੇ ਸੇ ਨਿਰਮਲੇ" "ਸਬਦ ਰਤੇ ਸੇ ਨਿਰਮਲੇ" ਵਾਕ ਅਨੁਸਾਰ ਗ੍ਰੈਹਸਤੀ ਜਾਂ ਅਤੀਤ ਸਭ ਨਿਰਮਲੇ ਜਾਂ ਨਿਰਮਲ ਪੰਥੀ ਨਾਮ ਕਰਕੇ ਪ੍ਰਸਿਧ ਹਏ।

ਭਾਈ ਧਰਮਾਨੰਤ ਸਿੰਘ ਜੀ ਦੇ ਖਿਆਲ ਮੁਤਾਬਕ ਕੇਵਲ ਗ੍ਰਿਹਸਥੀ ਹੀ ਨਹੀਂ ਨਿਰਮਲ ਪੰਥ ਵਿਚ ਪ੍ਰਵਿਰਤ ਹੋਏ, ਬਲਕੇ "ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਝਾ" ਅਨੁਸਾਰ ਹਰ ਇਕ ਆਦਮੀ ਪ੍ਰਵਿਰਤ ਹੋਇਆ।

ਕਿਉਂਕਿ ਗੁਰੂ ਜੀ ਨੇ ਕੇਵਲ ਗ੍ਰਿਹਸਥੀਆਂ ਲਈ ਹੀ ਨਹੀਂ ਐਲਾਨ ਕੀਤਾ ਬਲਕੇ ਹਰ ਇਕ ਜਿਗਆਸੂ, ਗ੍ਰੈਹੀ ਹੋਵੇ ਜਾਂ ਅਤੀਤ ਬ੍ਰਿਤੀ, ਸਭ ਨੂੰ ਸਦਾ ਦਿਤਾ।

ਜੋ ਸਰਣਿ ਆਵੈ ਤਿਸ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

ਬਿ: ਮ: ੫

ਜੋ ਇਹੁ ਮੰਤ੍ਰ ਕਮਾਵੈ ਨਾਨਕ ਸੋ ਭਉਜਲ ਪਾਰ ਉਤਾਰੀ ॥

ਆਸਾ ਮਹਲਾ ੫

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰ ਸਿਖ ਗੁਰੂ ਮਨਿ ਭਾਵੈ ॥

ਗ: ਵਾ: ਮ: ੪ ਸ: ੧੧

ਜਨ ਨਾਨਕੁ ਬੋਲੈ ਬ੍ਰਹਮ ਬੀਚਾਰੁ ॥
ਜੋ ਸੁਣੈ ਕਮਾਵੈ ਸੁ ਉਤਰੈ ਪਾਰਿ ॥

ਆਸਾ ਮਹਲ ੫

ਬੀਜ ਮੰਤ੍ਰ ਸਰਬ ਕੋ ਗਿਆਨੁ ॥
ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥
ਜੋ ਜੋ ਜਪੈ ਤਿਸ ਕੀ ਗਤਿ ਹੋਇ ॥
ਸਾਧ ਸੰਗਿ ਪਾਵੈ ਜਨੁ ਕੋਇ ॥

ਗਾ: ਸੁ: ਮ: ੫ ਅ: ੬

ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾਕੇ ਦੂਖ ਬਿਦਾਰੇ ॥

ਮਲਾਰ ਮ: ੫

ਇਸ ਤਰ੍ਹਾਂ ਉਪ੍ਰਾਮ ਬ੍ਰਿਤੀ ਮਹਾਤਮਾਂ ਨਿਰਮਲ ਪੰਥ ਦੇ ਅਨੁਯਾਈ ਹੋਏ, ਜਿਹਾ ਕਿ ਭਾਈ ਲਖੂ ਜੀ ਭਾਈ ਝੰਡਾ ਜੀ ਆਦਿਕਾਂ ਦੇ ਨਾਮ ਪ੍ਰਸਿਧ ਹਨ ਜਿਨ੍ਹਾਂ ਬਾਰੇ ਗੁਰੂ ਜੀ ਨੇ ਭਾਈ ਬੁਧੂ ਜੀ ਨੂੰ ਇਥੋਂ ਤਕ ਕਹਿ ਦਿਤਾ ਕਿ ਅਸਾਡੀ ਪ੍ਰਤਗਿਆ ਭਗਤ ਛੁਡਾ ਸਕਦੇ ਹਨ ਪਰ ਉਨ੍ਹਾਂ ਦੀ ਕੀਤੀ ਹੋਈ ਅਸੀ ਨਹੀਂ ਹਟਾ ਸਕਦੇ ।

ਇਤਹਾਸਾਂ ਵਿਚ ਰੋਜ਼ ਇਨਾਂ ਪ੍ਰਸੰਗਾਂ ਨੂੰ ਪੜ੍ਹ ਸੁਣ ਕ ਵੀ ਭਾਈ ਧਰਮਾਨੰਤ ਸਿੰਘ ਜੀ ਅਤੀਤ ਮਹਾਤਮਾਂ ਪੁਰ ਗਿਲਾਨੀ ਕਰਦੇ ਹੋਏ ਲਿਖਦੇ ਹਨ ਕਿ ਗੁਰਮਤ ਵਿਚ ਕਿਧਰੇ ਨਹੀਂ ਲਿਖਿਆ ਕਿ ਕੋਈ ਅਪਨਾ ਜੀਵਨ ਅਰਥ ਹੀਨ ਭ੍ਰਮਾਪਣ ਵਿਚ ਬਤੀਤ ਕਰਨ ਅਤੇ ਅਪਣੇ ਬਾਹੂ ਬਲ ਦੀ ਕਮਾਈ ਤੋਂ ਸੁਖ ਪ੍ਰਚਾਣ ਦੀ ਥਾਂ ਆਪਣੇ ਪੇਟ ਭਰਨ ਲਈ ਭੀ ਦਰ ਬਦਰ ਟੁਕੜੇ ਮੰਗਦੇ ਫਿਰਨ।

ਜ਼ਰਾ ਸ: ਸਾਹਿਬ ਭਾਈ ਲਖੂ ਜੀ ਦੇ ਪ੍ਰਸੰਗ ਨੂੰ ਗਹੁ ਨਾਲ ਪੜ੍ਹਨ ਕਿ ਕਿਸ ਤਰਾਂ ਭਾਈ ਬੁਧੂ ਜੀ ਦ ਦਰਵਾਜ਼ਾ ਮਾਰਨ ਤੋਂ ਬਾਦ ਭਾਈ ਲਖੂ ਜੀ ਪ੍ਰਸਾਦ ਲਈ ਪਹੁੰਚ। ਏਹ ਆਵਾਜ਼ ਦਿਤੀ, ਭਾਈ ਸਾਹਿਬ ਬੂਹਾ ਖੋਲੋ, ਪਰ ਭਾਈ ਬੁਧੂ ਜੀ ਨੇ ਇਕ ਸਾਧਾਰਣ ਸਿਖ ਸਮਝ ਕੇ ਬੂਹਾ ਨਾ ਖੋਲਿਆ, ਸਿਖਾਂ ਅੰਦਰ ਅਰਦਾਸ ਵੀ ਹੋਂਗੀ ਕੀਤੀ ਪਰ ਭਾਈ ਲਖੂ ਜੀ ਨੇ ਸ੍ਰਾਪ ਦੇ ਦਿਤਾ ਜਿਸ ਨੂੰ ਸੁਣ ਕੇ ਗੁਰੂ ਜੀ ਨੇ ਪ੍ਰਵਾਨ ਕੀਤਾ ਤੇ ਏਹ ਨਾ ਆਖਿਆ ਕਿ ਭਾਈ ਲਖੂ ਜੀ ਬਿਨ ਬੁਲਾਏ ਆਪੇ ਕਿਉਂ ਚਲੇ ਗਏ, ਬਲਕੇ ਮਧੂਕਰੀ ਦਾ ਅਨ ਲੈਣਾ ਅਤੀਤ ਬ੍ਰਿਤੀ ਮਹਾਤਮਾ 'ਲਈ ਯੋਗ ਦਸਿਆ।

ਪੂਰਵ ਉਕਤ ਵਿਚਾਰਤੋਂ ਏਹ ਸਿਧ ਹੁੰਦਾ ਹੈ, ਕਿ ਨਿਰਮਲ ਪੰਥ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਚਲਤ ਹੋਯਾ ਤੇ ਗ੍ਰਹਸਥੀਆਂ ਵਾਂਗ ਉਪ੍ਰਾਮ ਬ੍ਰਿਤੀ ਮਹਾਤਮਾਂ ਵੀ ਇਸ ਦੇ ਅਨੁਯਾਈ ਹੁੰਦੇ ਚਲੇ ਆਏ ਹਨ।

ਅਗੇ ਭਾ: ਧਰਮਾਨੰਤ ਸਿੰਘ ਜੀ ਨੇ ਭਗਵੇ ਬਸਤ੍ਰਾਂ ਦਾ ਪਹਿਨਣਾ ਗੁਰਮਤ ਤੋਂ ਵਿਰੁਧ ਦਸਿਆ ਹੈ ਅਤੇ ਅਪਣੇ ਮੰਤਵ ਦੀ ਸਿਧੀ ਲਈ ਹੇਠ ਲਿਖੇ ਗੁਰੂ ਪ੍ਰਮਾਣ ਦਿਤੇ ਹਨ।

ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣ ਸਤਿਗਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥

ਵਾ: ਮਲਾਰ ਮ: ੫

ਅਨਿਕ ਸ੍ਵਾਂਗ ਕਾਛੇ ਭੇਖ ਧਾਰੀ ॥

ਕਾਨੜਾ ਮ: ੫

ਭਗਵੈ ਵੇਸਿ ਭ੍ਰਮ ਮੁਕਤਿ ਨ ਹੋਇ ॥

ਬ: ਮ: ੩

ਜੋਗੀ ਹੋਵਾ ਜਗ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰ ਦੇਉ ॥

ਵਾਰ ਮਾਰੂ ਮਹਲਾ ੧

ਮਨਮੁਖ ਲਹਿਰ ਘਰੁ ਤਜਿ ਵਿਗੂਚੈ ਅਵਰਾਕੇ ਘਰ ਹੇਰੈ ॥
ਗ੍ਰਿਹ ਧਰਮ ਗਵਾਏ ਸਤਿ ਗੁਰ ਨ ਭੇਟੈ ਦੁਰ ਮਤਿ ਘੂਮਨ ਘੇਰੈ ॥
ਦਿਸੰਤਰ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁਨ ਚੀਨੈ ਉਦਰ ਭਰੈ ਜੈਸੇ ਢੋਰੈ ॥

ਮਾਰੂ ਮਹਲਾ ੧

ਘੋਲੀ ਗੇਰੂ ਰੰਗ ਚੜਾਇਆ ਵਸਤ੍ਰ ਭੇਖ ਭੇਖਾਰੀ ।
ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆ ਧਾਰੀ ॥
ਘਰਿ ਘਰਿ ਮਾਗੈ ਜਗੁ ਪਰ ਬੋਧੈ ਮਨਿ ਅੰਧੈ ਪਤਿ ਹਾਰੀ ॥

ਮਾਰੂ ਮਹਲਾ ੧

ਛਾਨੀ ਖਾਕੂ ਬਿਭੂਤ ਚੜਾਈ ਮਾਇਆ ਕਾ ਮਗ ਜੋਹੈ ॥

ਮਾਰੂ ਮਹਲਾ ੧

ਮੂੰਡ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥

ਮਾਰੂ ਮਹਲਾ ੧

ਇਕ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥

ਵਾਰ ਮਲਾਰ

ਏਹਨਾਂ ਗੁਰੂ ਵਾਕਾਂ ਨੂੰ ਸਨਮੁਖ ਰਖਕੇ ਨਾਲ ਆਪਣਾ ਭਾਵ ਪ੍ਰਗਟ ਕੀਤਾ ਹੈ, ਕਿ ਗੁਰੂ ਜੀ ਦਾ ਏਹ ਆਸ਼ਾ ਬਿਲਕੁਲ ਨਹੀਂ ਸੀ, ਕਿ ਮੇਰੇ ਸਿਖ ਗ੍ਰਿਹਸਤ ਨੂੰ ਛਡਕੇ ਅਤੀਤ ਭੇਖ, ਭਗਵੇ ਕਪੜੇ ਧਾਰਨ ਕਰਕੇ ਜ਼ਿੰਦਗੀ ਬਸਰ ਕਰਨ ।

ਮੈਂ ਬੇਨਤੀ ਕਰਾਂ ਕਿ ਪੂਰਵ ਉਕਤ ਗੁਰੂ ਵਾਕਾਂ ਦੇ ਅਰਥ ਤੋਂ ਜੋ ਭਾਵ ਲੇਖਕ ਜੀ ਨੇ ਕਢਿਆ ਹੈ, ਓਹ ਬਿਲਕੁਲ ਨਿਰਮੂਲ ਹੈ, ਕਿਉਂਕਿ ਸਤਿਗੁਰੂ ਜੀ ਦਾ ਆਸ਼ਾ ਤਾਂ ਸੂਰਜ ਵਾਂਗ ਸਾਰੇ ਸੰਸਾਰ ਵਿਚ ਰੋਸ਼ਨ ਹੈ, ਅਰਥਾਤ ਪਾਖੰਡ ਮਾਤ੍ਰ ਦਾ ਨਿਸ਼ੇਧ ਕਰਕ ਜਿਥੇ ਕਿਥੇ ਕੇਵਲ ਨਾਮ ਦੀ ਪ੍ਰਧਾਨਤਾ ਦਸੀ ਹੈ, ਏਹ ਸਚ ਹੈ ਕਿ:—

"ਨਾਮ ਤੁਲ ਕਿਛੁ ਅਵਰ ਨ ਹੋਇ"

ਨਾਮ ਦੇ ਮੁਕਾਬਲੇ ਸਭ ਭੇਖ, ਪਹਿਰਾਵੇ ਅਤੇ ਕਰਮ ਕਾਂਡ ਤੁਛ ਹਨ, ਜਿਹਾ ਕਿ ਨਿਰਮਲ ਪੰਥ ਅਨੁਯਾਈ ਸਭ ਮਹਾਤਮਾਂ ਨੂੰ ਏਹ ਨਿਸਚਜ ਹੈ ਕਿ ਜਿਵੇਂ ਦੰਡ ਧਾਰੀ ਸੰਨਿਆਸੀਆਂ ਦੇ ਮਤ ਵਿਚ "ਦੰਡ ਗ੍ਰਹਣ ਮਾਤ੍ਰੇਣ ਨਰੋ ਨਾਰਾਯਣੋ ਭਵੇਤ" ਬਸ ਦੰਡ ਧਾਰਣ ਮਾਤ੍ਰ ਸੇ ਹੀ ਨਰ ਤੋਂ ਨਾਰਾਯਣ ਰੂਪ ਹੋ ਜਾਂਦਾ ਹੈ, ਉਸ ਤਰ੍ਹਾਂ ਗੁਰੂ ਮਤ ਵਿਚ ਸਿਵਾਏ ਨਾਮ ਤੋਂ ਕੋਈ ਭੇਖ ਜਾਂ ਕੇਵਲ ਕਖਾਯ ਬਸਤ੍ਰ ਧਾਰਨ ਕਰਨ ਨਾਲ ਮੁਕਤੀ ਕਦਾਚਿਤ ਨਹੀ ਹੁੰਦੀ।

ਪ੍ਰੰਤੂ ਪੂਰਵ ਉਕਤ ਗੁਰੂ ਮਹਾਂਵਾਕਾਂ ਤੋਂ ਲੇਖਕ ਜੀ ਦਾ ਮਤਲਬ ਵੀ ਨਹੀਂ ਹਲ ਹੋ ਸਕਦਾ, ਕਿਉਂਕਿ ਗੁਰੂ ਜੀ ਨੇ ਜਿਸ ਤਰ੍ਹਾਂ ਨਾਮ ਦੇ ਮੁਕਾਬਲੇ, 'ਚ ਭੇਖਾਂ ਤੇ ਭਗਵੇ ਰੰਗ ਨੂੰ ਗੌਣ ਸਮਝਿਆ ਹੈ, ਉਥੇ ਨਾਮ ਤੋਂ ਬਿਨਾਂ ਚਿਟੇ, ਨੀਲੇ, ਆਦਿਕ ਰੰਗਾਂ ਦਾ ਵੀ ਖੰਡਨ ਅਤੇ ਗ੍ਰਹਿਸਥ ਨੂੰ ਵੀ ਗੌਣ ਸਮਝਿਆ ਹੈ।

ਜੇਕਰ ਗੁਰੂ ਜੀ ਦੇ ਵਾਕਾਂ ਨੂੰ ਵਿਚਾਰੇ ਬਿਨਾਂ ਭਗਵੇ ਅਤੇ ਅਤੀਤ ਭੇਖ ਦਾ ਖੰਡਨ ਕਰੋਗੇ, ਤਾਂ ਗੁਰੂ ਜੀ ਨੇ ਏਹ ਭੀ ਨਹੀਂ ਕਹਿਆ, ਕਿ ਚਿਟੇ ਆਦਿਕ ਰੰਗਾਂ ਕਰਕੇ, ਜਾਂ ਗ੍ਰਹਿਸਥ ਵਿਚ ਰਹਿਣ ਕਰਕੇ ਮੁਕਤੀ ਹੁੰਦੀ ਹੈ।

ਮਹਾਰਾਜ ਜੀ ਨੇ ਤਾਂ ਏਹੀ ਕਹਿਆ ਹੈ, ਕਿ ਭਾਵੇਂ ਕੋਈ ਗ੍ਰਹਿਸਥੀ ਹੈ ਜਾਂ ਫਕੀਰ, ਭਗਵੇ ਪਹਿਨਦਾ ਹੈ ਜਾਂ ਸੁਫੈਦ, ਬਿਨਾਂ ਨਾਮ ਤੋਂ ਕਦੇ ਵੀ ਮੁਕਤ ਨਹੀਂ ਹੁੰਦਾ।

ਜੇਹਾ ਕਿ ਹੇਠ ਲਿਖੇ ਗੁਰੂ ਵਾਕਾਂ ਤੋਂ ਸਿਧ ਹੁੰਦਾ ਹੈ:—

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥
ਤਿਨ ਮੁਖ ਨਾਮ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥

ਸੂਹੀ ਮਃ ੧ ਘਰ ੯

ਬਗਾਂ ਬਗੇ ਕਪੜੇ ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆਂ ਖਾਵਣੇ ਬਗੇ ਨ ਕਹੀਅਨਿ ॥

ਸੂਃ ਮਃ ੧

ਉਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ ॥
ਇਕ ਸੁ ਹਰਿ ਕੈ ਨਾਮ ਬਿਨ ਬਾਧੇ ਜਮ ਪੁਰ ਜਾਹਿ ॥

ਰਾਃ ਵਾਃ ਮ. ੩

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥

ਆਸਾ ਦੀ ਵਾਰ ਮ: ੧

ਨੀਲ ਬਸਤ੍ਰ ਪਹਿਰ ਹੋਵਹਿ ਪਰਵਾਣ ॥

ਆਸਾ ਦੀ ਵਾਰ ਮ: ੧

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥
ਕਾਰਣ ਕਰਣ ਕਰੀਮ ॥
ਕਿਰਪਾ ਧਾਰ ਰਹੀਮ ॥ ੧ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰ ਨਿਵਾਏ ॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥
ਕੋਈ ਕਹੈ ਤੁਰਕ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥
ਕਹੁ ਨਾਨਕ ਜਿਨਿ ਹੁਕਮ ਪਛਾਤਾ ॥
ਪ੍ਰਭ ਸਾਹਿਬ ਕਾ ਤਿਨ ਭੇਦ ਜਾਤਾ ॥

ਰਾਮਕਲੀ ਮ: ੫

ਸੁ ਇਨ੍ਹਾਂ ਮਹਾਂਵਾਕਾਂ ਪੁਰ ਸਚੇ ਦਿਲ ਨਾਲ ਜੇਕਰ ਵਿਚਾਰ ਕਰੀਏ, ਤਾਂ ਮੰਨਣਾਂ ਪੈਂਦਾ ਹੈ ਕਿ ਗੁਰੂ ਸਾਹਿਬਾਂ ਦਾ ਕਿਸੇ ਵਿਸ਼ੇਸ਼ ਰੰਗੀਨ ਬਸਤ੍ਰਾਂ ਨਾਲ ਕੋਈ ਪਿਆਰ ਨਹੀਂ, ਅਤੇ ਨਾਹੀਂ ਕਿਸੀ ਪੁਰ ਨਫਰਤ ਹੈ, ਜੇਕਰ:—

ਜੋਗ ਨ ਭਗਵੀ ਕਪੜੀ ਜੋਗ ਨ ਮੈਲੇ ਵੇਸੁ ॥

ਇਨ੍ਹਾਂ ਵਾਕਾਂ ਨੂੰ ਮੁਖ ਰਖਕੇ ਭਗਵਿਆਂ ਤੇ ਗਿਲਾਨੀ ਕਰਾਂਗੇ, ਤਾਂ:—

ਨੀਲ ਬਸਤ੍ਰ ਲੈ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ ਜਾਂ—
ਨੀਲ ਬਸਤ੍ਰ ਲੇ ਕਪੜੇ ਫਾਰੇ ਤੁਰਕ ਪਠਾਣੀ ਅਮਲ ਗਇਆ ॥

ਵਾਕ ਅਨੁਸਾਰ ਨਿਹੰਗ ਸਿੰਘਾਂ ਦੇ ਨੀਲੇ ਬਾਣੇ ਵੀ ਸਾਨੂੰ ਓਪਰੇ ਲਗਨਗੇ, ਅਤੇ:—

ਚਿਟੇ ਜਿਨਕੇ ਕਪੜੇ ਮੈਲੇ ਚਿਤ ਕਠੋਰ ਜੀਉ ॥

ਦੇ ਅਨੁਸਾਰ ਸਭ ਨੂੰ ਚਿਟੇ ਕਪੜੇ ਵੀ ਉਤਾਰਨੇ ਪੈਣਗੇ ।

ਇਸ ਲਈ ਆਓ ਜ਼ਰਾ ਗੁਰੂ ਸਾਹਿਬਾਂ ਦੇ ਸਿਧਾਂਤ ਨੂੰ ਵਿਚਾਰ ਕਰਕੇ ਦੇਖੀਏ, ਜਿਨਾਂ ਨਾਮ ਦੇ ਮੁਕਾਬਲੇ ਵਿਚ ਉਪਰਲੇ ਹਰ ਇਕ ਚਿੰਨ੍ਹ ਨੂੰ ਇਕੋ ਜੇਹਾ ਹੇਚ ਦਸਿਆ ਹੈ।

ਜਦ ਗੁਰੂ ਜੀ ਦਾ ਭਗਵਿਆਂ ਬਸਤ੍ਰਾਂ ਨਾਲ ਕੋਈ ਖਾਸ ਦੁਪਿਆਰ ਨਹੀਂ ਤਾਂ ਭਾ: ਧਰਮਾਨੰਤ ਸਿੰਘ ਜੀ ਆਪ ਨਿਰਮਲੇ ਸੰਤਾਂ ਨੂੰ ਕਿਸ ਤਰ੍ਹਾਂ ਕਹਿ ਸਕਦੇ ਹੋ, ਕਿ ਓਹ ਗੁਰੂ ਆਸ਼ੇ ਤੋਂ ਉਲਟ ਜਾ ਰਹੇ ਹਨ।

ਜੇ ਆਪ ਨੂੰ ਏਹ ਖਿਆਲ ਹੋਵੇ, ਕਿ ਗੁਰੂ ਸਾਹਿਬ ਦਾ ਸਿਧਾਂਤ ਹੈ ਕਿ ਅਤੀਤ ਬ੍ਰਿਤੀ ਵਿਚ ਭਰਮਣ ਨਾਲ ਮੁਕਤੀ ਨਹੀਂ ਹੁੰਦੀ, ਤਾਂ ਗੁਰੂ ਜੀ ਦਾ ਏਹ ਵੀ ਸਿਧਾਂਤ ਹੈ, ਕਿ ਕੇਵਲ ਗ੍ਰੈਹਸਥ ਧਾਰਨ ਤੋਂ ਵੀ ਮੁਕਤੀ ਨਹੀਂ ਹੁੰਦੀ। ਜੇਹਾ ਕਿ ਹੇਠ ਲਿਖੇ ਗੁਰਵਾਕਾਂ ਤੋਂ ਪਤਾ ਲਗਦਾ ਹੈ।

ਗ੍ਰਿਹਰਚਨਾ ਅਪਾਰੰ ਮਨ ਬਿਲਾਸ ਸੁਆਦੰ ਰਸਹ ॥
ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ ॥
ਜੈ: ਵਾ ਮ: ੫ ਸ: ੬

ਜਾਕਉ ਚਿੰਤਾ ਬਹੁਤ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥
ਸਿਰੀ ਰਾਗ ਮ: ੫

ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥
ਹੋਨੁ ਨ ਪਾਈਐ ਰਾਮ ਕੇ ਦਾਸਾ ॥
ਰਾ: ਗੁ: ਮ: ੫

ਘਰ ਘੁੰਮਣ ਵਾਣੀ ਭਾਈ ॥
ਪਾਪ ਪਥਰ ਤਰਣੁ ਨ ਜਾਈ ॥
[ਮਾਰੂ ਮ: ੧

ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥
[ਆ: ਮ: ੫

ਗ੍ਰਿਹ ਮਹਿ ਗ੍ਰਿਹਸਤੀ ਹੁਇ ਪਾਯੋ ਨ ਸਹਜ ਘਰ
ਬਨ ਬਨਵਾਸ ਨ ਉਦਾਸ ਫਲ ਪਾਯੋ ਹੈ ॥
[ਭਾ: ਗੁ: ਜੀ ਕਬਿਤ ੩੦

ਪੁਤਿ ਕੁਟੰਬ ਗ੍ਰਿਹਿ ਮੋਹਿਆ ਮਾਇ ॥
ਮਨਮੁਖ ਅੰਧਾ ਆਵੈ ਜਾਇ ॥
[ਗਉੜੀ ਮ: ਤੁ:

ਪੁਤ੍ਰ ਕਲਤ੍ਰ ਕੁਟੰਬ ਮੈ ਮਾਇਆ ਮੋਹ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥
[ਵਾਰਾਂ ਤੇ ਵਧੀਕ ਮ: ੪

ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ ॥
ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ ॥
[ਸ: ਭ: ਕ: ੨੨੬

ਬੰਧਨ ਮਾਤ ਪਿਤਾ ਸੁਤ ਬਨਿਤਾ ॥
ਬੰਧਨ ਕਰਮ ਧਰਮ ਹਉ ਕਰਤਾ ॥
ਬੰਧਨ ਕਾਟਨ ਹਾਰੁ ਮਨਿ ਵਸੈ ॥
ਤਉ ਸੁਖੁ ਪਾਵੈ ਨਿਜ ਘਰਿ ਬਸੈ ॥
[ਭੈ: ਮ: ੫

ਬੰਧਨ ਮਾਤ ਪਿਤਾ ਸੰਸਾਰਿ ॥
ਬੰਧਨ ਸੁਤ ਕੰਨਿਆ ਅਰੁ ਨਾਰਿ ॥
[ਆਸਾ ਮ: ੧

ਗ੍ਰਿਹ ਅੰਧ ਕੂਪਾਇਆ ॥
ਪਾਵਕ ਸਗਰਾਇਆ ॥
[ਸੂਹੀ ਮਹਲਾ ੫

ਪੁਤ੍ਰ ਕਲਤ੍ਰ ਲਛਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥
ਕਹਤ ਕਬੀਰ ਸੁਨਹੁ ਰੇ ਸੰਤਹੁ ਮਿਲਿ ਹੈ ਸਾਰਿਗ ਪਾਨੀ ਰੇ ॥
[ਬਿਲਾਵਲ ਭ: ਕ: ਜੀ

ਪੂਰਵ ਉਕਤ ਬਚਨਾਂ ਤੋਂ ਨਿਸਚਯ ਹੁੰਦਾ ਹੈ, ਕਿ ਗ੍ਰੈਹਸਥ ਅੰਨ੍ਹਾਂ ਖੂਹਾ ਅਤੇ ਅਗ ਦਾ ਸਮੁੰਦਰ ਹੈ, ਇਸੇ ਲਈ ਮਹਾਰਾਜ ਨੇ ਕਹਿਆ ਹੈ:—

ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥
ਹੋਨੁ ਨ ਪਾਈਐ ਰਾਮ ਕੇ ਦਾਸਾ ॥

ਕਿਉਂਕਿ ਗ੍ਰੈਹਸਥੀ ਆਦਮੀ ਵਰਤਮਾਨ ਗ੍ਰੈਹਸਥ ਜਨਜ ਅਨੇਕਾਂ ਦੁਖਾਂ ਨੂੰ ਦੂਰ ਕਰਨ ਲਈ ਸੰਸਾਰੀ ਧੰਦਿਆਂ ਵਿਚ ਰਾਤ ਦਿਨੇ ਇਸ ਤਰ੍ਹਾਂ ਲਗਾ ਰਹਿੰਦਾ ਹੈ, ਕਿ ਉਸਨੂੰ ਈਸ਼੍ਵਰ ਚਿੰਤਨ ਦਾ ਇਕੰਤ ਸਮਾਂ ਹੀ ਘਟ ਮਿਲਦਾ ਹੈ, ਜੇਕਰ ਮਿਲਦਾ ਭੀ ਹੈ ਤਾਂ ਉਤਨਾਂ ਚਿਰ ਜਿਤਨਾ ਚਿਰ ਵੇਹਲ ਵੇਖਦਾ ਹੈ।

ਹੋਰ ਪੁਤ੍ਰ ਆਦੀ ਸਬੰਧੀਆਂ ਦੀ ਖਾਤਰ ਚੰਗੇ ਚੰਗੇ ਧਰਮਾਤਮਾਂ ਵੀ ਬਜ੍ਰ ਜਹੇ ਪਾਪਾਂ ਵਿਚ ਪ੍ਰਵਿਰਤ ਹੋ ਜਾਂਦੇ ਹਨ, ਇਸ ਗਲ ਦਾ

ਤਜਰਬਾ ਪਿਛੇ ਅਕਾਲੀ ਤਾਹਰੀਕ ਵਿਚ ਕਾਫ਼ੀ ਹੋ ਚੁਕਾ ਹੈ, ਗੁਰੂ ਪੰਥ ਨੇ ਜਿਨਾਂ ਆਦਮੀਆਂ ਨੂੰ ਇਕ ਧਰਮ ਦੀ ਮੂਰਤੀ ਜਾਣਦਿਆਂ ਹੋਇਆਂ ਖਾਸ ਖਾਸ ਡੀਊਟੀਆਂ ਤੇ ਕਾਇਮ ਕੀਤਾ ਸੀ, ਓਹ ਵੀ ਹਜ਼ਾਰਾਂ ਰੁਪਏ ਦੇ ਗ਼ਬਨ ਕਰਨ ਦਾ ਸ਼ਿਕਾਰ ਹੋ ਚੁਕੇ ਹਨ, ਇਸੇ ਖਿਆਲ ਨੂੰ ਲੈਕੇ ਗੁਰੂ ਜੀ ਨੇ ਦਸਿਆ ਹੈ:-

ਘਰ ਘੁੰਮਣ ਵਾਣੀ ਭਾਈ ॥
ਪਾਪ ਪਥਰ ਤਰਣ ਨ ਜਾਈ ॥

ਮਾਰੂ ਮਹਲਾ ੧

ਬਸ ਜਿਸ ਗ੍ਰੈਹਸਥ ਨੂੰ ਗੁਰੂ ਜੀ ਨੇ ਪਹਿਲੋਂ ਹੀ ਘੁੰਮਣ ਵਾਣੀ ਪ੍ਰਗਟ ਕੀਤਾ ਹੈ, ਭਲਾ ਓਹ ਨਾਮ ਤੋਂ ਬਿਨਾਂ ਕੇਵਲ ਮੁਕਤੀ ਦਾ ਸਾਧਨ ਕਿਸ ਤਰ੍ਹਾਂ ਹੋ ਸਕਦਾ ਹੈ।

ਹਾਂ ਗ੍ਰੈਹਸਥਆਸ਼ਰਮ ਦੀ ਮਹਤਤਾ ਵਿਚ ਸਰਦਾਰ ਸਾਹਿਬ ਨੇ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਬਹੁਤੇ ਪ੍ਰਮਾਣ ਦਿਤੇ ਹਨ।

ਕਬਿਤ—ਜੈਸੇ ਮਛ ਕਛ ਬਗ ਹੰਸ ਮੁਕਤਾ ਪਖਾਨ ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਮੈ ਜਾਨੀਐ ॥ ਜੈਸੇ ਤਾਰੋ ਤਾਰੀ ਔ ਆਰਸੀ ਸਨਾਹ ਸ਼ਸਤ੍ਰ ਏਕ ਸੈ ਅਨੇਕ ਲੋਹ ਰਚਨਾ ਬਖਾਨੀਐ ॥ ਭਾਂਜਨ ਬਿਬਿਧ ਜੈਸੇ ਹੋਤ ਏਕ ਮ੍ਰਿਤਕਾ ਸੈਂ ਖੀਰ ਨੀਰ ਬਿੰਜਨਾਦਿ ਔਖਧੀ ਸਮਾਨੀਐ ॥ ਤੈਸੇ ਬਹੁ ਦਰਸ਼ਨ ਬਰਨਾਸ਼੍ਰਮ ਧਰਮ ਸਕਲ ਗ੍ਰਹਸਤਿ ਕੀ ਸਾਖਾ ਉਨ ਮਾਨੀਐ ॥ ੩੭੫ ॥

ਕਬਤ-ਜੈਸੇ ਸਰ ਸਰਿਤਾ ਸਕਲ ਮੈ ਸਮੁੰਦਰ ਬਡੋ ਮੇਰ ਮੈ ਸੁਮੇਰ ਬਡੋ ਜਗਤ ਬਖਾਨ ਹੈ॥ ਤਰਵਰ ਬਿਖੈ ਜੈਸੇ ਚੰਦਨ ਬਿਰਖ ਬਡੋ ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨ ਹੈ। ਪੰਛਿਨ ਮੈ ਹੰਸ ਮ੍ਰਿਗ ਰਾਜਨ ਮੈ ਸਾਰਦੂਲ ਰਾਗਨ ਮੈ ਸਿਰੀ ਰਾਗ ਪਾਰਸ ਪਖਾਨ ਹੈ। ਗਯਾਨਨ ਮੈ ਗਯਾਨ ਅਰ ਧਯਾਨਨ ਮੈ ਧਯਾਨ ਗੁਰ ਸਕਲ ਧਰਮ ਮੈ ਗ੍ਰਹਸਤ ਪ੍ਰਧਾਨ ਹੈ ॥੩੭੬॥

ਇਹ ਸਚ ਹੈ ਕਿ ਕਈ ਭੇਖੀ ਸਾਧੂ ਆਪਨੇ ਸੰਨਯਾਸ ਆਸ਼ਰਮ ਦੇ ਅਭਿਮਾਨ ਵਿਚ ਆਕੇ ਗ੍ਰੈਹਸਤ ਆਸ਼੍ਰਮ ਨੂੰ ਨੀਵਾਂ ਦਸਦੇ ਹਨ, ਉਨ੍ਹਾਂ ਦਾ ਅਭਿਮਾਨ ਦੂਰ ਕਰਨ ਲਈ ਭਾਈ ਸਾਹਿਬ ਜੀ ਨੇ ਯਥਾਰਥ ਵਾਕ ਕਹਿਕੇ ਸਭ ਆਸ਼੍ਰਮਾਂ ਨੂੰ ਗ੍ਰੈਹਸਥ ਆਸ਼੍ਰਮ ਦੀਆਂ ਸ਼ਾਖਾਂ ਕਰਕੇ ਵਰਨਨ ਕੀਤਾ ਹੈ, ਕਿਉਂਕਿ ਸਭ ਤੋਂ ਪਹਿਲਾਂ ਗ੍ਰੈਹਸਤ ਆਸ਼੍ਰਮ ਪ੍ਰਧਾਨ

ਹੈ, ਉਸ ਤੋਂ ਬਾਹਰ ਕੁਝ ਹੋਰ।

ਪਰ ਇਨ੍ਹਾਂ ਵਾਕਾਂ ਤੋਂ ਏਹ ਗਲ ਸਿਧ ਨਹੀਂ ਹੁੰਦੀ, ਕਿ ਗ੍ਰੈਹਸਤ ਤੋਂ ਬਿਨਾਂ ਹੋਰ ਕਿਸੇ ਆਸ਼੍ਰਮ ਦੇ ਧਾਰਨ ਦੀ ਲੋੜ ਹੀ ਨਹੀਂ।

ਕੀ ਅੰਮ੍ਰਿਤ, ਤੇ ਵਿਹੁ, ਜਵਾਹਰ ਤੇ ਮੋਤੀਆਂ ਦਾ ਮੂਲ ਕਾਰਣ ਸਮੰਦ੍ਰ ਦੇ ਹੁੰਦਿਆਂ ਸੌਂਦਿਆਂ ਮੋਤੀ ਤੇ ਹੀਰੇ ਅਤੇ ਜਵਾਹਰਾਂ ਦੀ ਕਦਰ ਕੋਈ ਨਹੀਂ, ਜਾਂ ਲੋਹੇ ਦੇ ਸਾਰੇ ਸ਼ਸਤ੍ਰਾਂ ਦੇ ਮੂਲ ਕਾਰਣ, ਲੋਹੇ ਦੀ ਮਜੂਦਗੀ, ਵਿਚ, ਸੈਂਕੜੇ ਸ਼ਸਤ੍ਰਾਂ ਦੀ ਕੋਈ ਮਹਤਤਾ ਨਹੀਂ ? ਦਸਮੇਸ਼ ਗੁਰੂ ਜੀ ਨੇ ਤਾਂ ਇਥੋਂ ਤਕ ਲਿਖਿਆ ਹੈ।

ਅਸਿ ਕ੍ਰਿਪਾਣ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸਹਿਥੀ ਯਹੀ ਹਮਾਰੇ ਪੀਰ॥

ਸ਼ਸਤ੍ਰ ਨਾਮ ਮਾਲਾ ਪੁਰਾਣ

ਕੀ ਫਿਰ ਮਿਟੀ ਦੇ ਸਭ ਭਾਂਡਿਆਂ ਦੇ ਮੂਲ ਕਾਰਣ ਮਿਟੀ ਦੇ ਹੁੰਦਿਆਂ ਉਸ ਦੇ ਬਰਤਨਾਂ ਦੀ ਕਿਸੀ ਨੂੰ ਚਾਹਨਾਂ ਨਹੀਂ ? ਕੀ ਬ੍ਰਿਛ ਦੇ ਮੁਢ ਦੇ ਹੁੰਦਿਆਂ ਸੌਂਦਿਆਂ ਉਸਦੇ ਡਾਲ ਜਾਂ ਡਾਹਣੀਆਂ ਨੂੰ ਲੋਕੀਂ ਕਟ ਦੇਂਦੇ ਹਨ ਜਾਂ ਕੋਈ ਮਾੜੀ ਦ੍ਰਿਸ਼ਟੀ ਨਾਲ ਵੇਖਦੇ ਹਨ ? ਨਹੀਂ ਸਗੋਂ ਡਾਲੀਆਂ ਸਮੇਤ ਬ੍ਰਿਛ ਦਾ ਮੁਢ ਭੀ ਸੋਹਣਾ ਫਲੀ ਭੂਤ ਮਾਲੂਮ ਹੁੰਦਾ ਹੈ ਸੁ ਜਿਵੇਂ ਸਮੁੰਦ੍ਰ ਲੋਹਾ, ਮਿਟੀ, ਬ੍ਰਿਛ ਦੇ ਹੋਂਦਿਆਂ ਵੀ ਮੋਤੀ, ਸ਼ਸਤ੍ਰ, ਬਰਤਨ ਤੇ ਸ਼ਾਖਾਂ ਦੀ ਲੋੜ ਭਾਸਦੀ ਹੈ ਇਸੇ ਤਰਾਂ ਗ੍ਰੈਹਸਤ ਆਸ਼੍ਰਮ ਨੂੰ ਪ੍ਰਧਾਨ ਜਾਂ ਸਭ ਦਾ ਮੂਲ ਕਾਰਣ ਮੰਨਦਿਆਂ ਹੋਇਆਂ ਵੀ ਦੂਜੇ ਆਸ਼੍ਰਮਾਂ ਦੀ ਆਵਸ਼ਕਤਾ ਪ੍ਰਤੀਤ ਹੁੰਦੀ ਹੈ।

ਕਬੀਰ ਜਹਿ ਘਰ ਸਾਧ ਨ ਸੇਵੀਅਹਿ ਹਰਿਕੀ ਸੇਵਾ ਨਾਹਿ॥
ਤਹਿ ਘਰ ਮਰਹਟ ਸਾਰਖੇ ਭੂਤ ਬਸੈ ਤਿਹ ਮਾਹਿ॥

ਸ਼: ਕ: ਜੀ

ਭਾਈ ਗੁਰਦਾਸ ਜੀ ਦੇ ਹੋਰ ਪ੍ਰਮਾਣਾਂ ਤੋਂ ਵੀ ਏਹ ਸਿਧ ਹੈ, ਕਿ ਜੇਕਰ ਗੁਰਸਿਖ ਸਚੁ ਮੁਚ ਮਨ ਬਚ ਕ੍ਰਮ ਨਾਲ ਗੁਰੂ ਦੇ ਉਪਦੇਸ਼ ਨੂੰ ਹਿਰਦੇ ਵਿਚ ਕਮਾਉਂਦਾ ਹੈ, ਤਾਂ ਓਹ ਗ੍ਰੈਹਸਤ ਵਿਚ ਹੀ ਨਿਰਸੰਸ਼ੇ ਕਲਯਾਨ ਨੂੰ ਪ੍ਰਾਪਤ ਹੋ ਜਾਂਦਾ ਹੈ, ਇਸ ਗਲ ਤੋਂ ਕੋਈ ਇਨਕਾਰੀ ਨਹੀਂ, "ਪਰ ਓਹ ਗੁਰਸਿਖ ਕੌਣ ਹੈ।"

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥

ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ ॥
ਗੋਲਾ ਮੁੱਲ ਖਰੀਦ ਕਾਰੇ ਜੋਵਣਾ ॥
ਨਾ ਤਿਸ ਭੁੱਖ ਨਾ ਨੀਂਦ ਨਾ ਖਾਣਾ ਸੋਵਣਾ ॥
ਪੀਹਣ ਹੋਇ ਜਦੀਦ ਪਾਣੀ ਢੋਵਣਾ ॥
ਪਖੇ ਦੀ ਤਾਗੀਦ ਪਗ ਮਲ ਧੋਵਣਾ ॥
ਸੇਵਕ ਹੋਇ ਸੰਜੀਦ ਨ ਹਸਣ ਰੋਵਣਾ ॥
ਦਰ ਦਰ ਵੇਸ਼ ਰਸੀਦ ਪਿਰਮ ਰਸ ਭੋਵਣਾ ॥
ਚੰਦ ਮੁਮਾਰਖ ਈਦ ਪੁਗ ਖਲੋਵਣਾ ॥

ਭਾ: ਗੁ: ਜੀ ਵਾ: ੩ ਪ: ੧੯

ਪੈਰੀਂ ਪੈ ਪਾਖਾਕ ਮੁਰੀਦੈ ਥੀਵਣਾ ॥
ਗੁਰ ਮੂਰਤ ਮੁਸ਼ਤਾਕ ਮਰ ਮਰ ਜੀਵਣਾ ॥
ਪਰ ਹਰ ਸਭੇ ਸਾਕ ਸੁਰੰਗ ਰੰਗੀਵਣਾ ॥
ਹੋਰ ਨ ਝਖਣ ਝਾਕ ਸਰਣ ਮਨ ਸੀਵਣਾ ॥
ਪਿਰਮ ਪਿਆਲਾ ਪਾਕ ਅਮਿਅ ਰਸ ਪੀਵਣਾ ॥
ਮਸਕੀਨੀਆਉਤਾਕ ਅਸਥਿਰ ਥੀਵਣਾ ॥
ਦਸ ਅਉਗਾਤ ਤਲ਼ਾਕ ਸਹਜਿ ਅਲੀਵਣਾ ॥
ਸ਼ਬਦ ਸੁਰਤਿ ਹੁਸ਼ਨਾਕ ਪਾਰ ਪਰੀਵਣਾ ॥

ਵਾ: ੩ ਪ: ੧੯

ਗੁਰ ਸਿੱਖੀ ਬਾਰੀਕ ਹੈ ਸਿਲ ਚਟਨ ਫਿਕੀ ॥
ਤ੍ਰਿਖੀ ਖੰਡੇ ਧਾਰ ਹੈ ਉਹ ਵਾਲਹੁੰ ਨਿੱਕੀ ॥
ਭੂਤ ਭਵਿਖਤ ਵਰਤਮਾਨ ਸਰਿ ਮਿੱਕਨ ਮਿਕੀ ॥
ਦੁਤੀਆ ਨਾਸਤ ਏਤ ਘਰ ਹੋਇ ਇਕਾ ਇਕੀ ॥
ਦੂਆ ਤੀਆ ਵੀਸਰੈ ਸਣ **ਕਕਾ ਕਿੱਕੀ** ॥
ਸਭੇ ਸਿਕਾ ਪਰ ਹਰੈ ਸੁਖ ਇਕਤੁ ਸਿਕੀ ॥

ਵਾਰ ੯ ਪ: ੨

ਮੁਰਦਾ ਹੋਇ ਮੁਰੀਦ ਸੁ ਗੁਰ ਗੋਰ ਸਮਾਵੈ ॥
ਸ਼ਬਦ ਸੁਰਤ ਲਿਵ ਲੀਣ ਹੋਇ ਓਹ ਆਪ ਗਵਾਵੈ ॥
ਤਨ ਧਰਤੀ ਕਰ ਧਰਮਸਾਲ ਮਨ ਦੱਭ ਵਿਛਾਵੈ ॥
ਲਤਾਂ ਹੇਠ ਲਤਾੜੀਐ ਗੁਰ ਸਬਦ ਕਮਾਵੈ ॥
ਭਾਇ ਭਗਤ ਨੀਵਾਣ ਹੋਇ ਗੁਰਮਤਿ ਠਹਰਾਵੈ ॥

ਵਰਸੈ ਨਿਝੱਰ ਧਾਰ ਹੋਇ ਸੰਗਤਿ ਚਲ ਆਵੈ ॥
ਵਾ: ੯ ਪ: ੨੨

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤ ਭੀੜੀ ॥
ਓਥੈ ਟਿਕੈ ਨ ਭੁਣ ਹਣਾ ਚੱਲ ਨ ਸਕੈ ਉਪਰ ਕੀੜੀ ॥
ਵਾਲਹੁੰ ਨਿੱਕੀ ਆਖੀਐ ਤੇਲ ਤਿਲਹੁੰ ਲੈ ਕੋਲੂ ਪੀੜੀ ॥
ਗੁਰਮੁਖ ਵੰਸੀ ਪਰਮਸੰਤ ਖੀਰ ਨ ਰ ਨਿਰਭਉ ਜੁਨਿਵੀੜੀ ॥
ਸਿਲ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ ॥
[ਵਾ: ੧ ਪ: ੫

ਪੂਰਵ ਉਕਤ ਵਾਕਾਂ ਵਿਚ ਜਿਸ ਗੁਰਸਿਖ ਦੀ ਤਾਰੀਫ ਕੀਤੀ ਹੈ ਓਹ ਤਾਂ ਇਕ ਗ੍ਰੇਹਸਥ ਜਹੇ ਪਵਿਤ੍ਰ ਆਸ਼੍ਰਮ ਵਿਚ ਕੀ, ਜੇਕਰ ਮਘਾਂ ਜਹੀ ਅਪਵਿਤ੍ਰ ਧਰਤੀ ਵਿਚ ਭੀ ਨਿਵਾਸ ਕਰੇ, ਤਾਂ ਫਿਰ ਵੀ ਓਹ ਮੁਕਤ ਰੂਪ ਹੈ।

ਕਾਸ਼ੀ ਮਗਹਰਿ ਸਮ ਬੀਚਾਰੀ ॥
[ਭਾ: ਕ: ਜੀ

ਐਸੇ ਗੁਰਸਿਖ ਦੀ ਮਹਾਨਤਾ ਭਾਈ ਸਾਹਿਬ ਜੀ ਮੁਖੋਂ ਵਰਨਨ ਕਰਦੇ ਹਨ।

ਹਉ ਤਿਸ ਘੋਲ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥
ਹਉ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ॥
ਹਉ ਤਿਸ ਘੋਲ ਘੁਮਾਇਆ ਪਰ ਦਰਬੈ ਨੋਂ ਹਥ ਨ ਲਾਵੈ ॥
ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੈ ॥
ਹਉ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ ॥
ਹਉ ਤਿਸ ਘੋਲ ਘੁਮਾਇਆ ਥੋੜਾ ਸਵੇਂ ਥੋੜਾ ਹੀ ਖਾਵੈ ॥
ਗੁਰ ਮੁਖ ਸੋਈ ਸਹਜ ਸਮਾਵੈ ॥
[ਵ: ੧੨ ਪ: ੪

ਐਸੇ ਗੁਰ ਸਿਖ ਦੀ ਮਹਿਮਾਂ:—

ਸ਼ਿਵ ਸਨਕਾਦਿ ਬਾਛੈ ਤਿਨ ਕੇ ਉਚਿਸ਼ਟ
ਕਉ ਸਾਧਨ ਕੀ ਦੂਖਨਾ ਕਵਨ ਫਲ ਪਾਵਹੀ ॥
ਕ: ੩੦੬

ਪਰ ਅਸਚਰਜ ਹੈ ਕਿ ਇਸ ਤਰ੍ਹਾਂ ਦੇ ਗੁਰਸਿਖਾਂ ਦੀ ਰੀਸ ਕਰਦਾ ਹੋਇਆ, ਇਕ ਨਾਮ ਤੋਂ ਬੇਮੁਖ, ਘਟ ਤੋਲਣ ਵਾਲਾ, ਝੂਠ ਬੋਲਣ ਵਾਲਾ, ਛਲ, ਧ੍ਰੋਹ, ਨਿੰਦਯਾ, ਅਧਰਮ ਆਦੀ ਅਨੇਕ ਦੋਸ਼ਾਂ ਯੁਕਤ ਆਦਮੀ

ਸਿਖੀ ਭੇਖ ਨੂੰ ਧਾਰ ਕੇ ਕੇਵਲ ਗ੍ਰੈਹਸਤ ਆਸ਼੍ਰਮ ਵਿਚ ਕਿਸ ਤਰਾਂ ਮੁਕਤੀ ਹਾਸਲ ਕਰ ਸਕਦਾ ਹੈ। ਗੁਰੂ ਜੀ ਦਾ ਵਾਕ ਹੈ:-

ਚੜਿ ਕੈ ਘੋੜੜੇ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥
ਹੰਸਾਂ ਸੇਤੀ ਚਿਤ ਉਲਾਸਹਿ ਕੁਕੜ ਦੀ ਓਡਾਰੀ॥

[ਗ: ਵਾ: ਮ: ੫

ਪਰ ਈਸ਼੍ਵਰ ਦੀ ਕੁਦਰਤ, ਹਵਾ ਦਾ ਲੌਰ, ਸਮੇਂ ਦਾ ਪ੍ਰਭਾਵ, ਇਸ ਤਰਾਂ ਅਜੀਬ ਵੇਖਣ ਵਿਚ ਆ ਰਹਿਆ ਹੈ, ਕਿ ਕੌਮ ਵਿਚ ਕਈ ਐਸੇ ਆਦਮੀ ਹਨ, ਜੇੜੇ ਹਰ ਵੇਲੇ ਹੰਕਾਰ ਦੀ ਗਠੜੀ ਸਿਰ ਤੇ ਚੁਕੀ ਫਿਰਦੇ ਹਨ, ਅਪਣੇ ਜੇਹਾ ਕਿਸੇ ਨੂੰ ਗਿਣਦੇ ਨਹੀਂ ਦੂਜੇ ਭਰਾ ਦੀ ਵਡਜਾਈ ਸੋਭਾ ਵੇਖਕੇ ਸੁਖਾਉਂਦੇ ਨਹੀਂ, ਵਰਕਤ ਸੰਤ ਮਹਾਤਮਾਂ ਨੂੰ ਵੇਖਕੇ ਗਿਲਾਨੀ ਕਰਦੇ ਹਨ।

ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣ ਸਤਿ ਗੁਰ ਕਿਨੈ ਨ ਪਾਇਆ॥

ਜਾਂ

ਘੋਲੀ ਗੇਰੂ ਰੰਗ ਚੜਾਇਆ ਵਸਤ੍ਰ ਭੇਖ ਭੇਖਾਰੀ॥

ਏਹ ਗੁਰਬਾਣੀ ਪੜ੍ਹ ਸੁਣਕੇ ਵਡੇ ਪ੍ਰਸੰਨ ਹੁੰਦੇ ਹਨ, ਬਲਕੇ ਇਨਾਂ ਵਾਕਾਂ ਨੂੰ ਮੌਜੂਦਾ ਮਹਾਤਮਾਂ ਪੁਰ ਘਟਾਉਂਦੇ ਹੁਏ ਉਨ੍ਹਾਂ ਨੂੰ ਇਕ ਮਾਮੂਲੀ ਮੰਗਤਿਆਂ ਵਾਂਗ ਦ੍ਰਿਸ਼ਟੀ ਵਿਚ ਲਿਆਉਂਦੇ ਹਨ।

ਫਿਰ-ਸੰਤ ਕਾ ਨਿੰਦਕੁ ਮਹਾ ਅਤਤਾਈ॥
ਸੰਤ ਕਾ ਨਿੰਦਕੁ ਖਿਨ ਟਿਕਨ ਨਾ ਪਾਈ॥
ਸੰਤ ਕਾ ਨਿੰਦਕੁ ਮਹਾਂ ਹਤਿਆਰਾ॥
ਸੰਤ ਕਾ ਨਿੰਦਕੁ ਪਰਮੇਸਰਿ ਮਾਰਾ॥
ਸੰਤ ਕਾ ਨਿੰਦਕੁ ਰਾਜ ਤੇ ਹੀਨ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨ॥
ਸੰਤ ਕੇ ਨਿੰਦਕ ਕਉ ਸਰਬ ਰੋਗ॥
ਸੰਤ ਕੇ ਨਿੰਦਕ ਕਉ ਸਦਾ ਬਿਜੋਗ॥
ਸੰਤ ਕੀ ਨਿੰਦਾ ਦੋਖ ਮਹਿ ਦੋਖ॥
ਨਾਨਕ ਸੰਤ ਭਾਵੈ ਤਾਉਸ ਕਾਭੀ ਹੋਇ ਮੋਖ॥

ਏਹ ਵਾਕ ਸੁਨ ਕੇ ਕਿਸੀ ਦੀ ਨਿੰਦਆ ਨਾ ਕਰਨ ਦੀ ਬਜਾਏ ਵਰਤ ਮਾਨ ਬੀਤ ਰਾਗ ਮਹਾਤਮਾ ਦੀ ਭੀ ਅਪੇਖਯਾ ਕਰਦੇ ਹੋਏ ਸਗੋਂ ਏਹ

ਕਹਿਆ ਕਰਦੇ ਹਨ, ਕਿ ਜਿਨ੍ਹਾਂ ਮਹਾਤਮਾ ਦੀ ਨਿੰਦਿਆ ਕਰਨ ਨਾਲ ਪਾਪ ਹੁੰਦਾ ਹੈ, ਉਹ ਅਜਕਲ ਦੇ ਜ਼ਮਾਨੇ ਕੋਈ ਵੇਖਣ, ਚ ਨਹੀਂ ਆਉਂਦਾ। ਪਰ:–

ਸਿਖੀ ਸਿਖਯਾ ਗੁਰ ਵੀਚਾਰ ॥
ਗੁਰ ਕਾ ਸਿਖ ਬਿਕਾਰ ਤੇ ਹਾਟੇ ॥
ਸੇਵਾ ਕਰੇ ਸੋ ਚਾਕਰ ਹੋਇ ॥
ਹੋਰ ਭਾਈ ਗੁਰਦਾਸ ਜੀ ਦੀ ਬਾਣੀ ॥
ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ॥
ਮੁਰਦਾ ਹੋਇ ਮੁਰੀਦ ਗੁਰ ਗੋਰ ਸਮਾਵੈ ॥
ਹਉ ਤਿਸ ਘੋਲ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥
ਹਉ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ॥
ਹਉ ਤਿਸ ਘੋਲ ਘੁਮਾਇਆ ਪਰ ਦਰਬੈ ਨੋ ਹਥ ਨ ਲਾਵੈ ॥
ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੈ ॥
ਹਉ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ ॥
ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜੀ ਹੀ ਖਾਵੈ ॥
ਗੁਰ ਮੁਖ ਸੋਈ ਸਹਜ ਸਮਾਵੈ ॥

ਵਾ: ੧੨ ਪ: ੪

ਜਦ ਏਹ ਪੂਰਵ ਉਕਤ ਵਾਕ ਪੜ੍ਹਦੇ ਸੁਣਦੇ ਹਨ, ਤਾਂ ਇਨ੍ਹਾਂ ਨੂੰ ਅਪਣੇ ਮਨ ਵਿਚ ਘਟਾਉਣ ਦੀ ਕੋਸ਼ਸ਼ ਨਹੀਂ ਕਰਦੇ, ਕਿ ਏਹ ਲਛਣ ਸਾਡੇ ਵਿਚ ਵੀ ਕੋਈ ਘਟਦੇ ਹਨ, ਜਾਂ ਨਹੀਂ, ਬਲਕੇ ਕੌਮ ਵਿਚ ਭਾਵੇਂ ਕੋਈ ਕੁਕਰਮੀ ਹੈ, ਚੋਰ ਹੈ, ਧਾੜਵੀ ਹੈ, ਖੂਨੀ ਹੈ, ਨਿੰਦਕ ਹੈ, ਰਹਿਤ ਬਹਿਤ ਤੋਂ ਬਾਹਰ ਹੈ, ਸਰਵਰ ਨੂੰ ਮੰਨਣ ਵਾਲਾ ਜਾਂ ਦੂਬੇ ਦੇ ਸਿਖਾਂ ਵਾਂਗੂ ਤਮਾਕੂ ਪੀਂਦਾ ਹੈ, ਪਰ ਸਭ ਨੂੰ ਓਹ ਵਡੇ ਫ਼ਖਰ ਨਾਲ ੫੦ ਲਖ ਸਿਖਾਂ ਦੀ ਗਿਣਤੀ ਵਿਚ ਸ਼ਾਮਲ ਕਰ ਲੈਂਦੇ ਹਨ।

ਹੁਣ ਜੇਹੜੇ ਸਿਖ "ਸਾਧ ਨਾਮ ਨਿਰਮਲ ਤਾਕੇ ਕਰਮ" ਵਾਕ ਨੂੰ ਸਾਹਮਣੇ ਰਖਕੇ ਵਰਤਮਾਨ ਬੀਤ ਰਾਗ ਕਿਸੇ ਮਹਾਤਮਾਂ ਨੂੰ ਵੀ ਨਜ਼ਰ ਹੇਠ ਨਹੀ ਲਿਆਉਂਦੇ। ਮੈ ਉਨ੍ਹਾਂ ਸਜਣਾਂ ਪਾਸੋਂ ਪੁਛਦਾ ਹਾਂ, ਕਿ ਓਹ ਸਚ ਦਸਨ, ਕਿ ਗੁਰੂ ਸਾਹਿਬ ਦੇ ਵਾਕ ਜਾਂ ਭਾਈ ਗੁਰਦਾਸ ਜੀ ਦੀ ਬਾਣੀ ਦੇ ਆਸ਼ਯ ਅਨੁਸਾਰ ਜੋ ਗੁਰ ਸਿਖ ਸਦਵਾ ਸਕਦੇ ਹਨ, ਅਰਥਾਤ ਜੇਹੜੇ, ਝੂਠ ਫਰੇਬ ਆਦੀ ਬਿਕਾਰਾਂ ਤੋਂ ਰਹਿਤ ਹਨ, ਗੁਰਾਂ ਦੀ ਪੂਰਨ ਸਿਖ੍ਯਾ ਧਾਰਨ

ਧਾਰਨ ਵਾਲੇ ਹਨ, ਗਲਾਂ ਨਾਲ ਮੁਰੀਦ ਨਹੀ ਬਲਕੇ ਮੁਰਦੇ ਵਾਂਗ ਜਿਨ੍ਹਾਂ ਨੇ ਆਪਨੇ ਆਪ ਨੂੰ ਤਿਆਗਿਆ ਹੋਇਆ ਹੈ, ਸਬਰ, ਸੰਤੋਖ ਵਾਲੇ, ਮੁਲ ਖਰੀਦੇ ਗੋਲੇ ਵਾਂਗ ਸੇਵਾ ਕਰਨ ਵਾਲੇ, ਸੇਵਾ ਕਰਦਿਆਂ, ਨਾਮ ਜਪਦਿਆਂ ਹੋਇਆਂ ਖਾਣੇ ਸੋਣੇ, ਨੂੰ ਹਰਾਮ ਸਮਝਣ ਵਾਲੇ, ਸਾਧ ਸੰਗਤ ਲਈ ਹਥੀਂ ਆਟਾ ਪੀਂਹਦੇ ਤੇ ਸਿਰ ਤੇ ਪਾਣੀ ਢੋਂਦੇ ਹਨ, ਪਖਾ ਝਲਦੇ ਤੇ ਗੁਰੂ ਸੰਗਤ ਦੇ ਚਰਨ ਮਲ ਮਲ ਧੋਂਦੇ ਹਨ, ਹੌਂਸਲੇ ਨਾਲ ਭਾਣੇ ਨੂੰ ਮੰਨਦੇ ਨਾ ਰੋਂਦੇ ਹਨ, ਨਾ ਫ਼ਜ਼ੂਲ ਹਸਦੇ ਹਨ, ਗੁਰੂ ਤੇ ਸੰਗਤ ਦੇ ਚਰਨਾਂ ਦੀ ਧੂੜੀ ਸਚੇ ਦਿਲੋਂ ਅਪਣੇ ਆਪ ਨੂੰ ਮੰਨਦੇ ਹਨ, ਸੰਸਾਰ ਵਲੋਂ ਮਰੇ ਹੋਏ, ਤੇ ਸਾਰੇ ਸਾਕਾਂ ਨੂੰ ਤਿਆਗ ਭਗਤੀ ਦੇ ਰੰਗ ਵਿਚ ਰੰਗੇ ਰਹਿੰਦੇ ਹਨ, ਗਰੀਬੀ ਨਿੰਮ੍ਰਤਾ ਧਾਰਨ ਕਰਦੇ ਹੁਇ ਦਸ ਇੰਦ੍ਰੀਆਂ ਨੂੰ ਦਮਨ ਕਰਨ ਵਾਲੇ ਹਨ।

"ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕੁਝ ਹੈ ਸੋ ਤੇਰਾ" ਵਾਕ ਅਨੁਸਾਰ ਮੁਰਦਾ ਰੂਪ ਮੁਰੀਦ ਆਪਨੇ ਆਪ ਨੂੰ ਸਮਝਕੇ ਗੁਰੂ ਰੂਪ ਗੋਰ ਵਿਚ ਸਮਾਉਨ ਵਾਲੇ, ਗੁਰਾਂ ਦੀ ਸਿਖਿਆ ਕਮਾਉਂਦੇ ਹੋਏ ਗਰੀਬ ਸਦਾਉਂਦੇ ਹਨ, ਪਰਾਈ ਇਸਤ੍ਰੀ ਦੇ ਨੇੜੇ ਨਹੀ ਜਾਂਦੇ, ਧੰਨ ਆਦਕ ਕਿਸੇ ਪਦਾਰਥ ਦੀ ਚੋਰੀ ਨਹੀਂ ਕਰਦੇ, ਨਾ ਆਪ ਨਿੰਦਿਆ ਕਰਦੇ ਹਨ ਨਾ ਦੂਜੇ ਨੂੰ ਕਰਨ ਦੇਂਦੇ ਹਨ, ਥੋੜਾ ਸੌਂਦੇ ਤੇ ਥੋੜਾ ਹੀ ਖਾਂਦੇ ਹਨ।

ਏਹ ਪੂਰਵ ਉਕਤ ਧਾਰਨਾਂ ਵਾਲੇ ਗੁਰ ਸਿਖ, ਉਨਾਂ ੫੦ ਲਖ ਸਿਖਾਂ ਵਿਚੋਂ ਆਪ ਦੀ ਨਿਗਾਹ ਵਿਚ ਕਿਤਨੇ ਕੁ ਨਿਕਲ ਸਕਦੇ ਹਨ, ਜੇਕਰ ਆਪ ਦੀ ਨਜ਼ਰ ਵਿਚ ਅਜਕਲ ਕੋਈ ਵਿਰਲੇ, ਪੂਰਣ ਮਹਾਤਮਾਂ ਹਨ, ਤਾਂ ਏਹ ਭੀ ਸਮਝੋ ਗੁਰੂ ਜੀ ਦੇ ਤਥਾ ਭਾਈ ਗੁਰਦਾਸ ਜੀ ਦੀ ਸਿਖਿਆ ਪੁਰ ਚਲਣ ਵਾਲੇ ਗੁਰਸਿਖ ਭੀ ਕੋਈ ਵਿਰਲੇ ਹਨ।

ਕੀ ਏਹ ਠੀਕ ਨਹੀਂ ਕਿ ਅਜ ਕਲ ਦੇ ਕਈ ਸਿਖ, ਸੰਤ ਸ਼ਬਦ ਮੂੰਹੋਂ ਕਹਿਣ ਲਗਿਆਂ ਇਸ ਲਈ ਝਿਝਕ ਜਾਂਦੇ ਹਨ, ਕਿ ਉਨ੍ਹਾਂ ਦੇ ਖਿਆਲ ਮੁਤਾਬਕ ਇਸ ਸਮੇ ਕੋਈ ਸੰਤ ਹੈ ਨਹੀਂ, ਪਰ ਗੁਰ ਸਿਖ ਸਦਾਉਣ ਵੇਲੇ ਆਪਣੇ ਜੇਹਾ ਕਿਸੇ ਨੂੰ ਨਹੀਂ ਸਮਝਦੇ ਜਿਸ ਕਰਕੇ ਇਕ ਦੂਜੇ ਤੋਂ ਨਫ਼ਰਤ ਕਰਦੇ ਹਨ।

"ਸਤਿਗੁਰ ਸਿਖ ਕੇ ਬੰਧਨ ਕਾਟੈ" ਏਹ ਤੁਕ ਤਾਂ ਬੜੇ ਮਾਨ ਨਾਲ ਪੜ੍ਹਦੇ ਹਨ ਤੇ "ਗੁਰ ਕਾ ਸਿਖ ਬਿਕਾਰ ਤੇ ਹਾਟੈ, ਏ ਤੁਕ ਪੜ੍ਹਨ ਵੇਲੇ ਮਨ ਵਿਚ ਦਬਦੇ ਹਨ।

ਫਿਰ ਅਸਚਰਜ ਹੈ, ਕਿ ਉਨ੍ਹਾ ਦੇ ਖਿਆਲ ਵਿਚ ਭਜਨ ਬੰਦਗੀ ਵਾਲੇ ਅਤੀਤ ਮਹਾਤਮਾ ਤਾਂ ਮੋਖ ਦੇ ਅਧਕਾਰੀ ਨਹੀਂ, ਪਰ ਆਪ ਕੇਵਲ ਗ੍ਰੈਹਸਥ ਆਸ਼੍ਰਮ ਧਾਰਨ ਵਿਚ ਹੀ ਮੁਕਤੀ ਮੰਨਦੇ ਹਨ।

ਗੁਰੂ ਜੀ ਨੇ ਤਥਾ ਭਾਈ ਗੁਰਦਾਸ ਜੀ ਨੇ ਨਿਰੋਲ ਗ੍ਰੈਹਸਤ ਆਸ਼ਰਮ ਨੂੰ ਆਤਮ ਪਦ ਦਾ ਕਾਰਣ ਤਾਂ ਕੀ ਦਸਣਾ ਸੀ ਸਗੋਂ ਸੰਸਾਰੀ ਧੰਧਿਆਂ ਅਤੇ ਭਗਤੀ ਬਿਨਾਂ ਜੋ ਗ੍ਰੈਹਸਤ ਆਸ਼ਰਮ ਹੈ, ਉਸ ਵਲੋਂ ਉਪਾਮ ਰਹਿਣ ਦਾ ਉਪਦੇਸ਼ ਦਿਤਾ ਹੈ।

ਕਬੀਰ ਜਉ ਗ੍ਰਿਹਿ ਕਰਹਿ ਤਾ ਧਰਮ ਕਰ
ਨਹੀ ਤਾਂ ਕਰ ਬੈਰਾਗ ॥

[ਸ: ਭ: ਕ: ਜੀ

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥
ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤ ॥

[ਸਿ: ਮ: ੫

ਕਾਕੀ ਮਾਈ ਕਾਕੋ ਬਾਪ ॥
ਨਾਮ ਧਾਰੀਕ ਝੂਠੇ ਸਭ ਸਾਕ ॥
ਕਾਹੇ ਕਉ ਮੂਰਖ ਭਖ ਲਾਇਆ ॥
ਮਿਲਿ ਸੰਜੋਗ ਹੁਕਮਿ ਤੂੰ ਆਇਆ ॥

[ਗਉੜੀ ਮ: ੫

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

[ਸਿਰੀ ਮ: ੧

ਜਗਤ ਮੈ ਝੂਠੀ ਦੇਖੀ ਪ੍ਰੀਤਿ ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ ॥ ੧ ॥ ਰਹਾਉ
ਮੇਰਉ ਮੇਰਉ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤੁ ॥
ਅੰਤਿ ਕਾਲਿ ਸੰਗੀ ਨਹ ਕੋਊ
ਇਹ ਅਚਰਜ ਹੈ ਰੀਤਿ ॥ ੧ ॥

ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ ॥
ਨਾਨਕ ਭਉ ਜਲੁ ਪਾਰ ਪਰੈ
ਜਉ ਗਾਵੈ ਪ੍ਰਭ ਕੇ ਗੀਤ ॥੨॥

[ਰਾ: ਦੇ: ਗ: ਮ: ੯

ਪ੍ਰੀਤਮ ਜਾਨ ਲੇਹੁ ਮਨ ਮਾਹੀ ॥
ਅਪਨੇ ਸੁਖ ਸਿਉ ਹੀ ਜਗ ਫਾਂਧਿਓ
ਕੋ ਕਾਹੂ ਕੋ ਨਾਹੀ ॥ ੧ ॥ ਰਹਾਉ ।
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ
ਰਹਤ ਚਹੂੰ ਦਿਸਿ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ ॥ ੧ ॥
ਘਰ ਕੀ ਨਾਰਿ ਬਹੁਤੁ ਹਿਤੁ ਜਾਸਿਉ
ਸਦਾ ਰਹਤਿ ਸੰਗਿ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ ॥ ੨ ॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ
ਜਾ ਸਿਉ ਨੇਹੁ ਲਗਾਇਓ ॥
ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ ॥ ੩੫ ॥

[ਸੋ: ਮ ੯

ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥
ਉਰਝਿ ਰਹਿਓ ਰੇ ਬਾਵਰ ਗਾਵਰ
ਜਿਉ ਕਿਰਖੈ ਹਰਿ ਆਇਓ ਪਸੂਆ ॥

[ਗ: ਮ: ੫

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤ ਲਾਈਐ॥

ਰਾਮਕਲੀ ਮ: ੩ ਆਨੰਦ

ਪੈਰੀਂ ਪੈ ਪਾਖਾਕ ਮੁਰੀਦੇ ਥੀਵਣਾ ॥
ਗੁਰ ਮੂਰਤ ਮੁਸ਼ਤਾਕ ਮਰ ਮਰ ਜੀਵਣਾ ॥

ਪਰ ਹਰ ਸਭੇ ਸਾਕ ਸੁ ਰੰਗ ਰੰਗੀਵਣਾ ॥

[ਭਾ: ਗੁ: ਵਾ

ਦੂਆ ਤੀਆ ਵੀਸਰੈ ਸਣ ਕੁੱਕਾ ਕਿੱਕੀ ॥
ਸਭੈ ਸਿਕਾ ਪਰ ਹਰੈ ਸੁਖ ਇਕਤੁ ਸਿਕੀ ॥

[ਭਾ: ਗੁ: ਵਾਰ ੯

ਸਤਿਗੁਰ ਜੀ ਨੇ ਆਪਣੇ ਨਾਲ ਲੈ ਜਾਣ ਲਈ ਮਰਦਾਨੇ ਨੂੰ ਉਪਦੇਸ਼ ਦਿਤਾ ।

ਨਿਸਬਾਸਰ ਮਮ ਸੰਗ ਰਹੀਜੈ ॥
ਆਨ ਜਾਨ ਕੋ ਨਾਮ ਨ ਲੀਜੈ ॥
ਜਨਮ ਮਰਨ ਸੁਧਾਰ ਲੇਹੁ ਅਪਨਾ ॥
ਜਗਤ ਅਸਤ ਲਖਹੁ ਜਿਵ ਸੁਪਨਾ ॥

[ਨਾ: ਪ੍ਰ: ਅ: ੩੪

ਇਸ ਤਰ੍ਹਾਂ ਜੋ ਮਹਾਤਮਾਂ ਅਸਾਰ ਸੰਸਾਰ ਵਲੋਂ ਉਪ੍ਰਾਮ ਹੁੰਦੇ ਹੋਏ ਅਤੀਤ ਬ੍ਰਿਤੀ ਧਾਰਨ ਕਰਦੇ, ਈਰਖਾ ਬਖੀਲੀ ਤੋਂ ਰਹਿਤ, ਭਗਤੀ ਭਾਉ ਵਿਚ ਆਪਣੀ ਜ਼ਿੰਦਗੀ ਬਤੀਤ ਕਰਦੇ ਹਨ, ਉਨ੍ਹਾਂ ਦੀ ਮਹਤਤਾ ਗੁਰੂ ਜੀ ਇਉਂ ਉਚਾਰਨ ਕਰਦੇ ਹਨ ।

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥
ਜਾਤਿ ਨ ਪਤਿ ਨ ਆਦਰੋ ਉਦਿਅਨ ਭ੍ਰਮਿਨਾ ॥
ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕ ਨ ਸਿੰਨਾ ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿਨਾਮਿ ਮਨੁ ਭਿੰਨਾ ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁ ਪ੍ਰਸੰਨਾ ॥

ਜੈਤੀਸਰੀ ਵਾਰ ਮ: ੫

ਜਿਹਿ ਮਾਇਆ ਮਮਤਾ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗ ॥

ਸ਼ਲੋਕ ਮ: ੯

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ।

ਸਲੋਕ ਭਾ: ਕ: ਜੀ

ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥
ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥

ਸਾਕਤ ਸਿਰ ਪਾਉ ਰੇਸਮੀ ਪਹਿਰਤ ਪਤਿ ਖੋਈ ॥

ਬਿਲ: ਮ: ੫

ਫਰੀਦਾ ਹਉ ਬਲਿ ਹਾਰੀ ਤਿਨਾ ਪੰਖੀਆਂ ਜੰਗਲ ਜਿਨਾ ਵਾਸ ॥
ਕੰਕਰ ਚੁਗਨ ਥਲ ਵਸਨ ਰਬ ਨ ਛੋਡਨਿ ਪਾਸ ॥

ਸ: ਫ: ਜੀ ੧੦੧

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਜਦ ਆਪਣੇ ਸਾਹਿਬ ਜ਼ਾਦਿਆਂ ਸਣੇ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨ ਕਰਨ ਲਈ ਗਏ, ਬਾਬਾ ਜੀ ਨੂੰ ਸੰਸਾਰ ਵਲੋਂ ਅਤਯੰਤ ਉਪ੍ਰਾਮ ਹੋਏ ਬੈਠੇ ਦੇਖਕੇ ਪ੍ਰੇਮ ਪੂਰਵਕ ਪ੍ਰਣਾਮ ਕੀਤੀ, ਅਗੋਂ ਬਾਬਾ ਜੀ ਪ੍ਰਸੰਨ ਹੋਏ ਤੇ ਆਖਿਆ, ਕਿ ਪੁਰਖਾ ਕਿਤਨੇ ਬੇਟੇ ਹਨ, ਸਾਹਿਬਾਂ ਕਹਿਆ ਕਿ ਇਸ ਵੇਲੇ ਚਾਰ ਹਨ। ਫਿਰ:-

ਕਹਯੋ ਸ੍ਰੀ ਚੰਦ ਇਕ ਹਮ ਦੇਹੋ ॥ ਅਪਰ ਆਪਨੇ ਸੰਗ ਰਖੇਹੋ ॥

ਇਤਨੀ ਸੁਣਕੇ ਗੁਰੂ ਜੀ ਨੇ ਬਾਬਾ ਸ੍ਰੀ ਚੰਦ ਜੀ ਦੇ ਅਤੀਤ ਭੇਖ ਪੁਰ ਕਿਸੇ ਤਰ੍ਹਾਂ ਦੀ ਹੈਰਾਨਗੀ ਪ੍ਰਗਟ ਨਾ ਕੀਤੀ। ਬਲਕੇ ਖੁਸ਼ੀ ਨਾਲ:-

ਸੁਨ ਕਰ ਗੁਰ ਸ੍ਰੀ ਹਰਗੋਬਿੰਦ ॥
ਬਡ ਸੁਤ ਅਰਪਯੋ ਤਬ ਸ੍ਰੀ ਚੰਦ ॥

ਅਗੋਂ ਬਾਬਾ ਜੀ ਨੇ ਇਸ ਤਰ੍ਹਾਂ ਪ੍ਰਸੰਨਤਾ ਪ੍ਰਗਟ ਕੀਤੀ।

ਇਮ ਕਹਿ ਟੋਪੀ ਸਿਰ ਤੇ ਲੀਨ ॥
ਗੁਰ ਦਿਤੇ ਕੇ ਸਿਰ ਧਰ ਦੀਨ ॥
ਅਪਰ ਪੁਤ੍ਰ ਗੁਰ ਕੇ ਲਖ ਚਿਤਾ ॥
ਭਯੋ ਸੁ ਬਾਬੇ ਕੋ ਗੁਰ ਦਿਤਾ ॥

ਸੂ: ਪ੍ਰ: ਰਾ: ੭ ਅ: ੯

ਪਹਿਲੇ ਜਨਮ ਵਿਚ ਸ੍ਰੀ ਗੁਰੂ ਦਸਮੇਸ਼ ਜੀ ਨੇ ਵੀ ਹੇਮ ਕੁੰਡ ਪਰਬਤ ਤੇ ਤਪ ਕੀਤਾ ਤਾਂ ਜਟਾ ਜੂਟ ਇਕ ਅਤੀਤ ਸੰਤ ਬਾਣੇ ਵਿਚ ਕੀਤਾ ਹੈ।

ਬਚਿਤ੍ਰ ਨਾ:

ਪੂਰਵ ਉਕਤ ਪ੍ਰਮਾਣ ਜਾਂ ਇਨ੍ਹਾਂ ਪ੍ਰਸੰਗਾਂ ਤੋਂ ਨਿਸਚੇ ਹੋਂਦਾ ਹੈ ਕਿ ਗੁਰੂ ਘਰ ਵਿਚ ਫਕੀਰੀ ਬਾਣਾ ਕੋਈ ਵਿਰੁਧ ਨਹੀਂ, ਸਗੋਂ ਐਸੇ ਮਹਾਂ-ਪੁਰਸ਼ ਵੈਰਾਗੀ ਮਹਾਤਮਾਂ ਲਈ ਸ੍ਰੀ ਗੁਰੂ ਜੀ ਨੇ ਅੰਨ ਰੂਪ ਭਿਖਯਾ ਲੈਣੀ ਵਿਧਾਨ ਲਿਖੀ ਹੈ।

ਭਾਈ ਲਖੂ ਜੀ ਦਾ ਪ੍ਰਸੰਗ ਪਿਛੇ ਸੰਖੇਪ ਨਾਲ ਲਿਖ ਚੁਕਾ ਹਾਂ ਹੁਣ ਸ੍ਰੀ ਗੁਰੂ ਦਸਮੇਸ਼ ਜੀ ਦਾ ਓਹ ਉਪਦੇਸ ਲਿਖਦਾ ਹਾਂ ਜਿਸ ਤਰ੍ਹਾਂ ਭਰੇ ਦੀਵਾਨ ਵਿਚ ਆਪਨੇ ਸੁਨਾਯਾ ਸੀ।

ਸਾਹਿਬ ਦਸਮ ਗੁਰੂ ਜੀ ਆਨੰਦ ਪੁਰ ਸਾਹਿਬ ਰਹਿੰਦੇ ਹੋਏ ਭਰੇ ਦੀਵਾਨ ਵਿਚ ਅੰਨ ਦਾਨ ਦਾ ਉਪਦੇਸ਼ ਦੇਂਦੇ ਰਹਿੰਦੇ ਸਨ, ਜਿਸ ਲਈ ਬਹੁਤੇ ਸਿਖਾਂ ਨੇ ਵਿਤ ਅਨੁਸਾਰ ਛੋਤ੍ਰ ਲਾ ਦਿਤੇ, ਪਰ ਦੀਵਾਨ ਵਿਚ ਛੇਤ੍ਰ ਵਾਰੇ ਕੋਈ ਕਿਸੇ ਦੀ ਤਾਰੀਫ ਕਰੇ ਕੋਈ ਕਿਸੇ ਦੀ, ਇਕ ਦਿਨ ਮਹਾਰਾਜ ਫਕੀਰੀ ਬਾਣਾ ਪਹਿਰਕੇ ਪਰੀਖਯਾ ਲਈ ਸੰਧਯਾ ਵੇਲੇ ਤੁਰ ਪਏ ਹਰ ਇਕ ਛੇਤ੍ਰ ਪੁਰ ਪਹੁੰਚੇ, ਕਿਸੇ ਨੇ ਕਹਿਆ ਕਿ ਅਜੇ ਪ੍ਰਸ਼ਾਦਾ ਤਿਆਰ ਨਹੀਂ ਕਿਸੇ ਕਹਿਆ ਕਿ ਦਾਲ ਵਿਚ ਅਜੇ ਕਸਰ ਹੈ, ਕਿਸੇ ਕਹਿਆ ਫੁਲਕਾ ਚੋਪੜਨਾ ਬਾਕੀ ਹੈ, ਕਿਸੇ ਕਹਿਆ ਭੋਗ ਲਗਾਣਾ ਰੈਂਹਦਾ ਹੈ ਸਭ ਵਲੋਂ ਨਿਰਾਸ ਹੋਕੇ ਗੁਰੂ ਜੀ ਭਾਈ ਨੰਦ ਲਾਲ ਸਾਹਿਬ ਜੀ ਦੇ ਡੇਰੇ ਪੁਜੇ ਤੇ ਸਤਿਨਾਮ ਦੀ ਆਵਾਜ਼ ਦਿਤੀ, ਅਗੋਂ ਭਾਈ ਸਾਹਿਬ ਨੇ ਕੋਲੇ ਵਿਚ ਦਾਲ ਪਾਕੇ ਤੇ ਗੁਧਾ ਹੋਇਆ ਡੋਰ ਪਾ ਆਟਾ ਲਿਆਕੇ ਹਾਜ਼ਰ ਕੀਤਾ ਤੇ ਮੂੰਹੋਂ ਏਹ ਆਖਿਆ ਕਿ ਸੰਤ ਜੀ ਇਤਨਾ ਕੁਝ ਤਾਂ ਹਾਜ਼ਰ ਹੈ ਜੇਕਰ ਬਹਿਕੇ ਛਕਣਾ ਚਾਹੋ ਤਾਂ ਆਓ ਅੰਦਰ ਕੁਝ ਦੇਰ ਬੈਠ ਜਾਓ ਪਰ ਮਹਾਰਾਜ ਜੀ ਓਹੀ ਕਚਾ ਆਟਾ ਤੇ ਦਾਲ ਪਵਾਕੇ ਲੈ ਆਏ, ਦੂਸਰੇ ਦਿਨ ਜਦ ਫੇਰ ਇਕ ਦੂਸਰੇ ਦੀ ਤਾਰੀਫ ਹੋਣ ਲਗੀ ਤਾਂ ਮਹਾਰਾਜ ਜੀ ਨੇ ਰਾਤ ਵਾਲੀ ਦਾਲ ਤੇ ਆਟਾ ਕਢਕੇ ਸਭਾ ਵਿਚ ਦਿਖਾਇਆ ਤੇ ਆਖਿਆ ਕਿ ਅੰਨ ਦਾ ਛੇਤ੍ਰ ਹੈ ਤਾ ਭਾਈ ਨੰਦ ਲਾਲ ਜੀ ਦਾ, ਜਿਸਦੇ ਘਰੋਂ ਕੋਈ ਅੰਨ ਦਾ ਅਧਿਕਾਰੀ ਖਾਲੀ ਨਹੀਂ ਮੁੜਕੇ ਆਉਂਦਾ, ਸਾਰੇ ਸਿਖ ਇਹ ਵੇਖਕੇ ਹੈਰਾਨ ਰਹਿ ਗਏ, ਗੁਰੂ ਸਾਹਿਬ ਨੇ ਸਭ ਨੂੰ ਉਪਦੇਸ਼ ਦਿਤਾ।

ਅੰਨ ਦਾਨ ਨਹਿ ਸਮੇਂ ਬਿਚਾਰੈ ॥
ਰੈਨ ਕਿਧੋ ਦਿਨ ਸੰਝ ਸਿਕਾਰੈ ॥
ਪਾਤ੍ਰ ਅਪਾਤ੍ਰ ਨ ਹੇਰਹਿ ਕੋਇ ॥
ਊਚ ਨੀਚ ਕੇ ਸੋ ਨਰ ਹੋਇ ॥
ਸਭ ਦਾਨਨ ਤੇ ਉਤਮ ਦਾਨ ॥
ਜਿਸਕੇ ਦੀਏ ਬਚਤ ਹੈ ਪ੍ਰਾਨ ॥
ਯਾਤੇ ਇਸ ਸਮਾਨ ਨਹਿ ਆਨ ॥
ਲੇਹੁ ਮਹਾਂ ਫਲ ਸਿਖ ਸੁਜਾਨ ॥

[ਸੂ: ਪ੍ਰ: ਰੁ: ੩ ਅੰਕ ੮੬

ਸ੍ਰੀ ਗੁਰੂ ਨਾਨਕ ਜੀ ਨੇ ਸਚੇ ਸੌਦੇ ਜੰਗਲਵਾਸੀ ਫਕੀਰਾਂ ਨੂੰ

ਆਪਣੇ ਪਾਸੋਂ ਭੋਜਨ ਖਿਲਾਕੇ ਬੜੀ ਪਰਸੰਨਤਾ ਪਰਗਟ ਕੀਤੀ ਹੈ, ਸਾਧੂਆਂ ਨੂੰ ਭੋਜਨ ਛਕਾਉਣਾ ਆਪਨੇ ਇਤਨਾ ਜ਼ਰੂਰੀ ਸਮਝਿਆ, ਕਿ ਪਿਤਾ ਜੀ ਦੇ ਰੰਜ ਹੋ ਜਾਣ ਦੀ ਪਰਵਾਹ ਤਕ ਨਾ ਕੀਤੀ।

ਸਭਹਿ ਸੌਜ ਪੁਰ ਤੇ ਉਚਵਾਈ ॥
ਸੰਤਨ ਢਿਗ ਗਮਨੇ ਜਗਰਾਈ ॥
ਸਭ ਸੰਭਾਰ ਮਹੰਤ ਅਗਾਰੀ ॥
ਧਰ ਬੈਸੇ ਸੇਵਕ ਸੁਖਕਾਰੀ ॥
ਦੀਜੈ ਆਇਸੁ ਹੋਇ ਰਸੋਈ ॥
ਅਚਹਿ ਸੰਤ ਰੁਚਿ ਕਰਹਿ ਜਿਤੋਈ ॥

ਨਾਨਕ ਪ੍ਰਕਾਸ਼ ਅ: ੧੪

ਅਸਚਰਜ ਹੈ, ਗੁਰੂ ਸਾਹਿਬ ਜੀ ਦਾ ਮੰਤਵ ਤਾਂ ਏਹ ਪੜ੍ਹਨ ਸੁਣਨ ਵਿਚ ਆਉਂਦਾ ਹੈ, ਪਰ ਧੰਨ ਭਾ: ਧਰਮਾਨੰਤ ਸਿੰਘ ਜੀ ਹਨ ਜੋਹੜੇ ਲਿਖਦੇ ਹਨ ਕਿ ਜੋ ਆਦਮੀ ਭਿਕਸ਼ੂ ਮੰਡਲੀਆਂ ਦੀ ਕਿਸੇ ਰੂਪ ਵਿਚ ਸਹਾਇਤਾ ਕਰਦਾ ਹੈ, ਓਹ ਸਮਾਜ ਦਾ ਵੈਰੀ ਹੈ।

ਗੁਰੂ ਸਾਹਿਬ ਦੇ ਮਤ ਵਿਚ ਤਾਂ ਅੰਨ ਦਾ ਦਾਨ ਕਰਨਾ ਵੀ ਯੋਗ ਤੇ ਅਤੀਤ ਬ੍ਰਿਤੀ ਮਹਾਤਮਾਂ ਲਈ ਮਦੂਕਰੀ ਦਾ ਅੰਨ ਲੈਣਾ ਵੀ ਯੋਗ ਦਸਿਆ ਹੈ।

ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਇ ॥
ਇਆ ਸੁਖ ਤੇ ਭਿਖਿਆ ਭਲੀ ਜਉ ਹਰਿ ਸਿਮਰਤ ਦਿਨ ਜਾਇ ॥

ਸ਼: ਭਾ: ਕ: ਜੀ

ਕਬੀਰ ਸਭ ਸੇ ਭਲੀ ਮਧੂਕਰੀ ਨਾਨਾ ਬਿਧਕੇ ਨਾਜ ॥
ਦਾਵਾ ਕਾਹੂ ਕੋ ਨਹੀ ਬਡੋ ਦੇਸ ਬਡ ਰਾਜ ॥

ਸ਼: ਭਾ: ਕ: ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਦੂਸਰੀ ਤੀਸਰੀ ਵੇਰਾਂ ਐਮਨਾਬਾਦ ਗਏ ਤਾਂ ਸਣੇ ਮਰਦਾਨੇ ਸਭ ਸਾਧੂਆਂ ਨੂੰ ਮਧੂਕਰੀ ਲੈਣ ਲਈ ਪਿੰਡ ਵਿਚ ਭੇਜਿਆ।

ਹੇ ਸੰਤਹੁ ਤੁਮ ਉਠ ਕਰ ਜਾਵਹੁ ॥
ਪੁਰ ਤੇ ਜਾਚ ਅਸਨ ਕੋ ਖਾਵਹੁ ॥
ਜੇ ਬੈਠਜੋ ਦੇਵੈ ਕੋ ਨਾਹੀਂ ॥
ਘਰ ਮਹਿ ਜਾਇ ਜਾਚ ਕਿ ਨ ਖਾਹੀ ॥

ਸ੍ਰੀ ਗੁਰ ਕੀ ਸੁਣਕੇ ਅਸ ਆਇਸ ॥
ਮਰਦਾਨਾ ਦ੍ਵੈ ਸੰਤ ਸਿਧਾਇਸ ॥

ਜਦ ਪਿੰਡ ਗਏ ਅਗੋਂ ਕਿਸੇ ਨੇ ਆਦਰ ਨਾ ਕੀਤਾ, ਗੁਰੂ ਜੀ ਨੇ ਮਹਾਤਮਾਂ ਦੀ ਨਿਰਾਦ੍ਰੀ ਹੋਈ ਸੁਣਕੇ ਸ੍ਰਾਪ ਦੇ ਦਿਤਾ।

ਨਾਨਕ ਪ੍ਰ: ਉ: ਅ: ੨੭

ਅਗੇ ਜਿਸ ਬਾਣੇ ਜਾਂ ਭੇਖ ਨੂੰ ਸਰਦਾਰ ਸਾਹਿਬ ਗੁਰੂ ਜੀ ਦੇ ਆਸ਼ੇ ਤੋਂ ਉਲਟ ਦਸਕੇ ਇਕ ਨਫਰਤ ਭਰੀ ਨਜ਼ਰ ਨਾਲ ਵੇਖਦੇ ਹਨ, ਉਸੇ ਫਕੀਰੀ ਭੇਸ ਨੂੰ ਆਪਣੇ ਉਦੇਸ਼ ਸੁਣਾਨ ਦਾ ਕਾਰਣ ਸਮਝਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਖੁਦ ਧਾਰਨ ਕੀਤਾ ਹੈ।

ਬਾਬੇ ਭੇਖ ਬਣਾਇਆ *ਉਦਾਸੀ ਕੀ ਰੀਤ ਚਲਾਈ ॥

[ਵਾਰ ਭਾ: ਗੁ: ਜੀ

ਭਾਈ ਗੁਰਦਾਸ ਜੀ ਦੀਆਂ ਵਾਰਾਂ, ਜਨਮ ਸਾਖੀ ਅਤੇ ਨਾਨਕ ਪ੍ਰਕਾਸ਼ ਵਿਚ ਜਿਥੇ ਕਿਥੇ ਗੋਸ਼ਟ ਦਾ ਪ੍ਰਸੰਗ ਆਉਂਦਾ ਹੈ ਉਥੇ ਉਥੇ ਗੁਰੂ ਜੀ ਦਾ ਨਾਂ ਨਾਨਕ ਦਰਵੇਸ਼ ਨਾਨਕ ਫਕੀਰ ਜਾਂ ਤਪਾ, ਜੋਗੀ, ਕਰਕੇ ਪ੍ਰਸਿਧ ਹੈ।

ਸ੍ਰੀ ਗੁਰੂ ਜੀ ਜਦ ਸ਼ਿਵਰਾਤ੍ਰੀ ਦੇ ਮੇਲੇ ਵਟਾਲੇ ਗਏ ਤਾਂ ਸਿਧਾਂ ਨੇ ਬਹਿਸ ਵਿਚ ਪੁਛਿਆ।

ਕਿਸ ਕਾਰਣ ਗ੍ਰਿਹੁ ਤਜਿਓ ਉਦਾਸੀ ॥
ਕਿਸ਼ ਕਾਰਣ ਇਹੁ ਭੇਖ ਨਿਵਾਸੀ ॥
ਕਿਸ ਵਖਰ ਕੇ ਤੁਮ ਵਣਜਾਰੇ ॥
ਕਿਉਂਕਰ ਸਾਥ ਲੰਘਾਵਹੁ ਪਾਰੇ ॥ ੧੭ ॥

ਅਗਲੀ ਪਉੜੀ ਵਿਚ ਉਤ੍ਰ ਦਿਤਾ:—

ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਂਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖ ਉਤਰਸਿ ਪਾਰੇ ॥

ਸਿਧ ਗੋਸਟਿ ਪ: ੧੮

ਨਾਨਕ ਜੀ ਇਵ ਆਨਨ ਤੇ ਭਨ ਥਾਨ ਮਸਾਨਨ ਕੇ ਚਲਿ ਆਏ ॥
ਗੋਰ ਮਰੀ ਮਹਿ ਬੇਸਗਏ ਦਰਵੇਸ਼ ਕੋ ਬੇਸ ਸਰੀਰ ਬਨਾਏ ॥

ਨਾ: ਪ੍ਰ: ਅ: ੨੯

*ਉਦਾਸੀਨਤਾ

ਸਿਰ ਪਰ ਨੁਕਤਹਿ ਜੁਗਲ ਗਜ ਖਫਨੀ ਗਰਬਰ ਚੀਰ ॥
ਸੰਬਯਾਨਾ ਭਗਵੈ ਸਜੇ ਧਰਯੋ ਸੁਬੇਖ ਸਰੀਰ ॥

ਨਾ: ਪ੍ਰ: ਪਿ: ੩੩

ਅਬ ਇਕ ਬਾਤ ਬੋਲੀ ਦਰਵਾਨੇ ॥
ਕਾਰੂੰ ਸੇ ਇਮ ਜਾਇ ਬਖਾਨੇ ॥
ਇਕ ਫਕੀਰ ਤੁਮਰੇ ਦਰ ਆਯੇ ॥
ਮੁਲਾਕਾਤ ਕਰਬੈ ਫੁਰਮਾਯੇ ॥

ਨਾ: ਪ੍ਰ: ਉ: ਆ: ੧੬

ਇਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਜੀਵਾਂ ਦੀ ਕਲਯਾਨ ਲਈ ਭਗਵੇ ਬਸਤ੍ਰ ਪਹਿਰ ਅਤੀਤ ਭੇਖ ਧਾਰਨ ਕਰਕੇ ਦੇਸ਼ ਯਾਤ੍ਰਾ ਆਰੰਭ ਕੀਤੀ।

ਕਈ ਲੋਕ "ਜੋਗੁ ਨ ਭਗਵੀ ਕਪੜੀ" ਇਤਯਾਦੀ ਸ਼ਬਦਾਂ ਦ੍ਵਾਰਾ ਗੁਰਮਤ ਵਿਚ ਭਗਵਾ ਪਹਿਰਨਾ ਅਯੋਗ ਸਮਝਦੇ ਹਨ, ਪਰ ਹੇਠ ਲਿਖੇ ਸ਼ਬਦ ਵਿਚ ਗੁਰੂ ਜੀ ਨੇ ਅਤੀਤ ਵੈਰਾਗ ਵਾਨ ਮਹਾਤਮਾਂ ਲਈ ਭੂਸ਼ਣ ਰੂਪ ਦਸਿਆ ਹੈ।

ਇਕ ਸਮੇਂ ਮਰਦਾਨੇ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਕਿ ਆਪ ਘਰ ਦੇ ਆਰਾਮ ਛਡਕੇ ਉਜਾੜਾਂ ਵਿਚ ਫਿਰਨਾ ਕਿਉਂ ਪਸੰਦ ਕਰਦੇ ਹੋ, ਅਗੋਂ ਗੁਰੂ ਜੀ ਨੇ ਸ਼ਬਦ ਦ੍ਵਾਰਾ ਉਤਰ ਦਿਤਾ:-

ਦੇਵਤਿਆਂ ਦਰਸ਼ਨ ਕੈ ਤਾਈ
ਦੂਖ ਭੂਖ ਤੀਰਥ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ
ਕਰਿ ਕਰਿ ਭਗਵੇ ਭੇਖਿ ਭਏ ॥ ੧ ॥
ਤਉ ਕਾਰਣਿ ਸਾਹਿਬਾ ਰੰਗਿਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ
ਕਹਣ ਨ ਜਾਹੀ ਤੇਰੇ ਗੁਣ ਕੇਤੇ ॥ ੧ ॥ ਰਹਾਉ ॥
ਦਰ ਘਰ ਮਹਲਾ ਹਸਤੀ ਘੋੜੇ
ਛੋਡਿ ਵਲਾਇਤਿ ਦੇਸ ਗਏ ॥
ਪੀਰ ਪੇਕੰਬਰ ਸਾਲਿਕ ਸਾਦਿਕ
ਛੋਡੀ ਦੁਨੀਆ ਥਾਇ ਪਏ ॥ ੨ ॥
ਸਾਦ ਸਹਜ ਸੁਖ ਰਸ ਕਸ ਤਜੀਅਲੇ

ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ
ਨਾਮਿ ਰਤੇ ਦਰਵੇਸ ਭਏ ॥ ੩ ॥
ਖਲੜੀ ਖਪਰੀ ਲਕੜੀ ਚਮੜੀ
ਸਿਖਾ ਸੂਤੁ ਧੋਤੀ ਕੀਨੀ ॥
ਤੂੰ ਸਾਹਿਬੁ ਸਾਂਗੀ ਤੇਰਾ
ਪ੍ਰਣਵੈ ਨਾਨਕੁ ਜਾਤਿ ਕੈਸੀ ॥

[ਆਸਾ ਮ: ੧ ਸ: ੩

ਸ੍ਰੀ ਗੁਰੂ ਜੀ ਭਗਵੇ ਬਸਤਰਾਂ ਦੀ ਦਿਲੋਂ ਇਜ਼ਤ ਕਰਦੇ ਸਨ, ਇਸੇ ਲਈ ਭਗਵੇ ਬਸਤਰ, ਅਤੀਤ ਫਕੀਰਾਂ ਦਾ ਬਾਣਾ ਸਮਝਕੇ ਗੁਰੂ ਜੀ ਨੇ ਆਪ ਧਾਰਨ ਕੀਤੇ।

ਮਰਦਾਨਾ ਜਿਥੇ ਮੇਵਾ ਰੂਪ ਬਣਿਆਂ ਖਲੋਤਾ ਸੀ।

"ਗਏ ਤਿਸ ਆਲਯ ਦਯਾਲ ਦਰ ਠਾਡੇ ਭਏ
ਭਗਵੇ ਸਰੀਰ ਚੀਰ ਸਜੇ ਸੁਭ ਵੇਸਿਆ ॥

[ਨਾ: ਪ੍ਰ ਅ: ਪ੩

ਇਕ ਥਾਂ ਭਾਈ ਬੰਡੇ ਨੂੰ ਮਰਦਾਨਾ ਦਸਦਾ ਹੈ।

ਭਗਵੇ ਚੀਰ ਸਰੀਰ ਬਿਰਾਜੈ ॥
ਜਿਨਕੇ ਦਰਸ਼ਨ ਕਲਮਲ ਭਾਜੈ ॥

[ਨਾ: ਪ੍ਰ: ਅ: ੩

ਜਿਹ ਤਨ ਮਹਿ ਕੰਚਨ ਲੰਕਾਰਾ ॥
ਮੋਤੀ ਰਤਨਨ ਸੁਭਤ ਅਪਾਰਾ ॥
ਸੋ ਭਗਵੇ ਧਰ ਚੀਰ ਸਰੀਰਾ ॥
ਬੈਸੇ ਇਵ ਗੁਨ ਹੇਤ ਅਧੀਰਾ ॥

[ਨਾ: ਪ੍ਰ: ਅ: ੩੪

ਦੋਹਰਾ—ਬੇਖ ਗੁਰੂ ਕੋ ਦੇਖ ਕਰ ਪਿਤ ਵਿਸੇਖ ਰਿਸਮਾਨ ॥
ਕਟ ਕੁਪੀਨ ਇਕ ਨੁਕਤ ਸਿਰ ਦੋ ਭਗਵੇ ਸੰਬਧਾਨ ॥

[ਨਾ: ਪ੍ਰ: ਅ: ੪੧

ਇਸਤਰਾਂ ਭਗਵੇ ਪਹਿਨਕੇ ਗੁਰੂ ਜੀ ਜਿਥੇ ਜਿਥੇ ਗਏ, ਓਥੇ ਹੀ ਪਰਮੇਸ਼ੁਰ ਦੀ ਪਰਾਪਤੀ ਅਰਥ ਕਰਮ ਕਾਂਡ ਆਦੀ ਪਾਖੰਡਾਂ ਦਾ ਨਿਸ਼ੇਧ ਕਰਕੇ ਪ੍ਰਾਣੀ ਮਾਤਰ ਨੂੰ ਭਗਤੀ ਰੂਪ ਨਿਰਮਲ ਪੰਥ ਦਸਿਆ,

ਜੋ ਸਤਿਗੁਰ ਜੀ ਦੇ ਦਸੇ ਨਿਰਮਲ ਪੰਥ (ਨਿਰਮਲ ਮਾਰਗ) ਵਿਚ ਭਾਵੇਂ ਗ੍ਰਿਹਸਥੀ ਜਾਂ ਅਤੀਤ ਫਕੀਰੀ ਬਾਣੇ ਵਿਚ ਸਨ, ਓਹ ਸਭ ਨਿਰਮਲੇ ਨਾਮ ਕਰਕੇ ਪਰਸਿਧ ਹੋਏ।

ਇਕ ਗ੍ਰਿਹਸਤੀ ਸਨ ਜੋ ਆਪਣੇ ਘਰ ਕੁਟੰਬ ਵਿਚ ਰਹਿ ਕੇ ਨਾਮ ਸਿਮਰਨ ਵਿਚ ਜ਼ਿੰਦਗੀ ਬਤੀਤ ਕਰਦੇ ਸਨ, ਇਕ ਐਸੇ ਸਨ, ਜੋ ਸਤਿਗੁਰ ਜੀ ਦੇ ਇਲਾਹੀ ਬਾਣੇ ਉਤੇ ਮੋਹਤ ਹੁੰਦੇ ਹੋਏ ਘਰ ਬਾਰ ਨੂੰ ਛਡਕੇ:—

"ਆਪ ਜਪੈ ਅਵਰਹਿ ਨਾਮ ਜਪਾਵੈ ॥"

ਦੇ ਵਾਕ ਅਨੁਸਾਰ ਗੁਰੂ ਸਾਹਿਬ ਜੀ ਦਾ ਸੁੰਦਰ ਉਪਦੇਸ਼ ਸੰਸਾਰ ਦੇ ਕੋਨੇ ਕੋਨੇ ਅੰਦਰ ਪੁਜਾਣ ਲਈ ਭਗਵੇ ਬਸਤਰ ਪਹਿਨ, ਸੰਸਾਰੀ ਧੰਧਿਆਂ ਦਾ ਤਿਆਗ ਕਰਕੇ ਪਵਿਤ੍ਰ ਜ਼ਿੰਦਗੀ ਬਤੀਤ ਕਰਨ ਲਗ ਪਏ, ਕਿਤੇ ਗੁਰੂ ਸਾਹਿਬਾਂ ਦੇ ਨਾਲ ਰਹਿੰਦੇ ਹੋਏ ਸੇਵਾ ਕਰਦੇ ਰਹੇ, ਕਿਤੇ ਏਕਾ ਏਕੀ ਆਪਣੀ ਰਹਿਣੀ ਬਹਿਣੀ ਤੇ ਕਹਿਣੀ ਦਵਾਰਾ ਪੂਰਬ, ਦਖਣ, ਆਦੀ ਤੀਰਥਾਂ ਪੁਰ ਵਿਚਰਦੇ ਹੋਏ ਗੁਰੂ ਸਾਹਿਬਾਂ ਦੇ ਉਤਮ ਸਿਧਾਂਤ ਦਾ ਪਰਚਾਰ ਕਰਦੇ ਰਹੇ।

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਸੁਤੰਤਰ ਨਿਰਮਲੇ ਸੰਤ ਵਿਚਰਦੇ ਰਹੇ, ਜਦ ਆਪਦੇ ਦਿਲੀ ਵਿਚ ਜੋਤੀ ਜੋਤ ਸਮਾਉਣ ਦੀ ਖਬਰ ਸੁਣੀ ਤਾਂ ਸਭ ਦੂਰੋਂ ਦੂਰੋਂ ਆਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਿਆਂ ਚਰਨਾਂ ਵਿਚ ਆਨੰਦਪੁਰ ਸਾਹਿਬ ਪੁਜ ਗਏ, ਜਿਥੇ ਨਿਰ ਅਭਿਮਾਨ ਹੋਕੇ ਹਰ ਤਰ੍ਹਾਂ ਦੀ ਸੇਵਾ ਕਰਦੇ ਰਹੇ।

ਨਿਰਮਲੇ ਸੰਤਾਂ 'ਚ ਜਾਂ ਹੋਰ ਆਮ ਸਿਖ ਜਨਤਾ ਵਿਚ ਪਹਿਲਾਂ ਸੰਸਕ੍ਰਿਤ ਪੜ੍ਹਨ ਦਾ ਕੋਈ ਆਮ ਰਿਵਾਜ ਨਹੀਂ ਸੀ, ਜਦ ਸ੍ਰੀ ਗੁਰੂ ਦਸ਼ਮੇਸ਼ ਜੀ ਸੰ: ੧੭੪੨-੪੩ ਵਿਚ ਪਾਂਵਟੇ ਸਾਹਿਬ ਰਹੇ, ਜਿਥੇ ਕ੍ਰਿਸ਼ਨਾਂ ਅਵਤਾਰ ਆਦੀ ਬਾਣੀ ਰਚਦੇ ਰਹੇ, ਅਤੇ ਆਪਦੇ ਆਗ੍ਯਾ ਅਨੁਸਾਰ ਹੋਰ ਕਈ ਗੁਣੀ, ਪੰਡਤ ਮਹਾਂਭਾਰਤ ਆਦਿਕ ਪੁਰਾਣਾਂ ਦਾ ਉਲਥਾ ਭਾਸ਼ਾ ਵਿਚ ਕਰਦੇ ਰਹੇ ਤਾਂ ਇਸ ਸਮੇਂ ਗੁਰੂ ਜੀ ਦੇ ਦਿਲ ਵਿਚ ਆਇਆ ਕਿ ਜਿਸਤਰ੍ਹਾਂ ਮੇਰੇ ਸਿਖ ਸ਼ਸਤਰ ਵਿਦਿਆ ਵਿਚ ਪੂਰਣ ਚਤੁਰ ਹਨ, ਉਸੀ ਤਰ੍ਹਾਂ ਸੰਸਕ੍ਰਿਤ ਵਿਦਿਆ ਵਿਚ ਪੂਰਨ ਵਿਦਵਾਨ ਹੋਣੇ ਚਾਹੀਦੇ ਹਨ, ਇਸ ਖਿਆਲ ਨੂੰ ਸਨਮੁਖ ਰਖਕੇ ਆਪਨੇ ਰਘੁਨਾਥ ਪੰਡਤ ਨੂੰ ਸਿਖਾਂ ਦੇ ਪੜ੍ਹਾਵਨ ਲਈ ਆਖਿਆ, ਪਰ ਪੰਡਤ ਨੇ ਸਿਖਾਂ ਨੂੰ ਸ਼ੂਦਰ ਸਮਝਕੇ

ਧਰਮ ਸ਼ਾਸਤਰ ਦੀ ਆਗਿਆ ਦਾ ਪਾਲਨ ਕਰਦੇ ਹੋਏ ਇਨਕਾਰ ਕਰ ਦਿਤਾ "ਕਿਉਂਕਿ ਧਰਮ ਸ਼ਾਸਤਰ ਵਿਚ ਲਿਖਿਆ ਹੈ ਕਿ ਵੇਦ ਵਿਦਿਆ ਪੜ੍ਹਨ ਵਾਲੇ ਸ਼ੂਦਰ ਅਰ ਸ਼ੂਦਰ ਨੂੰ ਪੜ੍ਹਾਉਣ ਵਾਲੇ ਪੰਡਤ ਦੇ ਮੂੰਹ ਵਿਚ ਸਿਕਾ ਢਾਲਕੇ ਉਨ੍ਹਾਂ ਨੂੰ ਮਾਰ ਦੇਣਾ ਚਾਹੀਦਾ ਹੈ।"

ਪ੍ਰੰਤੂ, ਗੁਰੂ ਜੀ ਨੇ ਰੋਸ ਵਿਚ ਆਕੇ ਹੇਠ ਲਿਖੇ ਵਾਕ ਕਹੇ:-

ਬੋਲੇ ਗੁਰ ਸੁਨ ਦ੍ਵਿਜ ਅਭਿਮਾਨੀ ॥
ਸ਼ੂਦ੍ਰ ਕਹਿਤ ਜਿਨੇ ਤੂੰ ਬਾਨੀ ॥
ਇਨਹੀ ਮੇਰੇ ਸਿਖਨ ਤੇ ਲਖ ॥
ਵਿਦਯਾ ਬੇਦ ਪੜ੍ਹੇਗੇ ਦ੍ਵਿਜ ਦਖ ॥
ਨਿਗਮਾਗਮ ਲੌ ਚੌਦਸ ਵਿਦਯਾ ॥
ਮੈ ਬਖਸ਼ੀ ਸਿਖਹਿ ਪਰ ਸਿਧਯਾ ॥
ਜਿਸਕੋ ਤੂੰ ਸੂਦ੍ਰ ਬਤਰੈਂਹੈ ॥
ਏਹ ਵਿਦਯਾ ਗੁਰ ਤੁਮਰੇ ਥੈਂਹੈ ॥
ਏਹ ਬਰ ਦੇ ਗੁਰ ਛੰਦ ਬਖਾਨਾ ॥
ਸਰਬ ਲੋਹ ਮੈ ਪਿਖੋ ਸੁਜਾਨਾ ॥

ਪੰ: ਪ੍ਰ: ਆ: ੧੧੩

ਬਾਹਦ ਕਾਂਸ਼ੀ ਭੇਜਣ ਲਈ ਗ੍ਰੈਹਸਤ ਤੋਂ ਉਪ੍ਰਾਮ, ਨਾਮ ਦੇ ਅਭਯਾਸੀ, ਵਿਦਯਾ ਦੇ ਚਾਹਵਾਨ, ਅਤੀਤ ਬ੍ਰਿਤੀ ਵਾਲੇ, ਸ੍ਰੀ ਮਾਨ ਸੰਤ ਗੰਡਾ ਸਿੰਘ ਜੀ, ਕਰਮ ਸਿੰਘ ਜੀ, ਬੀਰ ਸਿੰਘ ਜੀ, ਰਾਮ ਸਿੰਘ ਜੀ, ਸੋਭਾ ਸਿੰਘ ਜੀ, ਸੈਣਾ ਸਿੰਘ ਜੀ, ਆਦਕਾਂ ਨੂੰ ਚੁਣਿਆਂ, ਜੇਹੜੇ ਸ੍ਰੀ ਦਸ਼ਮੇਸ਼ ਜੀ ਦੀ ਆਗਿਆ ਸਿਰ ਮਥੇ ਤੇ ਮੰਨਦੇ ਹੋਏ ਭਗਵਿਆਂ ਬਸਤ੍ਰਾਂ ਚ ਸੁਸ਼ੋਭਿਤ, ਬ੍ਰਾਹਮਣਾਂ ਕਰਕੇ ਪੂਜਯ ਸੰਨਯਾਸ ਆਸ਼੍ਰਮ ਨੂੰ ਪ੍ਰਗਟ ਕਰਦੇ ਹੋਏ ਬਨਾਰਸ ਪਹੁੰਚੇ, ਚੇਤਨ ਬਟ ਸੰਗਤ, ਜੋ ਇਸ ਵੇਲੇ ਨਿਰਮਲੇ ਸੰਤਾਂ ਦਾ ਇਕ ਵਡਾ ਪ੍ਰਸਿਧ ਅਸਥਾਨ ਹੈ, ਉਥੇ ਆਸਣ ਲਗਾਕੇ ਸੰਸਕ੍ਰਿਤ ਵਿਦਿਯਾ ਦੇ ਅਧੇਨ ਵਿਚ ਲਗ ਗਏ।

ਸ੍ਰੀ ਮਾਨ ਸਰਦਾਰ ਕਾਹਨ ਸਿੰਘ ਜੀ ਨਾਭਾ ਨੇ ਵੀ ਕੋਸ਼ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਦਸ਼ਮੇਸ਼ ਜੀ ਨੇ ਸਿਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਬ੍ਰਹਮਚਾਰੀ ਦੇ ਭੇਸ ਵਿਚ ਕਾਂਸ਼ੀ ਭੇਜਿਆ।

ਇਥੇ ਭਾਈ ਧਰਮਾਨੰਤ ਸਿੰਘ ਜੀ ਹੇਠ ਲਿਖੇ ਇਤਰਾਜ਼ ਪ੍ਰਗਟ ਕਰਕੇ ਲਿਖਦੇ ਹਨ, ਕਿ ਸ੍ਰੀ ਗੁਰੂ ਜੀ ਨੇ ਕਿਸੇ ਨਿਰਮਲੇ ਸੰਤ ਨੂੰ ਕਾਂਸ਼ੀ

ਨਹੀਂ ਭੇਜਿਆ।

੧. ਬਵੰਜਾ ਕਵੀ ਵਿਦ੍ਵਾਨਾਂ ਦੇ ਹੁੰਦਿਆਂ ਸੁੰਦਿਆਂ ਸਿਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਦੀ ਕੀ ਲੋੜ ਸੀ, ਕਿਉਂਕਿ ਐਸਾ ਕੇੜ੍ਹਾ ਕੰਮ ਸੀ ਜੋ ਕਵੀਆਂ ਦ੍ਵਾਰਾ ਪੂਰਾ ਨਹੀਂ ਹੋ ਸਕਦਾ ਸੀ।

੨. ਜੇਕਰ ਲੋੜ ਭਾਸੀ ਵੀ ਸੀ, ਤਾਂ ਕਾਂਸ਼ੀ ਕਿਉਂ ਭੇਜਿਆ, ਕਿਉਂਕਿ ਜਿਸ ਗੁਰੂ ਜੀ ਦੇ ਪਿਤਾ ਦੀ ਕੁਰਬਾਨੀ ਦੇ ਬ੍ਰਾਹਮਣ ਲੋਗ ਰਿਣੀ ਸਨ ਉਨਾਂ ਨੂੰ ਮਹਾਰਾਜ ਦੇ ਸਿਖਾਂ ਨੂੰ ਪਾੜ੍ਹਉਣ ਵਲੋਂ ਨਾਂਹ ਕਰਨ ਦੀ ਜੁਰੱਤ ਕਿਸ ਤਰਾਂ ਪੈ ਸਕਦੀ ਸੀ।

੩. ਕਾਂਸ਼ੀ ਭੇਜਕੇ ਕਿਉਂ ਬਿਪਤਾ ਦੇ ਵਿਚ ਪਾਇਆ।

੪. ਕਾਂਸ਼ੀ ਦੇ ਕੰਗਾਲ ਮੰਗਤਿਆਂ ਪਾਸੋਂ ਕਿਉਂ ਹਤਕ ਕਰਵਾਈ।

੫. ਜੇ ਕਰ ਮੰਨ ਲਿਤਾ ਜਾਵੇ ਕਿ ਭਗਵਿਆਂ ਬਸਤ੍ਰਾਂ ਨਾਲ ਕਾਂਸ਼ੀ ਗਏ ਸਨ, ਤਾਂ ਆਣਕੇ ਕਿਉਂ ਨਾ ਉਤਾਰ ਦਿਤੇ।

੬. ਜੇਕਰ ਪੜ੍ਹੇ ਵੀ ਤਾਂ ਪੰਥ ਦਾ ਕੀ ਕੰਮ ਸਵਾਰਿਆ।

੭. ਚਾਰਾਂ ਵਰ੍ਹਿਆਂ ਵਿਚ ਕਿਤਨੀ ਵਿਦਿਆ ਪੜ੍ਹ ਗਏ ਹੋਣਗੇ।

ਇਸਤਰ੍ਹਾਂ ਦੀਆਂ ਕਈ ਮਨਹੋਦਰੀਆਂ ਦਲੀਲਾਂ ਦਿਤੀਆਂ ਹਨ, ਜਿਨ੍ਹਾਂ ਦਾ ਕੋਈ ਵਜ਼ਨ ਨਹੀਂ।

## (ਕ੍ਰਮ ਅਨੁਸਾਰ ਉਤਰ)

੧. ਸ੍ਰੀ ਮਾਨ ਜੀ ਦਸੋ, ਜੇ ਕੋਈ ਆਪਤੋਂ ਏਹ ਪੁਛੇ, ਕਿ ਜਦ ਸਿਖ ਲੜਕੇ ਗੌਰਮਿੰਟ ਜਾਂ ਮਿਸ਼ਨ ਆਦਿਕ ਕਾਲਜਾਂ ਵਿਚ ਭੀ ਪੜ੍ਹਾਈ ਕਰ ਸਕਦੇ ਸਨ, ਤਾਂ ਕਈ ਲਖਾਂ ਰੁਪਏ ਖਰਚਕੇ ਗੁਰੂ ਨਾਨਕ, ਜਾਂ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਬਣਾਉਣ ਦੀ ਕੀ ਲੋੜ ਸੀ? ਇਸੇ ਤਰ੍ਹਾਂ ਇਕ ਮਹਾਰਾਜਾ ਆਪਣੇ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਰਾਹੀਂ ਜੇਕਰ ਕੁਲ ਰਿਆਸਤ ਦਾ ਪਰਬੰਧ ਚੰਗੀ ਤਰ੍ਹਾਂ ਕਰ ਸਕਦਾ ਹੈ, ਤਾਂ ਉਸਨੂੰ ਆਪਣੇ ਲੜਕਿਆਂ ਦੇ ਪੜ੍ਹਾਉਣ ਦੀ ਕੀ ਲੋੜ ਹੈ, ਮੈਂ ਤਾਂ ਆਖਾਂਗਾ ਕਿ ਗੌਰਮਿੰਟ ਤੇ ਮਿਸ਼ਨ ਆਦਿਕ ਕਈ ਕਾਲਜਾਂ ਦੇ ਹੁੰਦਿਆਂ ਭੀ ਸਿਖ ਕੌਮ ਨੂੰ ਖਾਲਸਾ ਕਾਲਜ ਜਾਂ ਗੁਰੂ ਨਾਨਕ ਕਾਲਜ ਦੇ ਖੋਲ੍ਹਣ ਦੀ ਜਿਵੇਂ ਲੋੜ ਪੈ ਗਈ, ਜਾਂ ਇਉਂ ਕਹੋ ਅਨੇਕਾਂ ਅੰਗਰੇਜ਼ੀ ਪੜ੍ਹੇ ਮੁਲਾਜ਼ਮਾਂ ਦੇ ਹੁੰਦਿਆਂ ਸੁੰਦਿਆਂ ਜਿਵੇਂ ਇਕ ਸਿਖ ਮਹਾਰਾਜਾ ਆਪਣੇ ਸਾਹਿਬਜ਼ਾਦਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਉਪਰਾਲਾ ਕਰਦਾ ਹੈ, ਤਿਵੇਂ ਦੂਸਰੇ ਦੇਸ਼ਾਂ

ਵਿਚ ਜਿਥੇ ਪੰਜਾਬੀ ਜ਼ੁਬਾਨ ਨਹੀਂ ਸਮਝ ਸਕਦੇ, ਉਨ੍ਹਾਂ ਦੇਸ਼ਾਂ ਵਿਚ ਗੁਰਮਤ ਪਰਚਾਰ ਕਰਨ ਲਈ (ਜੋ ਕਿਸੀ ਗੈਰ ਆਦਮੀ ਪਾਸੋਂ ਹੋਣਾ ਅਸੰਭਵ ਹੈ) ਫਾਰਸੀ ਆਦਿਕ ਇਲਮਾਂ ਵਾਂਗ ਗੁੱੜ੍ਹੇ ਸੰਸਕ੍ਰਿਤ ਤੋਂ ਜਾਣੂ ਕਰਨ ਲਈ ਸ੍ਰੀ ਦਸ਼ਮੇਸ਼ ਗੁਰੂ ਜੀ ਨੇ ਸੇਵਕਾਂ ਨੂੰ ਕਾਂਸ਼ੀ ਭੇਜਿਆ, ਤਾਂ ਕੀ ਅਨਰਥ ਹੋਗਿਆ।

੨. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਦੇ ਜ਼ੋਰ ਅੈਸਾਨ ਹੁੰਦਿਆਂ ਜੇਕਰ ਸੁਚਾ ਨੰਦ ਹਿੰਦੂ ਖੱਤਰੀ ਮਹਾਰਾਜ ਦੇ ਸਾਹਿਬ-ਜਾਦਿਆਂ ਲਈ ਜ਼ਹਿਰੀਲੇ ਸੱਪ ਵਰਗੇ ਸ਼ਬਦ ਵਰਤ ਸਕਦਾ ਹੈ, ਪਹਾੜੀਏ ਹਿੰਦੂ ਰਾਜੇ ਸ੍ਰੀ ਦਸ਼ਮੇਸ਼ ਜੀ ਦੇ ਪਕੜਾਉਣ ਲਈ ਇਕ ਤੁਰਕ ਪਾਤਸ਼ਾਹ ਨਾਲ ਮੇਲ ਕਰ ਸਕਦੇ ਹਨ, ਅਰ ਗੰਗੂ ਬ੍ਰਾਹਮਣ ੨੧ ਵਰ੍ਹਿਆਂ ਦਾ ਮੁਲਾਜ਼ਮ ਹੁੰਦਾ ਹੋਇਆ ਛੋਟੇ ਸਾਹਿਬਜ਼ਾਦਿਆਂ ਨੂੰ ਕਤਲ ਕਰਵਾਣ ਦੀ ਜੁਰੱਤ ਕਰ ਸਕਦਾ ਹੈ, ਤਾਂ ਰਘੂਨਾਥ ਪੰਡਤ ਨੂੰ ਕੇਵਲ ਪੜ੍ਹਾਉਣ ਵਲੋਂ ਨਾਂਹ ਕਰਨ ਦੀ ਕੀ ਔਖਿਆਈ ਪ੍ਰਤੀਤ ਹੋ ਸਕਦੀ ਹੈ, ਫਿਰ ਨਾਂਹ ਵੀ ਕੀਤੀ ਤਾਂ ਇਕ ਆਪਣੇ ਧਰਮ ਸ਼ਾਸਤਰ ਦੀ ਆਗਿਆ ਨੂੰ ਸਨਮੁਖ ਰਖਦਿਆਂ ਹੋਇਆਂ ਕੀਤੀ, ਨਾਲੇ ਜਾਤੀ ਅਧਯਾਸ ਨੂੰ ਛਡਣਾ ਹਰ ਇਕ ਲਈ ਮੁਸ਼ਕਲ ਹੁੰਦਾ ਹੈ।

ਜਿਵੇਂ ਅਜ ਕਲ ਹਰੀਦੁਆਰ ਕਾਂਸ਼ੀ ਨਿਰਮਲੇ, ਉਦਾਸੀ ਅਖਾੜਿਆਂ ਵਿਚ ਬ੍ਰਾਹਮਣ ਰਸੋਈਏ ਚਾਰ ਪੰਜ ਰੁਪਏ ਮਹੀਨਾ ਤਨਖਾਹ ਲੈਂਦੇ ਹਨ, ਹੋਰ ਉਪਲੀ ਹਥ ਜੋੜੀ ਤੇ ਅਤਯੰਤ ਨਿਮ੍ਰਤਾ ਵੀ ਕਰਦੇ ਹਨ, ਪਰ ਰੋਟੀ ਪਕਾਉਣ ਵੇਲੇ ਆਪਣੇ ਵਡੇ ਤੋਂ ਵਡੇ ਮਾਲਕ ਕਿਸੇ ਮਹੰਤ ਸੰਤ ਨੂੰ ਚੌਂਕੇ ਨਾਲ ਛੋਹਣ ਨਹੀਂ ਦੇਂਦੇ, ਜੇਕਰ ਛੋਹ ਜਾਏ ਤਾਂ ਸਾਰੇ ਚੌਂਕੇ ਨੂੰ ਅਪਵਿਤ੍ਰ ਮੰਨਦੇ ਹਨ, ਭੁਖਾ ਰਹਿਣਾ ਮਨਜ਼ੂਰ ਕਰ ਲੈਂਦੇ ਹਨ, ਪਰ ਕਦੇ ਕਿਸੇ ਦੇ ਦਬਾ ਹੇਠਾਂ ਆਕੇ ਆਪਣਾ ਅਸੂਲ ਨਹੀਂ ਛਡਦੇ।

ਇਸੇ ਤਰ੍ਹਾਂ ਰਘੂਨਾਥ ਪੰਡਿਤ ਨੇ ਆਪਣੇ ਖਿਆਲ ਅਨੁਸਾਰ ਸ਼ੂਦ੍ਰ ਸਮਝਕੇ ਮਹਾਰਾਜ ਦੇ ਸਿੱਖਾਂ ਨੂੰ ਪੜ੍ਹਾਉਣ ਲਈ ਦਿਲ ਨਾ ਦਿਤਾ ਹੋਵੇਗਾ।

੩. ਇਕ ਤੋਂ ਵਧ ਡਿਗਰੀਆਂ ਲੈਣ ਦੀ ਖਾਤ੍ਰ ਜਰਮਨੀ ਫ੍ਰਾਂਸ ਅਮ੍ਰੀਕਾ ਦੂਰ ਦੂਰ ਮੁਲਕਾਂ ਵਿਚ ਜਾਣਾਂ ਤਾਂ ਆਪ ਦੁਖ ਨਹੀਂ ਸਮਝਦੇ, ਪਰ ਕਾਂਸ਼ੀ ਵਿਚ ਭੇਜਣਾ ਮਹਾਤਮਾਂ ਨੂੰ ਬਿਪਤਾ ਵਿਚ ਪਾਣਾ ਦਸਦੇ ਹਨ,

ਜੇੜ੍ਹੇ ਮਹਾਤਮਾਂ ਅਗੇ ਹੀ ਦੇਸ਼ ਦੇਸ਼ਾਤ੍ਰਾਂ, ਵਿਚ ਵਿਚਰਨੇ ਹਿਲੇ ਹੋਏ ਹਨ, ਫਿਰ ਪਤਾ ਨਹੀਂ ਉਨ੍ਹਾਂ ਸੰਤਾਂ ਨਾਲ ਆਪਨੇ ਇਤਨੀ ਹਮਦਰਦੀ ਕਿਉਂ ਕੀਤੀ ਹੈ, ਹਾਲਾਂ ਕੇ ਸਤਿਗੁਰਾਂ ਦੀ ਆਗਿਆ ਮੰਨਦੇ ਹੋਏ ਹਜ਼ਾਰਾਂ ਸਿਖਾਂ ਨੇ ਪੰਥ ਦੀ ਖਾਤ੍ਰ ਆਪਣੇ ਸ੍ਰਬੰਸ ਕੁਰਬਾਨ ਕਰ ਦਿਤੇ, ਉਨਾਂ ਦਾ ਦੁਖ ਤਾਂ ਨਾ ਪ੍ਰਗਟ ਕੀਤਾ, ਪਰ ਜੇੜ੍ਹੇ ਗੁਰੂ ਸਾਹਿਬਾਂ ਦੀ ਇਕ ਸਾਧਾਰਣ ਜੇਹੀ ਆਗਿਆ ਨੂੰ ਮੰਨਦੇ ਹੋਏ ਖੁਸ਼ੀ ਨਾਲ ਕਾਂਸ਼ੀ ਜਾਂਦੇ ਹਨ, ਉਨਾ ਨੂੰ ਬਿਪਦਾ ਵਿਚ ਪਾਣਾ ਦਸਦੇ ਹਨ।

੪. ਕਾਂਸ਼ੀ ਦੇ ਵਿਦ੍ਵਾਨ ਪੰਡਿਤ ਜਿਨਾਂ ਦਾ ਸਿਕਾ ਸਾਰਾ ਹਿੰਦੋਸ-ਤਾਨ ਮੰਨ ਦਾ ਹੋਇਆ ਉਨਾਂ ਨੂੰ ਇਕ ਇਜ਼ਤ ਦੀ ਨਜ਼ਰ ਨਾਲ ਵੇਖਦਾ ਹੈ ਪਰ ਸਰਦਾਰ ਸਾਹਿਬ ਤਹਿਜ਼ੀਬ ਤੋਂ ਗਿਰੇ ਹੋਏ ਲਫਜ਼, ਕੰਗਾਲ ਮੰਗਤੇ ਕੇਹਕੇ ਆਪਣੀ ਸਭੱਜਤਾ ਦਾ ਸਬੂਤ ਦੇਂਦੇ ਹਨ।

੫. ਗੁਰੂ ਸਾਹਿਬ ਨੇ ਜਦ ਪਹਿਲੇ ਹੀ ਗ੍ਰੇਹਸਤ ਤੋਂ ਉਪ੍ਰਾਮ ਭਗਵੇ ਬਸਤ੍ਰ ਸੰਜੁਕਤ ਅਤੀਤ ਜ਼ਿੰਦਗੀ ਵਾਲਿਆਂ ਨੂੰ ਭੇਜਿਆ, ਤਾਂ ਆਕੇ ਉਨਾਂ ਨੂੰ ਬਸਤ੍ਰ ਲਾਹੁਣ ਦੀ ਕੀ ਲੋੜ ਸੀ, ਕੀ ਪ੍ਰਚਾਰ ਦਾ ਕੰਮ ਉਨ੍ਹਾਂ ਲਈ ਖਤਮ ਹੋ ਗਿਆ ਸੀ।

੬. ਆਪ ਕੇਂਹਦੇ ਹਨ ਕਿ ਉਨ੍ਹਾਂ ਪੜ੍ਹਕੇ ਪੰਥ ਦਾ ਕੀ ਕੰਮ ਸਵਾਰਿਆ ਹੈ।

ਉਤਰ—ਇਤਿਹਾਸ ਦਸਦਾ ਹੈ ਕਿ ਗੁਰੂ ਨਾਨਕ ਦੀ ਸਿਖੀ, ਦਸ਼ਮੇਸ਼ ਗੁਰੂ ਜੀ ਤਕ ਹਿੰਦੋਸਤਾਨ ਦੇ ਕੋਨੇ ਕੋਨੇ ਤਕ ਫੈਲੀ ਹੋਈ ਸੀ, ਜੇਹਾ ਕਿ ਆਸਾਮ ਦੇਸ਼ ਦੇ ਰਾਜੇ ਦਾ ਆਨੰਦ ਪੁਰ ਸਾਹਿਬ ਆਉਣਾ, ਢਾਕੇ ਵਿਚ ਬੁਲਾਕੀ ਦਾਸ ਦੀ ਬ੍ਰਿਧ ਮਾਤਾ ਨੇ ਆਪਣੇ ਕਤੇ ਹੋਏ ਸੂਤ੍ਰ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲਈ ਪਹਿਲਾਂ ਹੀ ਪਲੰਗ ਤੇ ਸਾਰੀ ਪੁਸ਼ਾਕ ਦਾ ਤਿਆਰ ਰਖਣਾ।

ਮਖਣ ਸ਼ਾਹ ਦਾ ਦੱਖਣ ਦੇਸ ਤੋਂ ਆਉਣਾ ਉਜੈਨ ਵਾਲੇ ਬਿਸੰਭਰ ਦੇ ਪੁਤ੍ਰ ਹਰਗੋਪਾਲ ਦਾ ਸਣੇ ਸੰਗਤ ਆਉਣਾ, ਆਗਰੇ ਦੀ ਸੰਗਤ ਅਤੇ ਪਿਸ਼ੌਰ ਕਾਬਲ ਤੋਂ ਸਿਖਾਂ ਦਾ ਆਉਣਾ, ਕਸ਼ਮੀਰ ਦੀ ਮਾਈ ਭਾਗ ਭਰੀ ਨੇ ਸ੍ਰੀ ਗੁਰੂ ਛੇਵੀਂ ਪਾਤਸ਼ਾਹ ਲਈ ਆਪਣੀ ਹਥੀਂ ਕਤੇ ਹੋਏ ਸੂਤ੍ਰ ਦਾ ਚੋਗਾ ਪਹਿਲਾਂ ਹੀ ਤਿਆਰ ਰਖਣਾ, ਸਸਰਾਮ ਦੇ ਭਾਈ ਫਗੋ ਜੀ ਨੇ ਆਪਣੇ ਮਕਾਨ ਦਾ ਬਾਹਰਲਾ ਦਰਵਾਜ਼ਾ ਸ੍ਰੀ ਗੁਰੂ ੯ ਪਾਤਸ਼ਾਹ ਜੀ ਲਈ ਪਹਿਲਾਂ ਹੀ ਵਡਾ ਤਿਆਰ ਰਖਾਉਣਾ, ਆਨੰਦ ਪੁਰ ਸਾਹਿਬ ਅਮ੍ਰਿਤ

ਛਕਣ ਵੇਲੇ ਹਸਤਨਾ ਪੁਰ ਦੁਆਰਕਾ ਪੁਰੀ, ਬਿਦੁਰ ਪੁਰੀ, ਜਗਨ ਨਾਥ ਪੁਰੀ, ਆਦਿਕਾਂ ਦੇ ਸਿਖਾਂ ਦਾ ਮੌਜੂਦ ਹੋਣਾ, ਇਤਯਾਦਕ ਲੇਖਾਂ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਜੀ ਦੀ ਸਿਖੀ ਦੇਸ਼ ਦੇਸ਼ਾਂਤ੍ਰਾਂ ਵਿਚ ਫੈਲੀ ਹੋਈ ਸੀ, ਪਰ ਹੁਣ ਸਿਵਾਇ ਪੰਜਾਬ ਅਤੇ ਸਿੰਧ ਦੇ ਹੋਰ ਕਿਧਰੇ ਅਧਿਕਤਾ ਕਰਕੇ ਨਹੀਂ ਦਿਸਦੀ, ਕਿਉਂ ਘਟ ਗਈ, ਇਸ ਦਾ ਸਬਬ ਮੈਂ ਤਾਂ ਏਹੀ ਸਮਝਦਾ ਹਾਂ ਕਿ ਸ੍ਰੀ ਦਸ਼ਮੇਸ਼ ਗੁਰੂ ਜੀ ਦੇ ਬਾਹਦ ੭੦–੮੦ ਵਰ੍ਹੇ ਤਾਂ ਖਾਲਸਾ ਜੰਗਾਂ ਜੁਧਾਂ ਦੇ ਝਗੜਿਆਂ ਵਿਚ ਲਗਾ ਰਹਿਆ, ਅਤੇ ਅਤੀਤ ਬ੍ਰਿਤੀ ਸੰਤ ਲੋਗ ਗੁਰੂ ਅਸਥਾਨਾ ਦੀ ਸੇਵਾ ਕਰਦੇ ਰਹੇ, ਬਾਦ ਕਈ ਵਰ੍ਹੇ ਇਕ ਦੂਜੇ ਨਾਲੋਂ ਵਡਾ ਬਣਨ ਦੀ ਖਾਤ੍ਰ ਬਾਰਾਂ ਮਿਸਲਾਂ ਦੇ ਝਗੜੇ ਛਿੜੇ ਰਹੇ, ਫਿਰ ਕਿਤਨੇ ਸਮੇ ਤੋਂ ਬਾਹਦ ਬਾਬਾ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲਿਆਂ ਨੇ ਆਪਣੇ ਤਪ ਤੇਜ ਦੇ ਪ੍ਰਭਾਵ ਕਰਕੇ ਧੰਨੀ ਪੋਠੋ ਹਾਰ ਆਦਕ ਦੇਸ਼ਾਂ ਵਿਚ ਵਿਚਰ ਕੇ ਲਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ।

ਸੰ: ੧੮੬੦ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਭੀ ਪੂਰਨ ਤਪ ਤੇਜ ਬੜ੍ਹਿਆਂ ਹੋਇਆ ਸੀ, ਆਪ ਗੁਰ ਸਿਖਾਂ ਨਾਲ ਪੂਰਨ ਪਿਆਰ ਕਰਦੇ, ਤੇ ਅੰਮ੍ਰਿਤ ਧਾਰੀ ਸਿਖਾਨੂੰ ਵੇਖਕੇ ਆਪ ਵਡੇ ਪ੍ਰਸੰਨ ਹੁੰਦੇ ਸਨ, ਇਸ ਅਮਨ ਦੇ ਰਾਜ ਵਿਚ ਮਹਾਰਾਜਾ ਦੇ ਸ਼ੁਭ ਆਸ਼ੇ ਅਨੁਸਾਰ, ਸ੍ਰੀ ਮਾਨ ਸੰਤ ਮਸਤਾਨ ਸਿੰਘ ਜੀ ਮੜਾਝ ਵਾਲੇ, ਪੰਡਿਤ ਮਾਨ ਸਿੰਘ ਜੀ ਕੁਬੇਰੀਏ ਪੰਡਿਤ ਨਿਕਾ ਸਿਘ ਜੀ ਬਰਨਾਲਾ, ਪੰਡਿਤ ਗੁਲਾਬ ਸਿੰਘ ਜੀ ਕਰਤਾ ਮੋਖ ਪੰਥ, ਸੰਤ ਚੇਤ ਸਿੰਘ ਜੀ ਕੈਥਲੀਏ, ਮਹੰਤ ਜੋਗਾ ਸਿੰਘ ਜੀ ਠਾਕਰ ਦਿਆਲ ਸਿੰਘ ਜੀ ਸ੍ਰੀ ਅੰਮ੍ਰਿਤਸਰ, ਮਹਾਰਾਜ ਤੋਤਾ ਸਿੰਘ ਸੀ ਠੀਕਰੀ ਵਾਲੇ, ਮਹੰਤ ਗੁਰਦਿਆਲ ਸਿੰਘ ਜੀ ਗੰਧੀਆਂ, ਸੰਤ ਖਜ਼ਾਨ ਸਿੰਘ ਜੀ ਦੂਧਾ ਧਾਰੀ ਚਕਵਾਲ, ਠਾਕੁਰ ਦੀਵਾਨ ਸਿੰਘ ਜੀ ਮੰਗਵਾਲ, ਠਾਕੁਰ ਮੇਲਾ ਸਿੰਘ ਜੀ ਨਗਾਲੀ ਸਾਹਿਬ ਪੁਣਛ, ਸੰਤ ਬਲਾ ਸਿੰਘ ਜੀ ਖਡੂਰ ਸੰਤ ਮਲਾ ਸਿੰਘ ਜੀ ਪੰਡੋਰੀ, ਸੰਤ ਉਤਮ ਸਿੰਘ ਜੀ ਲੰਮੇ ਜਾਗੀਰ, ਸੰਤ ਥਰਾਜ ਸਿੰਘ ਜੀ ਸ਼ੇਖਵਾਂ, ਸੰਤ ਭਾਗ ਸਿੰਘ ਜੀ ਗਦੜੀਏ, ਸੰਤ ਰਣ ਸਿੰਘ ਜੀ ਹਰੀ ਕੇ, ਇਤਆਦਿਕ ਸਭ ਨਿਰਮਲੇ ਮਹਾਤਮਾਂ ਨੇ ਮਾਝਾ ਮਾਲਵਾ, ਦੁਆਬਾ, ਧੰਨੀ ਪੋਠੋਹਾਰ, ਪੁਣਛ ਆਦੀ ਆਪਣੇ ਆਪਣੇ ਦੇਸ਼ਾਂ ਵਿਚ ਵਿਚਰਕੇ ਹਜ਼ਾਰਾਂ ਲਖਾਂ ਸਹਿਜਧਾਰੀਆਂ ਨੂੰ ਅੰਮ੍ਰਿਤ ਛਕਾਕੇ ਸਿੰਘ ਸਜਾਯਾ, ਤੇ ਪਿੰਡ ਪਿੰਡ ਧਰਮਸਾਲਾ ਕਾਇਮ ਕੀਤੀਆਂ, ਉਧਰ ਕਾਂਸ਼ੀ ਆਦੀ ਅਸਥਾਨਾਂ ਵਿਚ

ਪੰਡਿਤ ਸਦਾ ਸਿੰਘ ਜੀ ਕਰਤਾ ਅਦ੍ਵੈਤਾ ਸਿਧੀ, ਪੰਡਿਤ ਸੰਤ ਬੋਧ ਸਿੰਘ ਜੀ ਪੰਡਿਤ ਹਡਾ ਸਿੰਘ ਜੀ ਆਦਿਕ ਕਈ ਨਿਰਮਲੇ ਮਹਾਤਮਾਂ ਗੁਰਮਤ ਸਿਧਾਂਤ ਦਾ ਉਪਦੇਸ਼ ਕਰਦੇ ਰਹੇ, ਸੰ: ੧੯੦੦ ਤੋਂ ਸਿਖ ਰਾਜ ਵਿਚ ਹਲ ਚਲੀ ਮਚ ਗਈ, ਸ੍ਰਕਾਰ ਬ੍ਰਤਾਨੀਆਂ ਪੰਜਾਬ ਵਿਚ ਆਪਣੇ ਪੈਰ ਜਮਾਣ ਦੇ ਫਿਕਰ ਵਿਚ ਸੀ, ਰਾਜ ਬਦਲਣ ਵਿਚ ਐਸੀ ਖਲ ਬਲੀ ਮਚ ਗਈ ਜੋ ਕਈ ਵਰਿਹਾਂ ਦੇ ਬਾਹਦ ਸਰਕਾਰ ਬ੍ਰਤਾਨੀਆਂ ਦੀ ਛਤ੍ਰ ਛਾਯਾ ਹੇਠ ਅਮਨ ਕਾਇਮ ਹੋਇਆ, ਮਜ਼ਹਬ ਪ੍ਰਚਾਰ ਲਈ ਹਰ ਇਕ ਨੂੰ ਆਜ਼ਾਦੀ ਸੀ, ਕੁਝ ਸਮੇਂ ਬਾਹਦ ਵਿਚ ਐਸੇ ਸੁਤੰਤ੍ਰ ਖਿਆਲਾਂ ਵਾਲੇ ਪ੍ਰਚਾਰਕ ਪ੍ਰਗਟ ਹੋ ਗਏ, ਜੋ ਆਪਣੇ ਗੁਰਮਤ ਸਿਧਾਂਤ ਦੀ ਵਡਿਆਈ ਕਰਦਿਆਂ ਨਾਲ ਹੀ ਹਿੰਦੂ ਧਰਮ ਦੀ ਨਿਖੇਧੀ ਕਰਨ ਲਗ ਪਏ, ਉਨ੍ਹਾਂ ਦੀਆਂ ਪੁਰਾਣੀਆਂ ਰੀਤਾਂ ਨੂੰ ਇਕ ਰੁਖੇ ਲਹਿਜੇ ਨਾਲ ਬਿਆਨ ਕਰਨ ਲਗ ਪਏ ਤੇ ਰਾਮ ਕ੍ਰਿਸ਼ਣ ਆਦਿਕ ਉਨ੍ਹਾਂ ਦੇ ਪੂਜਯ ਬਜ਼ੁਰਗਾਂ ਨੂੰ ਮਾਮੂਲੀ ਜੀਵ ਕਹਿ ਕਹਿ ਕੇ ਵੇਦ ਅਤੇ ਗੀਤਾ ਆਦਿਕ ਪੁਰਾਣਾਂ ਦੀ ਨਿੰਦਿਆ ਵਿਚ ਪ੍ਰਵਿਰਤ ਹੋ ਗਏ, ਹੋਰ ਤਹਿਜ਼ੀਬ ਤੋਂ ਗਿਰੇ ਹੋਏ ਸਿਰ ਘਸੇ ਆਦਿਕ ਅਖਰ ਕੈਹ ਕੇਹ ਕੇ ਸਿਖਾਂ ਨੂੰ ਹਿੰਦੂ ਕੌਮ ਵਿਚ ਬਦਨਾਮ ਕਰ ਛਡਿਆ, ਜਿਸ ਦਾ ਨਤੀਜਾ ਏਹ ਹੋਇਆ ਕਿ ਹਿੰਦੂ ਕੌਮ ਦੇ ਲੀਡਰ ਭਰੇ ਮੈਦਾਨ ਵਿਚ ਕੇਹਨ ਲਗ ਪਏ, ਕਿ ਸਿਖ ਹਿੰਦੂ ਨਹੀਂ ਅਰ ਰਾਮ ਕ੍ਰਿਸ਼ਨ ਆਦਿਕ ਦੇਵਤਿਆਂ ਦੇ ਨਿੰਦਕ ਹਨ, ਵੇਦ ਅਤੇ ਗੀਤਾ ਨੂੰ ਨਹੀਂ ਮੰਨਦੇ, ਇਸ ਤਰ੍ਹਾਂ ਦੇ ਸੰਸਕਾਰ ਹਰ ਇਕ ਦੇ ਦਿਲ ਵਿਚ ਅਜੇਹੇ ਬੈਠ ਗਏ ਕਿ ਸਿਖਾਂ ਦੇ ਪ੍ਰਚਾਰ ਨੂੰ ਗੌਹ ਨਾਲ ਸੁਣਨਾ ਉਨ੍ਹਾ ਬੰਦ ਕਰ ਦਿਤਾ, ਜਿਸ ਦਾ ਅਸਰ ਸੇਹਜਧਾਰੀ ਸਿਖਾਂ ਦੇ ਦਿਲ ਉਤੇ ਵੀ ਬੈਠ ਗਿਆ।

ਅਜੇ ਕਲ ਦੀ ਗਲ ਹੈ, ਸੰਨ ੧੯੩੦ ਵਿਚ ਮੈਂ ਕਰਾਂਚੀ ਤੋਂ ਮੁੜਦਿਆਂ ਹੋਇਆਂ ਸ਼ੈਹਰ ਵੇਖਣ ਲਈ ਹੈਦਰਾ ਬਾਦ "ਗੁਰੂ ਨਗਰ" ਵਿਚ ਉਤ੍ਰਿਆ, ਤਾਂ ਕਿਸੇ ਨੇ ਮੇਰੇ ਬਾਰੇ ਸਭਾ ਦੇ ਪਰਧਾਨ ਨੂੰ ਆਖਿਆ ਕਿ ਏਹ ਸਿਖਾਂ ਦੇ ਪ੍ਰਚਾਰਕ ਹਨ, ਜੋੜੇ ਗੀਤਾ ਤੇ ਵੇਦਾਂ ਦੀ ਨਿੰਦਯਾ ਕਰਦੇ ਰਹਿੰਦੇ ਹਨ, ਪ੍ਰਧਾਨ ਨੇ ਮੈਨੂੰ ਪੁਛਿਆ, ਜਿਸ ਦੇ ਉਤ੍ਰ ਵਿਚ ਮੈ ਆਖਿਆ ਕਿ ਮੈਂ ਨਿਰਮਲੇ ਸੰਤਾਂ ਦਾ ਦਾਸ ਹਾਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਤ ਦਾ ਪ੍ਰਚਾਰ ਕਰਨਾ ਸਾਡਾ ਮੁੱਖ ਮੰਨਤਵਯ ਹੈ, ਉਪ੍ਰੰਤ ਉਸ ਨੇ ਪ੍ਰੇਮ ਨਾਲ ਆਖਯਾ ਤਾਂ ਦਸ ਬਾਰਾਂ ਰੋਜ਼ ਕਥਾ ਪ੍ਰਸੰਗ ਹੁੰਦਾ ਰਹਿਆ, ਆਖਰ ਗਰਮੀ ਜ਼ਿਆਦਾ ਹੋਨ ਦੇ ਸਬਬ ਕਰਕੇ ਮੈਂ ਲਾਹੌਰ ਆਗਿਆ।

ਮੈਂ ਉਥੇ ਇਸ ਗਲ ਦਾ ਨਿਸਚੇ ਅਨੁਭਵ ਕੀਤਾ ਕਿ ਸਿੰਧ ਵਿਚ ਬਾਵਜੂਦ ਅਧਿਕ ਸਿਖੀ ਹੋਣ ਦੇ ਵੀ ਬਜਾਏ ਕਿਸੀ ਸਿਖ ਪ੍ਰਚਾਰਕ ਦੇ ਨਿਰਮਲੇ, ਤੇ ਉਦਾਸੀ ਮਹਾਤਮਾਂ ਦਾ ਪਰਚਾਰ ਸਹਿਜਧਾਰੀ ਜ਼ਿਆਦਾ ਗੋਹ ਨਾਲ ਸੁਣਦੇ ਹਨ, ਉਹਨੀ ਦਿਨੀਂ ਸਿਖਾਂ ਦਾ ਸਾਲਾਨਾ ਜਲਸਾ ਸੀ, ਸ੍ਰੀ ਮਾਨ ਪੰਡਤ ਹਰਦੇਵ ਸਿਘ ਜੀ ਆਦਿਕ ਕਈ ਮਹਾਤਮਾਂ ਸਣੇ ਮੈਂ ਵੀ ਚਾਹ ਨਾਲ ਗਿਆ, ਦੀਵਾਨ ਵਿਚ ਏਹ ਵੇਖਕੇ ਹੈਰਾਨ ਹੋ ਗਿਆ ਕਿ ਸਿਵਾਏ ਇਕ ਟੋਪੀ ਵਾਲੇ ਸਿੰਧੀ ਦੇ ਹੋਰ ਸਾਰੇ ਕੇਸਾਧਾਰੀ ਸਿਖ ਮੌਜੂਦ ਸਨ ਓਹ ਵੀ ਜੇਹੜੇ ਪੰਜਾਬ ਤੋਂ ਨੌਕਰੀ ਪੇਸ਼ੇ ਵਾਲੇ ਜਾਂ ਕਿਰਤੀ ਸਿੰਘ ਗਏ ਹੋਏ ਸਨ, ਹਾਲਾਂ ਕਿ ਸ਼ਹੀਦ ਸਿਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਜੀ ਦਾ ਇਕ ਪਰਚਾਰਕ ਤੇ ਹੋਰ ਵੀ ਪੁਜੇ ਹੋਏ ਸਨ, ਇਨਾਂ ਦੇ ਪਰਚਾਰ ਨੂੰ ਸੁਣਨ ਲਈ ਦੂਜੇ ਸਹਿਜਧਾਰੀ ਸਿੰਧੀ ਕਿਉਂ ਨਹੀਂ ਪੁਜੇ ਸਨ ਇਸਦਾ ਉਤਰ ਮੈਂ ਪਿਛੇ ਦੇ ਚੁਕਾ ਹਾਂ, ਕਿ ਲੋਕਾਂ ਦੇ ਦਿਲ ਵਿਚ ਏਹ ਸੰਸਕਾਰ ਕੁਟ ਕੁਟਕੇ ਭਰੇ ਪਏ ਹਨ ਕਿ ਸਿਖ ਪਰਚਾਰਕ ਰੁਖੇ ਲਹਿਜੇ ਨਾਲ ਵੇਦਾਂ ਅਤੇ ਪੁਰਾਣਾ ਉਤੇ ਅਟੈਕ ਕਰਦੇ ਰਹਿੰਦੇ ਹਨ।

ਇਸ ਤਰਾਂ ਪੂਰਵ ਉਕਤ ਸੁਤੰਤਰ ਖਿਆਲੀ ਪਰਚਾਰਕਾਂ ਨੇ ਤਹਿਜ਼ੀਬ ਤੋਂ ਗਿਰੇ ਹੋਏ ਅਖਰਾਂ ਨੂੰ ਕਹਿ ਕਹਿਕੇ ਭਾਵੇਂ ਸਿਖੀ ਦੇ ਵਸੀਹ ਦਾਇਰੇ ਨੂੰ ਤੰਗ ਕਰ ਦਿਤਾ, ਪਰ ਨਿਰਮਲੇ ਸੰਤਾਂ ਨੇ ਦੂਰ ਦੁਰਾਡੇ ਜਾ ਜਾਕੇ ਗੁਰੂ ਸਿਧਾਂਤ ਦਾ ਸੋਮਾਂ ਜਾਰੀ ਰਖਿਆ। ਹਰਦੁਆਰ, ਪ੍ਰਯਾਗ ਰਾਜ, ਫਲਗੂ, ਉਜੈਨ ਗੋਦਾਵਰੀ ਦੇ ਕੁੰਭਾਂ ਉਤੇ ਸ੍ਰੀ ਗੁਰੂ ਦਸਮੇਸ਼ ਜੀ ਦਾ ਝੰਡਾ ਝੁਲਾਉਂਦਿਆਂ ਗੁਰੂ ਨਾਨਕ ਦੇ ਮਤ ਦਾ ਪਰਚਾਰ ਕੀਤਾ ਤੇ ਹਜ਼ਾਰਾਂ ਰੁਪਏ ਲਗਾਕੇ ਦੂਜਿਆਂ ਭੇਖਾਂ ਦੇ ਮੁਕਾਬਲੇ ਵਿਚ ਸ਼ਾਹੀਆਂ (ਜਲੂਸ) ਕਢਕੇ ਗੁਰੂ ਨਾਨਕ ਦੀ ਮਹਤਤਾ ਦਾ ਸਿਕਾ ਗੈਰ ਦੇਸ਼ਾਂ ਦੇ ਦਿਲ ਵਿਚ ਬੈਠਾਈ ਰਖਿਆ।

ਏਹ ਗਲ ਨਿਸਚੇ ਹੈ ਕਿ ਨਿਰਮਲੇ ਸੰਤਾਂ ਦੀ ਸ਼ਾਹੀ ਵੇਖਕੇ ਲੋਕੀਂ ਕਈ ਵਰਿਆਂ ਤਕ ਪਿਛੋਂ ਸ਼ੋਭਾ ਕਰਦੇ ਰਹਿੰਦੇ ਹਨ, ਇਥੋਂ ਤਕ ਕਿ ਉਸ ਵੇਲੇ ਦੇ ਮੌਜੂਦਾ ਅਫਸਰਾਂ ਵਲੋਂ ਭੀ ਖਾਸ ਕਰਕੇ ਤਾਰੀਫ ਕੀਤੀ ਜਾਂਦੀ ਹੈ।

ਸੰ: ੧੯੯੬ ਦੇ ਪਿਛਲੇ ਪ੍ਰਯਾਗ ਕੁੰਭ ਵੇਲੇ ਯੂ. ਪੀ. ਦੇ ਲਾਟ

ਸਾਹਿਬ ਨੂੰ ਹੋਰਨਾਂ ਦੀ ਬਜਾਏ ਨਿਰਮਲਿਆਂ ਦੀ ਸ਼ਾਹੀ ਵੇਖਣ ਲਈ ਅਫਸਰਾਂ ਵਲੋਂ ਸਲਾਹ ਦਿਤੀ ਗਈ ਸੀ ।

ਉਜੈਨ ਸੰ: ੧੯੯੯ ਦੇ ਕੰਭ ਉਤੇ ਮਹਾਰਾਜਾ ਗਵਾਲੀਅਰ ਨਿਰਮਲੇ ਸੰਤਾਂ ਦੇ ਪਰਚਾਰ ਨੂੰ ਸੁਣਕੇ ਐਸਾ ਖੁਸ਼ ਹੋਇਆ ਕਿ ਆਪਣੇ ਸਾਲਾਨਾ ਸਮਾਗਮ ਪੁਰ ਮਹਾਰਾਜਾ ਨੇ ਨਿਰਮਲ ਅਖਾੜੇ ਨੂੰ ਗੁਵਾਲੀਅਰ ਆਉਣ ਲਈ ਸਦਾ ਪੱਤਰ ਭੇਜਿਆ, ਗਵਾਲੀਅਰ ਅਖਾੜਾ ਗਿਆ, ਸਭ ਤੋਂ ਵਧ ਚੜ੍ਹਕੇ ਸਨਮਾਨ ਕੀਤਾ, ਬਾਹਦ ਦਰਸ਼ਨ ਅਭਿਲਾਸ਼ੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਦਿਤੀ ਗਈ, ਅਤੇ ਸੂਰਜ ਪਰਕਾਸ਼ ਦੁਵਾਰਾ ਬੰਦੀ ਛੋੜ ਪੀਰ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਦਾ ਪਰਸੰਗ ਵਿਸਤਾਰ ਪੂਰਵਕ ਸੁਨਾਇਆ ਗਿਆ, ਜਿਸਨੂੰ ਸੁਣਕੇ ਮਹਾਰਾਜ ਗਵਾਲੀਅਰ ਬੜੇ ਪ੍ਰਸੰਨ ਹੋਏ ਤੇ ਸ੍ਰੀ ਮਾਨ ਸ੍ਰੀ ਮਹੰਤ ਰਾਮ ਸਿੰਘ ਜੀ ਹੋਰਾਂ ਦੀ ਪਰੇਰਨਾਂ ਅਨੁਸਾਰ ਫੂਲ ਬਾਗ ਵਿਚ ਇਕ ਆਲੀਸ਼ਾਨ ਗੁਰਦਵਾਰਾ ਅਸਥਾਪਨ ਕੀਤਾ ਜਿਥੇ ਅਜ ਤਕ ਰਿਆਸਤ ਵਲੋਂ ਅਢਾਈ ਸੌ ਰੁਪਿਆ ਮਹਾਵਾਰ ਖਰਚ ਮਿਲਦਾ ਹੈ ।

ਉਸ ਦਿਨ ਤੋਂ ਮਹਾਰਾਜ ਗਵਾਲੀਅਰ ਦਾ ਨਿਰਮਲੇ ਸੰਤਾਂ ਨਾਲ ਪ੍ਰੇਮ ਅਧਿਕ ਹੋਗਿਆ, ਬਲਕੇ ਉਸ ਵੇਲੇ ਸੰਤਾਂ ਦੇ ਪਰਚਾਰ ਦਾ ਐਸਾ ਅਸਰ ਹੋਇਆ ਕਿ ਇਕ ਵੇਰਾਂ ਮਹਾਰਾਜਾ ਸਾਹਿਬ ਹਰੀਦੁਆਰ ਯਾਤਰਾ ਲਈ ਆਏ ਤਾਂ ਇਕ ਹਜ਼ਾਰ ਰੁਪਿਆ ਪੂਜਾ ਨਿਰਮਲ ਅਖਾੜੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਰ ਗਏ ।

ਸ੍ਰੀ ਮਾਨ ਪੰਡਤ ਹਰੀ ਸਿੰਘ ਜੀ ਅਸਥਾਪਕ ਪੰਜਾਬ ਸਿੰਧ ਛੇਤਰ ਰਿਖੀ ਕੇਸ ਸੰ: ੧੯੨੬ ਵਿਚ ਨਿਪਾਲ ਗਏ, ਸ਼ਾਹੀ ਮਹਲਾਂ ਵਿਚ ਸ਼ਬਦ ਦੀ ਕਥਾ ਕੀਤੀ ਤੇ ਬਾਬਾ ਨਾਨਕ ਜੀ ਦੀ ਮਹਤਤਾ ਦਸੀ, ਮਹਾਰਾਜਾ ਸਣੇ ਰਾਣੀਆਂ ਪ੍ਰਸੰਨ ਹੋਇਆ, ਬਾਹਦ ਸੰਤਾਂ ਦੀ ਪਰੇਰਣਾ ਅਨੁਸਾਰ ਹਮੇਸ਼ਾਂ ਲਈ ਸ੍ਰੀ ਗੁਰੂ ਗਰੰਥ ਸਾਹਿਬ ਜੀ ਅਸਥਾਪਨ ਕੀਤੇ, ਤਦ ਤੋਂ ਇਕ ਨਿਰਮਲੇ ਸੰਤ ਉਥੇ ਰਹਿੰਦੇ ਹਨ, ਹੋਰ ਉਪਰਲਾ ਖਰਚ ਰਸਦ ਪਾਣੀ ਧੂਪ ਦੀਪ ਆਦਿਕ ਦਾ ਰਿਆਸਤ ਵਲੋਂ ਮਿਲਦਾ ਹੈ ।

ਇਸਤੋਂ ਇਲਾਵਾ ਵਡੇ ਵਡੇ ਵਿਦਵਾਨ ਪੰਡਤਾਂ ਵਿਚ ਗੁਰਮਤ ਦਾ ਪਰਚਾਰ ਕਰਨ ਲਈ ਸ੍ਰੀ ਮਾਨ ਪੰਡਤ ਹਰੀ ਸਿੰਘ ਜੀ ਨੇ "ਗੁਰੂ ਸਿਧਾਂਤ ਪਾਰਜਾਤ" ਨਾਮ ਕਰਕੇ ਸੰਸਕ੍ਰਿਤ ਗਰੰਥ ਕਾਂਸ਼ੀ ਵਿਚ

ਪਵਾਇਆ ਜੋ ਅਜ ਤਕ ਪ੍ਰਸਿਧ ਹੈ।

ਸ੍ਰੀ ਮਾਨ ਪੰਡਤ ਨਿਹਾਲ ਸਿੰਘ ਜੀ ਨੇ ਬੜੇ ਬੜੇ ਵਿਦਵਾਨ ਪੰਡਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਖ ਸਿਧਾਂਤ ਦਸਣ ਲਈ ਸ੍ਰੀ ਜਪੁਜੀ ਸਾਹਿਬ ਦਾ ਸੰਸਕ੍ਰਿਤ ਵਿਚ ਟੀਕਾ ਕੀਤਾ ਹੈ।

ਸੰ: ੧੯੫੨ ਵਿਚ ਸ੍ਰੀ ਮਾਨ ਪੰਡਤ ਗੰਡਾ ਸਿੰਘ ਜੀ ਨੇ ਪੂਰਬ ਆਦੀ ਦੇਸ਼ਾਂ ਵਿਚ ਪਰਚਾਰ ਕਰਨ ਲਈ ਇਕ ਵਡਾ ਭਾਰੀ ਪੁਸਤਕ 'ਇਤਹਾਸ ਗੁਰੂ ਖਾਲਸਾ' ਨਾਮ ਕਰਕੇ ਹਿੰਦੀ ਭਾਸ਼ਾ ਵਿਚ ਬੰਬਈ ਛਪਵਾਯਾ ਹੈ।

ਇਕ ਵੇਰਾਂ ਕਾਂਸ਼ੀ ਦੇ ਸ਼ਰਈ ਪੰਡਿਤਾਂ ਨੇ ਵਾਹਿਗੁਰੂ ਮੰਤ੍ਰ ਉਤੇ ਖਿਆਲ ਪ੍ਰਗਟ ਕੀਤਾ, ਕਿ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਵਿਚ ਤਾਂ ਰਾਮ ਨਾਮ ਮੰਤ੍ਰ ਦੀ ਪ੍ਰਧਾਨਤਾ ਲਿਖੀ ਹੈ ਤੇ ਨਾਨਕ ਪੰਥੀ ਅਧਿਕਤਾ ਕਰਕੇ ਵਾਹਿਗੁਰੂ ਮੰਤ੍ਰ ਜਾਪ ਕਿਉਂ ਕਰਦੇ ਹਨ ਜਿਸ ਦੇ ਉਤ੍ਰ ਵਿਚ ਸ੍ਰੀ ਮਾਨ ਪੰ: ਈਸ਼ਰ ਸਿਘ ਜੀ ਨੇ ਵਾਹਿਗੁਰੂ ਮੰਤ੍ਰ ਦੇ ਮੰਡਨ ਵਿਚ ਇਕ ਸੰਸਕ੍ਰਿਤ ਗ੍ਰੰਥ ਛਪਵਾਯਾ, ਜੋ ਅਜ ਤਕ ਪ੍ਰਸਿਧ ਹੈ।

ਅਖੀਰ ਸਿਧਾਂਤ ਏਹ ਹੈ ਕਿ ਜਿਥੇ ਕਿਸੀ ਸਿਖ ਸੋਸਾਇਟੀ ਦੇ ਪ੍ਰਚਾਰਕਾਂ ਦੀ ਪਹੁੰਚ ਨਹੀਂ, ਉਥੇ ਵੀ ਨਿਰਮਲੇ ਸੰਤਾਂ ਨੇ ਗੁਰਮਤ ਦਾ ਪ੍ਰਚਾਰ ਕੀਤਾ।

ਜਿਸ ਤਰ੍ਹਾਂ ਸ੍ਰੀ ਮਾਨ ਪੰਡਿਤ ਨਰੋਤਮ ਸਿੰਘ ਜੀ ਸ੍ਰੀ ਮਾਨ ਪੰਡਿਤ ਸਤਿਨਾਮ ਸਿੰਘ ਜੀ ਆਦਿਕਾਂ ਨੇ ਬੰਗਾਲ ਵਿਚ ਪੰਡਿਤ ਨਿਹਾਲ ਸਿੰਘ ਜੀ ਪੰ: ਹਰਦਿਆਲ ਸਿੰਘ ਜੀ ਨੇ ਬਿਹਾਰ ਵਿਚ ਗੁਰਮਤ ਪ੍ਰਚਾਰ ਕਰਦੇ ਰਹੇ ਹਨ ਤੇ ਸ੍ਰੀ ਮਾਨ ਕਵੀ ਪੰਡਿਤ ਹਰਭਜਨ ਸਿੰਘ ਜੀ ਆਦਿਕ ਕਈ ਸੰਤ ਨਾਗ ਪੁਰ, ਖੜਕ ਪੁਰ, ਰਾਜ ਗਿਰੀ ਮਿਰਜ਼ਾ ਪੁਰ ਆਦਕ ਸ਼ੈਹਰਾਂ ਵਿਚ ਅਜ ਕਲ ਭੀ ਗੁਰਬਾਣੀ ਦਾ ਪ੍ਰਚਾਰ ਕਰ ਰਹੇ ਹਨ ਅਤੇ ਦਖਣ ਵਿਚ ਪੰਡਿਤ ਗੰਗਾ ਸਿੰਘ ਜੀ ਪੰਡਿਤ ਰਾਮ ਸਿੰਘ ਜੀ ਆਦਕ ਕਈ ਮਹਾਤਮਾਂ ਅਸਥਾਨ ਬਨਾਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਝੰਡਾ ਗਡੀ ਬੈਠੇ ਹਨ।

"ਹਾਂ ਪੂਰਵ ਉਕਤ ਪ੍ਰਚਾਰਕਾਂ ਦੇ ਘ੍ਰਿਣਾ ਭਰੇ ਸ਼ਬਦਾਂ ਦੇ ਪ੍ਰਭਾਵ ਕਰਕੇ ਦੂਰ ਹੋਇ ਸੈਹਜਧਾਰੀ ਭਰਾਵਾਂ ਨੂੰ ਜਿਸ ਤਰਾਂ ਚੀਫ ਖਾਲਸਾ ਦੀਵਾਨ ਆਦਿਕ ਕੋਈ ਸੋਸਾਇਟੀ ਕੇਸ ਧਾਰਨ ਨਾ ਕਰਵਾ ਸਕੇ, ਉਸ ਤਰਾਂ ਨਿਰਮਲੇ ਸੰਤ ਵੀ ਅਧਕਤਾ ਕਰਕੇ ਨਾ ਕਰਾ ਸਕੇ, ਪਰ ਸ੍ਰੀ ਗੁਰੂ

ਨਾਨਕ ਦੇਵ ਜੀ ਦੀ ਨਿਰਮਲ ਮਹਤਤਾ ਦਾ ਸਿਕਾ ਸਭਨਾਂ ਦੇ ਦਿਲਾਂ ਵਿਚ ਬਿਠਾਈ ਰਖਿਆ।"

ਹੋਰ ਸਿਖ ਸੋਸਾਇਟੀਆਂ ਦਾ ਵਾਹ ਪੰਜਾਬ ਦੇ ਗ਼ੈਰ ਸਿਖਾਂ ਨਾਲ ਹੀ ਕਿਤੇ ਕਿਤੇ ਪੈਂਦਾ ਹੋਵੇਗਾ ਪਰ ਦੂਰ ਦੇਸ਼ ਅਨਭੇਖੀਆਂ ਨਾਲ ਹਮੇਸ਼ਾਂ ਹੀ ਨਿਰਮਲੇ ਸੰਤਾਂ ਦਾ ਵਾਹ ਪਿਆ ਰੈਂਹਦਾ ਹੈ, ਕਿਸੇ ਦੀ ਮਜਾਲ ਨਹੀਂ ਕਿ ਗੁਰਮਤ ਸਿਧਾਂਤ ਪੁਰ ਕਿਸੇ ਤਰਾਂ ਦਾ ਕੋਈ ਆਖੇਪ ਕਰੇ।

ਇਸੇ ਗਲ ਨੂੰ ਅਨੁਭਵ ਕਰਕੇ ਨਿਰਮਲੇ ਸੰਤਾਂ ਦੀ ਪ੍ਰਭੁਤਾ ਵਿਚ ਇਕ ਅੰਗ੍ਰੇਜ਼ ਸਰ ਜੋ ਹਨ ਮੈਲਕਮ ਆਪਣੀ ਦੀ ਸਿਖ ਸਿਕੈਚ, ਨਾਮੀ ਕਿਤਾਬ ਵਿਚ ਲਿਖਦਾ ਹੈ ਕਿ ਬਾਬਾ ਬੰਦਾ ਬਹਾਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਗੁਰੂ ਖਾਲਸਾ ਪੰਥ ਦੀ ਮ੍ਰਿਯਾਦਾ ਗੁਰਯਾਈ ਬਦਲ ਨਾ ਸਕਿਆ, ਪਰ ਨਿਰਮਲੇ ਓਹ ਰਹੁ ਰੀਤਾਂ ਜੋ ਸਿਖ ਲੋਕ ਮੰਨਦੇ ਹਨ, ਓਹ ਬਦਲ ਸਕਦੇ ਹਨ।

੭. ਜਦ ਨਿਰਮਲੇ ਸੰਤ ੧੭੪੨–੪੩ ਨੂੰ ਕਾਂਸ਼ੀ ਗਏ ਉਪੰਤ ੧੭੫੬ ਦੇ ਬਾਹਦ ਆਨੰਦਪੁਰ ਸਾਹਿਬ ਆਏ ਫਿਰ ਚਾਰਵਰਿਆਂ, ਵਿਚ ਕੀ ਪੜ੍ਹ ਆਏ ਹੋਣੇ ਹਨ, ਏਹ ਆਪ ਜੀ ਦਾ ਇਤਰਾਜ਼ ਹੀ ਨਹੀਂ ਵੁਰ ਸਕਦਾ। ਬਲਕੇ ੧੩–੧੪ ਸਾਲ ਪੜਦੇ ਰਹੇ, ਜਦ ਪੂਰੇ ਵਿਦਵਾਨ ਹੋ ਗਏ, ਤਾਂ ਸਭ ਅੱਕਠੇ ਹੀ ਆਨੰਦਪੁਰ ਸਾਹਿਬ ਆਏ, ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਦਰਸ਼ਨ ਲਈ ਪੁਸ਼ਪ ਪਤਰ ਤੇ ਦਾਤਨਾਂ ਭੇਟ ਲੈਕੇ ਹਾਜ਼ਰ ਹੋਏ, ਸ੍ਰੀ ਗੁਰੂ ਜੀ ਨੇ ਸਭ ਨੂੰ ਆਗਿਆ ਪਾਲਨ ਪੁਰ ਆਸ਼ੀਰਵਾਦ ਦਿਤੀ, ਅਤੇ ਸਭ ਦੀ ਅਤੀਤ ਸਾਤ੍ਰਕੀ ਬਿਰਤੀ ਵੇਖਕੇ ਪ੍ਰਸੰਨ ਹੁੰਦੇ ਹੋਏ ਭਰੇ ਦੀਵਾਨ ਵਿਚ ਏਹ ਵਾਕ ਕਹੇ:–

ਕਬਿਤ–ਕਾਹੂੰ ਸੋ ਨ ਰਾਖੈ ਰਾਗ ਦ੍ਵੈਖ ਹੂੰ ਨ ਕਾਹੂ ਸੰਗ
ਲੋਕ ਕੁਲ ਲਾਜ ਖਟ ਪਟੇ ਜਿਨ ਨਾਕੇ ਹੈ।
ਨਿਭ੍ਰਤਾ ਸੋ ਭਰੇ ਰਿਦੇ ਨਿਪੁਨਤਾ ਧਰੇ ਰਰੈਂ
ਰਾਮ ਕ੍ਰਿਸ਼ਨ ਹਰੇ ਪਰੰ ਬ੍ਰਹਮ ਬੋਧ ਜਾਕੋ ਹੈ॥
ਨਿਗਮ ਪ੍ਰਵਾਹ ਨਿਤਰ ਜਿਨਕੇ ਨਿਹਾਲ ਸਿੰਘ
ਗਿਰਾ ਗੁਰੂ ਗ੍ਰੰਥ ਕੀ ਮੈ ਜਾਕੇ ਪ੍ਰੇਮ ਬਾਂਕੋ ਹੈ॥
ਨਿਤਾ ਪ੍ਰਤਿ ਨਿਰੋਪਾਧਿ ਅਹੰ ਬ੍ਰਹਮ ਬੋਧ ਜਾਕੇ
ਦ੍ਵੈਤ ਮਲ ਕਟੀ ਨਿਰਮਲੇ ਨਾਮ ਯਾਕੋ ਹੈ॥

ਇਸਤਰ੍ਹਾਂ ਗੁਰੂ ਜੀ ਨੇ ਪਰਸੰਨਤਾ ਭਰੇ ਮੁਖ ਨਾਲ ਕਹਿਆ, ਕਿ ਸਾਡਾ ਦੋ ਤਰ੍ਹਾਂ ਦਾ ਪੰਥ ਪ੍ਰਸਿਧ ਰਹੇਗਾ ਇਕ ਤਾਂ:-

ਗਿਆਨਹਿ ਕੀ ਬਢਨੀ ਮਨੋ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ ॥

ਦੇ ਅਨੁਸਾਰ ਗਿਆਨ ਤੇ ਰਾਧਾਰੀ ਜੋ ਅੰਤ੍ਰੀਵ ਕਾਮ ਕ੍ਰੋਧ ਆਦੀ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਸੀ ਗੁਰੂ ਨਾਨਕ ਦੇਵ ਜੀ ਦਾ ਪ੍ਰਚਲਤ ਕੀਤਾ ਨਿਰਮਲ ਪੰਥ ਨਾਮ ਕਰਕੇ, ਦੂਜਾ ਸ਼ਸਤ੍ਰਧਾਰੀ ਖਾਲਸਾ ਜੋ ਬਾਹਜ ਅਧਰਮ ਅਤੇ ਹੰਕਾਰੀ ਪਾਪੀਆਂ ਦਾ ਸ਼ਰੀਰਕ ਬਲ ਕਰਕੇ ਨਾਸ਼ ਕਰੇਗਾ।

ਕਾਂਸ਼ੀ ਪੜ੍ਹਨ ਸਮੇਂ ਏਹ ਪੂਰਵ ਉਕਤ ਸੰਤ, ਗੁਰੂ ਸਾਹਿਬਾਂ ਦੇ ਅਨੇਕ ਕੌਤਕ ਸੁਣਦੇ ਰਹਿੰਦੇ ਸਨ, ਜਿਵੇ ਪੰਜਾਂ ਪਿਆਰਿਆਂ ਨੂੰ ਆਪਨੇ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਦਵਾਰਾ ਹੋਰ ਕਈਆਂ ਨੂੰ ਅੰਮਿਤ ਪਿਲਾਇਆ

ਇਸ ਲਈ ਸਭ ਮਹਾਤਮਾਂ ਨੇ ਭੀ ਸ੍ਰੀ ਗੁਰੂ ਦਸਮੇਸ਼ ਜੀ ਦੀ ਆਗਿਆ ਪਾਕੇ ਸ੍ਰੀ ਮਾਨ ਭਾਈ ਦਇਆ ਸਿੰਘ ਭਾਈ ਧਰਮ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ।

ਇਥੇ ਕਈ ਆਪਣਾ ਵਿਚਾਰ ਪੇਸ਼ ਕਰਦੇ ਹਨ, ਕਿ ਕਾਂਸ਼ੀ ਤੁਰਨ ਵੇਲੇ ਉਹਨਾਂ ਮਹਾਤਮਾਂ ਦੇ ਨਾਮ ਗੰਡਾ ਰਾਮ ਕਰਮ ਚੰਦ ਆਦਿਕ ਸਨ, ਜਦ ਵਿਦਯਾ ਪੜ੍ਹਕੇ ਆਨੰਦ ਪੁਰ ਸਾਹਿਬ ਆਏ ਤਾਂ ਅੰਮ੍ਰਿਤ ਛਕਣ ਵੇਲੇ ਸਿੰਘ ਨਾਮ ਕਰਕੇ ਪ੍ਰਸਿਧ ਹੋਇ, ਪਰ ਮੇਰੇ ਖਿਆਲ ਵਿਚ ਏਹ ਗਲ ਨਹੀਂ, ਕਿਉਂਕਿ ਸ੍ਰੀ ਦਸ਼ਮੇਸ਼ ਜੀ ਨੇ ਜਦ ਆਨੰਦ ਪੁਰ ਸਾ: ਏਹ ਸੁਣਿਆ ਸੀ, ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦ ਹੋ ਜਾਣ ਬਾਦ ਔਰੰਗੇ ਦੇ ਕਹਿਣ ਨਾਲ ਵੀ ਕੋਈ ਸਿਖ ਮਹਾਰਾਜ ਦੀ ਦੇਹ ਨੂੰ ਉਠਾਉਣ ਲਈ ਨਹੀਂ ਨਿਕਲਿਆ, ਤਾਂ ਗੁਰੂ ਜੀ ਨੇ ਜੋਸ਼ ਭਰੇ ਅਖਰਾਂ ਨਾਲ ਏਹ ਆਖਿਆ ਸੀ, ਕਿ ਹੁਣ ਮੈਂ ਓਹ ਸਿਖ ਪੈਦਾ ਕਰਾਂਗਾ, ਜੇੜ੍ਹਾ ਲਖਾਂ ਵਿਚੋਂ ਪਛਾਣਿਆ ਜਾਏਗਾ ਕਿ ਏਹ ਗੁਰੂ ਦਾ ਸਿਖ ਹੈ।

ਇਸ ਲਈ ਜਦ ਸੰ: ੧੭੩੩ ਨੂੰ ਆਪ ਗੁਰੂ ਗਦੀ ਤੇ ਬੈਠੇ, ਤਾਂ ਉਸ ਵੇਲੇ ਨਾਲ ਹੀ ਆਪਨਾ ਉਦੇਸ਼ ਪ੍ਰਗਟ ਕੀਤਾ, ਕਿ ਅਜ ਤੋਂ ਜੇੜ੍ਹਾ ਸਿਖ ਕੇਸ ਧਾਰਨ ਕਰਦਾ ਹੋਇਆ ਨਾਮ ਸਿੰਘ ਸਦਾਏਗਾ ਅਤੇ ਸ਼ਸਤ੍ਰਾਂ

ਦਾ ਅਭਿਆਸ, ਘੋੜੇ ਦੀ ਸਵਾਰੀ ਨਾਲ ਪਿਆਰ ਰਖੇਗਾ, ਓਹ ਸਾਨੂੰ ਬੜਾ ਪਿਆਰਾ ਲਗੇਗਾ, ਇਸੇ ਗਲ ਨੂੰ ਮੁਖ ਰਖਕੇ ਬਹੁਤਿਆਂ ਨੇ ਉਸ ਦਿਨ ਤੋਂ ਕੇਸ ਧਾਰਨ ਕੀਤੇ ਨਾਮ ਸਿੰਘ ਸਦਾਉਣ ਲਈ ਉਤਸ਼ਾਹ ਪ੍ਰਗਟ ਕੀਤਾ।

ਉਪ੍ਰੰਤ ਗੁਰੂ ਸਾਹਿਬ ਭੀ ਇਸ ਗਲ ਲਈ ਸਿਖਾਂ ਨੂੰ ਹਮੇਸ਼ ਪ੍ਰੇਰਣਾ ਕਰਦੇ ਰਹਿੰਦੇ ਸਨ।

ਸੰ: ੧੭੪੪ ਨੂੰ ਪਾਂਉਂਟੇ ਸਾਹਿਬ ਤੋਂ ਮੁੜਦਿਆਂ ਜਦ ਗੁਰੂ ਜੀ ਰਾਏ ਪੁਰ ਵਾਲੀ ਰਾਣੀ ਦੇ ਪ੍ਰੇਮ ਕਰਕੇ ਰਸਤੇ ਵਿਚ ਉਤਰੇ ਤਾਂ ਰਾਣੀ ਨੇ ਲੰਗਰ ਕੀਤਾ, ਮਹਾਰਾਜ ਜੀ ਨੇ ਪ੍ਰੇਮ ਨਾਲ ਪ੍ਰਸ਼ਾਦ ਛਕਿਆ, ਰਾਣੀ ਨੇ ਬਹੁਤ ਸਾਰੀ ਭੇਟਾ ਦੇਕੇ ਆਪਣੇ ਪੁਤਰ ਨੂੰ ਗੁਰੂ ਜੀ ਦੀ ਚਰਨੀ ਲਗਾਇਆ।

"ਥਾਤੀ ਲੇਕਰ ਦਰਬ ਕੀ ਗੁਰ ਧਰ ਅਗਵਾਏ ॥
ਪੁਨ ਨੰਦਨ ਕੋ ਹਾਥ ਗਹਿ ਚਰਨਨ ਪਰ ਪਾਏ ॥
ਹੋਇ ਪ੍ਰਸੰਨ ਸ੍ਰੀ ਪ੍ਰਭ ਕਹਯੋ ਸਿਰ ਕੇਸ ਰਖੀ ਜੈ ॥
ਆਯੁਧ ਬਿਦਯਾ ਕੇ ਬਿਖੈ ਸੁਤ ਨਿਪਨ ਕਰੀਜੈ ॥
ਹਾਥ ਜੋਰ ਬੋਲੀ ਤਬੈ ਤੁਰਕਨ ਬਡ ਰਾਜਾ ॥
ਖੁਨਸਹਿ ਦੁਸਟ ਬਿਲੋਕ ਕੈ ਕਰ ਦੇਹ ਕੁਕਾਜਾ ॥
ਭਨ ਫੁਰਮਾਯੋ ਸ੍ਰੀ ਗੁਰੂ ਨਹਿ ਮਾਨਹੁ ਤ੍ਰਾਸਾ ॥
ਕੇਤਿਕ ਦਿਨ ਰਾਜ ਹੈ ਫਿਰ ਹੋਏ ਬਿਨਾਸਾ ॥

ਸੂ: ਪ੍ਰ: ਰੁਤ ੨ ਅੰਸੂ ੩੪

ਏਹ ਪ੍ਰਸੰਗ: ੧੭੪੪ ਦਾ ਹੈ ਤੇ ੧੭੫੬ ਵਿਸਾਖੀ ਨੂੰ ਸ੍ਰੀ ਗੁਰੂ ਜੀ ਨੇ ਅੰਮ੍ਰਿਤ ਪ੍ਰਚਾਰ ਕੀਤਾ, ਇਸ ਪੂਰਵ ਉਕਤ ਪ੍ਰਕਰਣ ਤੋਂ ਨਿਸਚੇ ਹੁੰਦਾ ਹੈ ਕਿ ਜਦ ਮਹਾਤਮਾਂ ਕਾਂਸ਼ੀ ਤੁਰੇ ਸਨ ਤਾਂ ਪਹਿਲਾਂ ਹੀ ਕੇਸ ਧਾਰੀ ਸਨ ਤੇ ਆਪ ਦੇ ਨਾਮ ਗੰਡਾ ਸਿੰਘ ਬੀਰ ਸਿੰਘ ਆਦਕ ਹੀ ਸਨ।

ਹਾਂ ਅੰਮ੍ਰਿਤ ਛਕਣ ਤੋਂ ਬਾਹਦ ਵੀ ਆਪ ਦੀ ਬ੍ਰਿਤੀ ਪਹਿਲਾਂ ਵਾਂਗ ਅਤੀਤ ਤੇ ਸਾਤ੍ਵਕੀ ਬ੍ਰਿਤੀ ਰਹੀ।

ਇਕ ਵੇਰਾਂ ਸ੍ਰੀ ਗੁਰੂ ੧੦ ਜੀ ਨੇ ਭਰੇ ਦੀਵਾਨ ਵਿਚ ਸਿਖਾਂ ਨੂੰ ਕਹਿਆ, ਕਿ ਜਿਸ ਕਿਸੇ ਨੂੰ ਜਿਸ ਜਿਸ ਪਦਾਰਥ ਦੀ ਲੋੜ ਹੈ, ਓਹ ਬੇਸ਼ਕ ਮੰਗੇ, ਆਪਣੀ ਆਪਣੀ ਇਛਾ ਅਨੁਸਾਰ ਕਿਸੇ ਨੇ ਅਨ, ਕਿਸੇ ਧਨ, ਕਿਸੇ ਬਸਤ੍ਰ ਕਿਸੇ ਨੇ ਧਾਮ ਆਦਕ ਪਦਾਰਥ ਮੰਗੇ, ਪਰ ਅਤੀਤ

ਬ੍ਰਿਤੀ ਸੇਵਕਾਂ ਨੇ ਸੰਸਾਰਕ ਪਦਾਰਥ ਮਿਥਆ ਸਮਝਕੇ ਨਾਮ ਰੂਪ ਅਮੁਲ ਪਦਾਰਥ ਮੰਗਯਾ, ਤਾਂ ਗੁਰੂ ਜੀ ਨੇ ਪ੍ਰਸੰਨਤਾ ਭਰੇ ਏਹ ਵਾਕ ਕਹੇ।

ਕਬਿਤ–ਸੁਪਨ ਸਮਾਨ ਜਗ ਜਾਨ ਜਿਨੇ ਨਾਮ ਮਾਂਗਿਓ
ਖੁਸ਼ੀ ਹੁਏ ਬੋਲੇ ਗੁਰ ਏਹੀ ਮੇਰੇ ਨਿਰਮਲੇ॥

ਪੰ: ਪ੍ਰ: ਅ: ੧੧੩

ਸ੍ਰੀ ਗੁਰ ਲਗਾਯੋ ਏਕ ਦਿਨ ਮੈਂ ਦੀਵਾਨ ਐਸੇ
ਸਭ ਕੋ ਬੁਲਾਇ ਕਹਯੋ ਮਾਂਗੋ ਜੋ ਰਿਦੇ ਭਲੇ॥
ਕਾਹੂ ਧਨ ਕਾਹੂ ਧਾਮ ਕਾਹੂ ਅਸ੍ਵ ਅਭਿ ਰਾਮ
ਕਾਹੂ ਕਹਯੋ ਭੂਖਨ ਜੜਾਊ ਜੋ ਸਜੇ ਗਲੇ॥
ਕਾਹੂ ਸ਼ਸਤ੍ਰ ਕਾਹੂ ਬਸਤ੍ਰ ਸੰਤ ਖੁਸ਼ੀ ਮ੍ਰਿਗ ਰਾਜ
ਸਭ ਕੋ ਦਿਵਾਯੋ ਜੋ ਜੋ ਭਾਯੋ ਪ੍ਰੇਮ ਮੈ ਚਲੇ॥
ਸੁਪਨ ਜਿਸੋਂ ਜਾਨਿ ਕੇ ਪਦਾਰਥ ਨ ਮਾਂਗੈ ਜਿਨੈਂ
ਨਾਮ ਧਨ ਮਾਂਗਯੋ ਤਾਂਕੋ ਕਹਯੋ ਯੇ ਨਿਰਮਲੇ॥

[ਕਵੀ ਸ੍ਰੀ ਭਾ: ਨਿ: ਸਿੰ: ਜੀ

ਇਸਤਰ੍ਹਾਂ ਹੋਰ ਇਕ ਸਮੇਂ ਚੋਜੀ ਪਿਤਾ ਸ੍ਰੀ ਗੁਰੂ ਕਲਗੀਧਰ ਜੀ ਨੇ ਸਭਾ ਵਿਚ ਕੜਾਹ ਪ੍ਰਸ਼ਾਦ ਰਖਾਕੇ ਲੁਟਨ ਲਈ ਸਭ ਨੂੰ ਹੁਕਮ ਕੀਤਾ, ਤਾਂ ਸਭ ਨੇ ਆਗਿਆ ਮੰਨਕੇ ਆਪਣੇ ਵਿਤ ਮੂਜਬ ਲੁਟਿਆ ਪਰ ਸੰਤ ਵੀਰ ਸਿਘ ਜੀ ਕਰਮ ਸਿੰਘ ਜੀ ਗੰਡਾ ਸਿੰਘ ਜੀ ਸੋਣਾ ਸਿੰਘ ਜੀ ਫਗਾ ਸਿੰਘ ਜੀ ਰਾਮ ਸਿੰਘ ਜੀ ਸੋਭਾ ਸਿੰਘ ਜੀ ਆਦਿਕ ਸਿਦਕੀ ਸੰਤਾਂ ਨੇ ਉਸ ਵੇਲੇ ਸੰਤੋਖ ਰਖਿਆ ਤੇ ਪ੍ਰਸ਼ਾਦ ਦੇ ਲੁਟਣ ਵਿਚ ਕਿਸੇ ਨੇ ਹਿਸਾ ਨਾ ਲਿਤਾ, ਗੁਰੂ ਜੀ ਉਨ੍ਹਾਂ ਦੇ ਸਬਰ ਸੰਤੋਖ ਨੂੰ ਵੇਖਕੇ ਵਡੇ ਪ੍ਰਸੰਨ ਹੋਏ ਤੇ ਆਖਿਆ:–

ਬੀਜ ਸਬਰ ਸੰਤੋਖੈ ਕੇਰਾ॥
ਪਰਖਯੋ ਹਮ ਇਨ ਰਖਯੋ ਬਧੇਰਾ॥
ਨਿਰਮਲ ਉਰ ਇਹ ਸਹੀ ਨਿਰਮਲੇ॥
ਹਰਿ ਗੁਰ ਭਗਤਿ ਵਿਰਕਤ ਪਿਰਮਿਲੇ॥

[ਪੰ: ਪ੍ਰ: ਅ: ੧੧੭

ਇਸੇ ਤਰ੍ਹਾਂ ਜਦ ਮਾਲਵੇ ਸਰਾਵਾਂ ਪਿੰਡ ਗੁਰੂ ਜੀ ਪਹੁੰਚੇ, ਕਾਲ

ਪਿਆ ਹੋਇਆ ਸੀ, ਸੰਗਤਾਂ ਬਹੁਤ ਸਨ, ਗੁਰੂ ਜੀ ਲਈ ਤਾਂ ਸਿਖਾਂ ਨੇ ਸੁੰਦਰ ਲੰਗਰ ਤਿਆਰ ਕਰਵਾਕੇ ਭੇਜ ਦਿਤਾ, ਪਰ ਸਿਖਾਂ ਨੂੰ ਘਰ ਘਰੀ ਵੰਡ ਦਿਤਾ, ਜਿਨਾਂ ਨੂੰ ਕਿਸੇ ਨੇ ਬਾਜਰੇ ਦੀ ਰੋਟੀ, ਕਿਸੇ ਨੇ ਜਵਾਰ ਦੀ ਰੋਟੀ ਜਾਂ ਖਿਚੜੀ ਆਦਿਕ ਖੁਵਾਕੇ ਤੋਰ ਦਿਤਾ, ਪਰ ਸੰਤ ਭਾਈ ਰਾਜਾ ਸਿੰਘ ਜੀ ਮੈਲਾਗਰ ਸਿੰਘ ਜੀ ਜਿਸ ਗਰੀਬ ਸਿਖ ਦੇ ਘਰ ਗਏ, ਉਸਨੇ ਜੰਡ ਦੀਆਂ ਫਲੀਆਂ ਤੇ ਪੀਲੂ ਖਾਣ ਲਈ ਅਗੇ ਰਖੀਆਂ, ਜਿਨਾਂ ਨੂੰ ਭਿਗੋ ਭਿਗੋ ਕੇ ਪਰਸੰਨਤਾ ਪੂਰਵਕ ਛਕ ਆਏ, ਗੁਰੂ ਜੀ ਨੇ ਸਾਰੇ ਸਿਖਾਂ ਨੂੰ ਆਉਂਦਿਆ ਪੁਛਿਆ ਕਿ ਦਸੋ ਕੀ ਕੁਝ ਖਾਕੇ ਆਏ ਹੋ। ਹਰ ਇਕ ਨੇ ਨਕ ਚੜਾ ਚੜਾ ਕੇ ਆਪਣਾ ੨ ਅਹਾਰ ਦਸਿਆ ਪਰ ਸੰਤ ਭਾਈ ਰਾਜਾ ਸਿੰਘ ਜੀ ਮੈਲਾਗਰ ਸਿੰਘ ਜੀ ਨੇ ਆਖਿਆ ਕਿ ਸਤਿਗੁਰ ਜੀ ਅਸੀ ਤਾਂ ਬੜਾ ਸੁੰਦਰ ਭੋਜਨ ਛਕਕੇ ਆਏ ਹਾਂ। ਜਦ ਅਸਲ ਗਲ ਦਾ ਗੁਰੂ ਜੀ ਨੂੰ ਪਤਾ ਲਗਾ ਤਾਂ ਬੜੇ ਪਰਸੰਨ ਹੋਏ ਤੇ ਪ੍ਰੇਮ ਨਾਲ ਨੇਤਰ ਭਰੇ ਗਏ, ਗਲ ਨਾਲ ਲਗਾਇਆ, ਮੁਖੋਂ ਉਚਾਰਨ ਕੀਤਾ।

ਸਤੀ ਦੇ ਸੰਤੋਖੀ ਖਾਇ ॥
ਤਉ ਨਾਨਕ ਦਰ ਦੀ ਦਾਰ ਸਮਾਏ ॥

ਸਚੁ ਹੈ:–

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ ॥

ਜੋ ਕੋਈ ਪਦਾਰਥ ਦੇ ਹੁੰਦੇ ਸੁੰਦੇ ਬਿਹੰਗਮਾਂ ਸਿਖਾਂ ਸਾਧਾਂ ਨੂੰ ਚੰਗੇ ਚੋਖੇ ਭੋਜਨ ਨਾ ਛਕਾਵੇ ਉਸਨੂੰ, ਅਤੇ ਗਰੀਬ ਪਾਸੋਂ ਚਿਕਣਾ ਚੋਖਾ ਚਾਹੁਣ ਵਾਲੇ ਨੂੰ ਬਾਰੰਬਾਰ ਧਿਕਾਰ ਹੈ।

ਸਦਾ ਸਖੀ ਮਰਦ ਓਹ ਹੈ ਜੋ ਆਪਣੇ ਵਿਤ ਅਨੁਸਾਰ ਛਕਾਏ, ਅਤੇ ਸੰਤੋਖੀ ਪੁਰਖ ਓਹ ਹੈ, ਜੋ ਮਿਸੇ ਰੁਖੇ ਨੂੰ ਅੰਮ੍ਰਿਤ ਕਰਕੇ ਮੰਨੇ, ਹੋਏ ਜਹੇ ਸਚੇ ਧਰਮੀ ਸੰਤੋਖੀਆਂ ਦੇ ਆਸਰੇ ਹੀ ਜ਼ਿਮੀਂ ਅਸਮਾਨ ਖੜੇ ਹਨ, ਏਹੋ ਧਰਮ ਧੌਲ ਦਇਆ ਦਾ ਪੁਤ੍ਰ ਪ੍ਰਿਥਵੀ ਨੂੰ ਚੁਕੀ ਖੜਾ ਹੈ, ਏਹੋ ਜਹੇ ਆਤਮ ਦਰਸੀ ਸੰਤੋਖੀਆਂ ਨਾਲ ਹੀ ਸਾਡਾ ਨਿਰਮਲ ਪੰਥ ਅਚਲ ਰਹੇਗਾ।

ਸੁਨ [illegible] ਹਰਿ ਭਵ ਭਵ ਭੁਵ ਬਰ
ਸੁਨ ਧਰ ਕਰ ਧਾਰੋ ॥

[ਸਰਬ ਲੋਹ ਪ੍ਰਕਾਸ਼

ਇਤਿਆਦਿਕ ਕਈ ਮੌਕਿਆਂ ਤੇ ਨਿਰਮਲ ਪੰਥ ਨੂੰ ਫਲਣ ਫੁਲਣ ਦੇ ਵਰ ਦੇਂਦੇ ਹੋਏ ਗੁਰੂ ਜੀ ਨੇ ਅਪਣਾਇਆ ਹੈ।

ਬਲਕੇ ਏਹੀ ਇਕ ਕਾਰਣ ਹੈ ਕਿ ਜਦ ਸੰ: ੧੯੩੨ ਵਿਚ ਹਜ਼ੂਰ ਸਾਹਿਬ ਪੁਜਾਰੀ ਨਿਹੰਗਾਂ ਸਿੰਘਾਂ ਦੀ ਆਪਸ ਵਿਚ ਲੜਾਈ ਰਮਤ ਨਿਰਮਲ ਅਖਾੜੇ ਦੇ ਬਾਰੇ ਹੋ ਪਈ ਤਾਂ ਹੰਕਾਰੇ ਦਿਲ ਨਾਲ ਪੁਜਾਰੀਆਂ ਨੇ ਚੌਹਾਂ ਤਖਤਾਂ ਵਲ ਨਿਰਮਲਿਆਂ ਸੰਤਾਂ ਦੀ ਅਰਦਾਸ ਬੰਦ ਕਰਨ ਲਈ ਲਿਖ ਦਿਤਾ, ਤਾਂ ਬਿਨਾਂ ਸੋਚੇ ਸਮਝੇ ਤਖਤਾਂ ਦੇ ਪੁਜਾਰੀਆਂ ਨੇ ਅਰਦਾਸਾ ਬੰਦ ਕਰ ਦਿਤਾ, ਤੇ ਨਵੀਨ ਤਤਖਾਲਸੇ ਵੀ ਪੁਜਾਰੀਆਂ ਦੇ ਹੁਕਮ ਨੂੰ ਮੰਨ ਦੇ ਹੋਏ ਰੁਖ ਮੋੜ ਬੈਠੇ, ਪਰ ਨਿਰਮਲੇ ਸੰਤਾਂ ਨੇ ਨਿਰ ਭੈ ਹੋਕੇ ਏਹੀ ਐਲਾਨ ਜਾਰੀ ਕੀਤਾ, ਕਿ ਭਾਵੇਂ ਤਖਤਾਂ ਦੇ ਸਭ ਪੁਜਾਰੀ ਤੇ ਸਿਖਾਂ ਦਾ ਬਚਾ ਬਚਾ ਸਾਡੇ ਬਰਖਿਲਾਫ ਹੋ ਜਾਏ, ਪਰ ਸ੍ਰੀ ਗੁਰੂ ਨਾਨਕ ਸਾਡਾ ਤੇ ਅਸੀਂ ਗੁਰੂ ਨਾਨਕ ਜੀ ਦੇ ਸਦਾ ਰਹਾਂਗੇ।

ਨਿਰਮਲੇ ਸੰਤਾਂ ਦਾ ਏਹੋ ਇਕ ਵਿਸ਼੍ਵਾਸ ਸੀ, ਜਿਸ ਦੇ ਬਲ ਕਰਕੇ ਪੰਜਾਹ ਵਰ੍ਹਿਆਂ ਪਿਛੋਂ ਸਿਖ ਕੋਮ ਦੀ ਪ੍ਰਤਿ ਨਿਧ ਜਮਾਤ ਸ੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਨੇ ਨਿਰਮਲੇ ਮਹਾਤਮਾਂ ਦੀ ਸ਼ਲਾਘਾ ਕਰਦੇ ਹੋਏ ਤਖਤਾਂ ਪੁਰ ਅਰਦਾਸ ਕਰਨ ਦਾ ਐਲਾਨ ਜਾਰੀ ਕਰ ਦਿਤਾ, ਹੁਣ ਥੋੜੇ ਚਿਰ ਤੋਂ, ਹਜ਼ੂਰ ਸਾ: ਵੀ ਅਰਦਾਸ ਖੁਲ ਚੁਕੀ ਹੈ।

ਏਹ ਸਭ ਕ੍ਰਿਪਾ ਬਾਬੇ ਨਾਨਕ ਤੇ ਸ੍ਰੀ ਗੁਰੂ ਦਸ਼ਮੇਸ਼ ਜੀ ਦੀ ਹੈ।

ਅਗੇ ਸ: ਸਾਹਿਬ ਲਿਖਦੇ ਹਨ, ਕਿ ਨਿਰਮਲੇ ਸੰਤਾਂ ਨੇ ਆਪਣੇ ਸ੍ਵਾਰਥ ਸਿਧੀ ਲਈ ਸਿਖ ਪੰਥ ਨਾਲ ਅਖੌਤੀ ਸਬੰਧ ਜੋੜਿਆ।

ਮੈਂ ਬੇਨਤੀ ਕਰਾਂ, ਕਿ ਭਾਈ ਸਾਹਿਬ ਇਤਿਹਾਸ ਉਜਦਾ ਹੀ ਨਾਮ ਨਹੀਂ, ਜੇੜਾ ਤੁਸਾਡੀ ਦ੍ਰਿਸਟੀ ਗੋਚਰ ਹੋਇਆ ਹੋਵੇ, ਬਲਕੇ ਹਰ ਇਕ ਕੋਮ ਜਾਂ ਫਿਰਕਿਆਂ ਦੇ ਮੁਖੀ ੨ ਮਹਾਪੁਰਸ਼ਾਂ ਦੇ ਕਾਰ ਨਾਮਿਆਂ ਨਾਲ ਗ੍ਰੰਥਾਂ ਦੇ ਗ੍ਰੰਥ ਭਰੇ ਪਏ ਹਨ, ਜੇੜੇ ਆਪ ਦੇ ਸੁਣਨ ਸੁਣਾਨ ਵਿਚ ਹੀ ਨਹੀਂ ਆਏ।

ਏਹੋ ਸਬਬ ਹੈ, ਜੋ ਆਪ ਨੂੰ ਏਹ ਲਿਖਣ ਲਗਿਆਂ ਰਤੀ ਭਰ ਸੰਕੋਚ ਨਾ ਆਯਾ, ਕਿ ਗੁਰੂ ਪੰਥ ਨਾਲ ਏਹਨਾਂ ਦਾ ਅਖੌਤੀ ਸੰਬਧ ਸਿਖ ਰਾਜ ਤੋਂ ਧਨਭੂਮੀ ਅਰ ਪ੍ਰਤਿਸ਼੍ਟਾ ਦਾ ਲਾਭ ਉਠਾਉਣਾ ਸੀ, ਇਸ ਜਗ੍ਹਾ ਬਹੁਤੇ ਨਿਰਿਛਤ ਮਹਾਂ ਪੁਰਸ਼ਾਂ ਦਾ ਕੁਝ ਜੀਵਨ ਦਸਣ ਨੂੰ ਦਿਲ ਕਰਦਾ

ਹੈ, ਪਰ ਲੇਖ ਦੇ ਵਧ ਜਾਣ ਦਾ ਡਰ ਹੈ, ਇਸ ਲਈ ਬੜੇ ਮਹਾਤਮਾਂ ਦੀ ਨਿਰਚਾਹਿਤਾ ਦਾ ਸੰਖੇਪ ਮਾਤ੍ਰ ਹਾਲ ਦਸਦਾ ਹਾਂ।

ਹਜ਼ੂਰ ਸਾਹਿਬ ਦੀ ਲੜਾਈ ਹੋਣ ਤੋਂ ਬਾਦ ਪੁਜਾਰੀਆਂ ਤੇ ਨਿਰਮਲੇ ਸੰਤਾਂ ਦੀ ਆਪਸ ਵਿਚ ਸੁਲਾ ਸਫਾਈ ਦੇ ਕਰਾਣ ਵਿਚ ਮਹਾਰਾਜਾ ਹੀਰਾ ਸਿੰਘ ਸਾਹਿਬ ਨਾਭਾ ਨੇ ਬੜਾ ਹਿਸਾ ਲਿਤਾ, ਪਰ ਸੁਲਾ ਨਾ ਹੋਣ ਵਿਚ ਆਈ, ਆਖਰ ਇਕ ਦਿਨ ਮਹਾਰਾਜਾ ਨਾਭਾ ਨੇ ਮੌਜੂਦਾ ਸ੍ਰੀ ਮਾਨ ਸ੍ਰੀ ਮਹੰਤ ਰਾਮ ਸਿੰਘ ਜੀ ਕੁਬੇਰੀਆਂ ਨੂੰ ਇਥੋਂ ਤਕ ਕੈਹ ਦਿਤਾ ਕਿ ਆਪ ਕਛੈਹਰੇ ਪਹਿਣ ਲੌ, ਨਹੀਂ ਤਾਂ ਮੈਂ ਆਪਣਾ ਪਿੰਡ ਜ਼ਬਤ ਕਰ ਲਵਾਂਗਾ ਸ੍ਰੀ ਮਹੰਤਾਂ ਅਗੋਂ ਉਤ੍ਰ ਦਿਤਾ ਕਿ ਅਸੀਂ ਕਛੈਹਰੇ ਪਾਵੀਏ ਤਾਂ ਆਪਣੀ ਮਰਜ਼ੀ ਨਾਲ ਸੌ ਵੇਗਾਂ ਪਾਈ ਏ, ਪਰ ਤੇਰੇ, ਪਿੰਡ ਦੇ ਦਬਾ ਹੇਠਾਂ ਆਕੇ ਕਦੇ ਨਹੀਂ ਪਾਉਣੇ। ਭਾਵੇਂ ਪਿੰਡ ਕਲ ਦੀ ਬਜਾਏ ਅਜ ਜ਼ਬਤ ਕਰ ਲੈ, ਉਪ੍ਰੰਤ ਮਹਾਰਾਜਾ ਨੇ ਪਿੰਡ ਜ਼ਬਤ ਕਰ ਲਿਤਾ, ਜੋ ਸੰ:੧੯੬੮ ਵਿਚ ਗੁਰ ਪੁਰ: ਜਾਣ ਤੋਂ ਕਈ ਮਹੀਨੇ ਪਹਿਲਾਂ ਮਹਾਰਾਜ ਹੀਰਾ ਸਿੰਘ ਜੀ ਨੇ ਨਿਰਮਲੇ ਅਖਾੜੇ ਦੇ ਸ੍ਰੀ ਮਹੰਤ ਰਾਮ ਸਿੰਘ ਜੀ ਹਰੀ ਕੇ ਵਾਲਿਆਂ ਨੂੰ (ਏਹ ਸ੍ਰੀ ਮਹੰਤ ਪਹਿਲੇ ਕੁਬੇਰੀਏ ਸ੍ਰੀ ਮਹੰਤਾਂ ਦੀ ਜਗਾ ਪੰਜਵੀਂ ਥਾਂ ਤੇ ਸਨ) ਬੁਲਾਯਾ, ਤੇ ਆਪਣੇ ਪੁਰਾਣੇ ਹਸ ਮੁਖੇ ਸੁਭਾ ਨਾਲ ਆਖਿਆ ਕਿ ਨਿਰਮਲਿਓ ਤੁਸੀਂ ਜਿਤੇ ਤੇ ਮੈਂ ਹਾਰਿਆ, ਤੁਸਾਡੇ ਪਿੰਡ ਦੀ ਆਮਦਨ ਅਜ ਤਕ ਜਿਤਨੀ ਖਜ਼ਾਨੇ ਵਿਚ ਜਮਾ ਹੈ ਓਸ ਦੇ ਸਣੇ ਆਪਣਾ ਪਿੰਡ ਲੈ ਲਵੋ, ਸਚਾਈ ਦੀ ਫਤੇ।

ਇਸੇ ਤਰਾਂ ਫਰੀਦਕੋਟ ਵਾਲੇ ਮਹਾਰਜਾ ਬਿਕ੍ਰਮਾ ਸਿੰਘ ਜੀ ਹਰੀ ਆਰ ਅਸ਼ਨਾਨ ਕਰਨ ਗਏ, ਤਾਂ ਆਪਨੇ ਦੂਸਰੇ ਦਿਨ ਖਟ ਦਰਸ਼ਨੀ ਭੰਡਾਰਾ ਕਰਨਾ ਚਾਹਿਆ ਪਰ ਦੇਵਜੋਗ ਨਾਲ ਉਸ ਦਿਨ ਕਿਸੀ ਹੋਰ ਪ੍ਰੇਮੀ ਦਾ ਨਿਮੰਤ੍ਰਣ ਪਹਿਲਾਂ ਸਾਰੇ ਭੇਖ ਮੰਨ ਚੁਕੇ ਸਨ, ਮਹਾਰਾਜਾ ਨੂੰ ਰੰਜ ਨਾ ਕਰਨ ਵਾਸਤੇ ਦੂਜੇ ਭੇਖਾਂ ਵਾਲਿਆਂ ਮਿਠੀ ਤਰਕੀਬ ਨਾਲ ਏਹ ਕੈਹ ਦਿਤਾ ਕਿ ਜੇ ਕਰ ਨਿਰਮਲ ਅਖਾੜੇ ਦੇ ਸ੍ਰੀ ਮਹੰਤ ਰਾਮ ਸਿੰਘ ਜੀ ਕੁਬੇਰੀਆਂ ਨੇ ਪਹਿਲਾਂ ਨਿਮੰਤ੍ਰਣ ਮੰਨ ਲਿਤਾ, ਤਾਂ ਹੋਰ ਸਾਰੇ ਆਪੇ ਮੰਨ ਲੈਣਗੇ, ਮਹਾਰਾਜਾ ਨੂੰ ਫਖਰ ਸੀ ਕਿ ਨਿਰਮਲ ਅਖਾੜੇ ਨੂੰ ਜਦ ੫੦੦) ਦੀ ਆਮਦਨੀ ਵਾਲਾ ਇਕ ਪਿੰਡ ਮੇਰੀ ਰਿਆਸਤ ਵਲੋਂ ਮਿਲਿਆ ਹੋਇਆ ਹੈ, ਤਾਂ ਏਹ ਕਦੀ ਨਹੀਂ ਹੋ ਸਕਦਾ ਕਿ ਸ੍ਰੀ ਮਹੰਤ ਜੀ ਮੇਰਾ ਕਹਿਣਾ ਨਾ ਮੰਨਨ, ਪਰ ਜਿਸ ਵੇਲੇ ਮਹਾਰਾਜਾ ਸਾਹਿਬ ਸ੍ਰੀ ਮਹੰਤਾਂ ਪਾਸ ਗਏ, ਤਾਂ ਆਪਨੇ ਜਾਗੀਰ ਦਾ

ਨਾ ਲਿਹਾਜ ਰਖਦੇ ਹੋਏ ਸਾਧੂ ਅਸੂਲ ਨੂੰ ਮੁਖ ਰਖਕੇ ਆਖ ਦਿਤਾ ਕਿ ਕਲ ਇਕ ਭਗਤ ਦਾ ਭੰਡਾਰਾ ਮੰਨ ਚੁਕੇ ਹਾਂ, ਹੁਣ ਨਾਂਹ ਕਰਨੀ ਠੀਕ ਨਹੀਂ, ਮਹਾਰਾਜਾ ਸਾਹਿਬ ਮੁੜ ਆਏ, ਸ੍ਰੀ ਮਹੰਤਾਂ ਸਾਹਿਬਾਂ ਨੂੰ ਕਿਸੇ ਨੇ ਕਹਿ ਦਿਤਾ ਕਿ ਮਹਾਰਾਜਾ ਬਿਕ੍ਰਮਾ ਸਿੰਘ ਜੀ ਰੰਜ ਹੋਕੇ ਗਏ ਹਨ, ਤਾਂ ਅਗੋਂ ਸ੍ਰੀ ਮਹੰਤਾਂ ਨੇ ਕਹਿਆ ਕਿ ਭਾਈ ਅਸਾਂ ਮਹਾਰਾਜਾ ਨੂੰ ਕਿਸ ਲਈ ਰੰਜ ਕਰਨਾ ਹੈ, ਇਸ ਲਈ ਖਤ ਪਾਕੇ ਆਪਣੇ ਸਾਧੂ ਜੋ ਫਰੀਦ ਕੋਟ ਧਰਮ ਧੁਜਾ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਇਕ ਦਮ ਬੁਲਾ ਲੌ।

ਐਸੇ ਨਿਰਿਛਤ ਮਹਾਤਮਾਂ ਜਿਨ੍ਹਾਂ ਆਪਣੇ ਪਿੰਡ ਜਬਤ ਕਰਵਾ ਲਿਤੇ ਪਰ ਇਕ ਸਾਧੂ ਅਸੂਲ ਨੂੰ ਨਹੀਂ ਛਡਿਆ।

ਸ੍ਰੀ ਠਾਕੁਰ ਮਹਾਰਾਜ ਦਿਆਲ ਸਿੰਘ ਜੀ ਬੜੇ ਪ੍ਰਤਾਪਸ਼ੀਲ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਏ ਹਨ ਜਿਨਾਂ ਦੇ ਡੇਰੇ ਤਿੰਨ ਸੋ ਮੂੰਡੀ ਦਾ ਭੰਡਾਰਾ ਰੋਜ਼ ਬਣਦਾ ਸੀ, ਮਹਾਰਾਜਾ ਰਣਜੀਤ ਸਿੰਘ ਜੀ ਤੇ ਮਹਾਰਾਜਾ ਸ਼ੇਰ ਸਿੰਘ ਜਦ ਸ੍ਰੀ ਅੰਮ੍ਰਿਤਸਰ ਆਉਂਦੇ ਤਾਂ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਕੇ ਆਪਦੇ ਦਰਸ਼ਨ ਜ਼ਰੂਰ ਕਰਦੇ, ਲੰਗਰ ਲਈ ਕਈ ਵੇਰਾਂ ਜਾਗੀਰ ਲਗਾਉਣ ਲਈ ਆਖਿਆ, ਪਰ ਸ੍ਰੀ ਠਾਕੁਰ ਜੀ ਇਹ ਕਹਿਕੇ ਨਾਂਹ ਕਰ ਦੇਂਦੇ ਰਹੇ, ਕਿ ਭਾਈ ਏਹ ਲੰਗਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਲੀ ਜੁਲੀ ਸਾਰੀ ਸੰਗਤ ਦਾ ਹੈ, ਕਿਸੇ ਇਕ ਦੇ ਗੋਚਰੇ ਨਹੀਂ।

ਇਸੇ ਤਰਾਂ ਹਰ ਇਕ ਸੰਗਰਾਂਦ ਨੂੰ ਰਾਣੀ ਜਿੰਦਾਂ ਦਰਸ਼ਨ ਲਈ ਜਾਇਆ ਕਰਦੀ ਸੀ, ਜਦ ਸਰਦਾਰ ਜਵਾਹਰ ਸਿੰਘ ਇਸਦਾ ਭਾਈ ਮਰ ਗਿਆ, ਤਾਂ ਆਪਣਾ ਰੁਪਿਆ ਸਫਲ ਕਰਨ ਲਈ ਸਤ ਪਿੰਡ ਡੇਰੇ ਨਾਲ ਲਗਾਉਣ ਵਾਸਤੇ ਪ੍ਰਾਰਥਨਾ ਕੀਤੀ, ਠਾਕੁਰ ਜੀ ਸੁਣਦੇ ਸਾਰ ਕਹਿਨ ਲਗੇ ਕਿ ਜਿੰਦਾਂ ਸਾਨੂੰ ਰਾਜ਼ੀ ਰਖਣਾ ਚਾਹੁੰਦੀ ਏਂ ਜਾਂ ਰੰਜ ਕਰਨਾ, ਰਾਣੀ ਨੇ ਆਖਿਆ ਕਿ ਮਹਾਰਾਜ ਆਪਨੂੰ ਰੰਜ ਰਖਕੇ ਮੇਰੀ ਕਿਧਰੇ ਢੋਈ ਹੋ ਸਕਦੀ ਹੈ, ਮੈਂ ਤਾਂ ਆਪਨੂੰ ਸਦਾ ਪਰਸੰਨ ਮੁਖ ਹੀ ਵੇਖਣਾ ਚਾਹੁੰਦੀ ਹਾਂ, ਉਸ ਵੇਲੇ ਮਹਾਂਪੁਰਸ਼ਾਂ ਨੇ ਆਖਿਆ ਤਾਂ ਜਿੰਦਾਂ ਅਜ ਤੋਂ ਲੈਕੇ ਸਾਡੇ ਪਾਸ ਕਦੇ ਨਹੀਂ ਆਉਣਾ, ਬਲਕੇ ੧।) ਰੁਪਏ ਦਾ ਕੜਾਹ ਪ੍ਰਸ਼ਾਦ ਜੋ ਤੇਰੇ ਵਲੋਂ ਰੋਜ਼ ਹੁੰਦਾ ਹੈ, ਓਹ ਵੀ ਅਜ ਤੋਂ ਬੰਦ ਸਮਝਨਾਂ, ਕਿਉਂਕਿ ਹਮੇਸ਼ਾਂ ਤੂੰ ਪਿੰਡ ਦੇਣ ਲਈ ਸਾਨੂੰ ਤੰਗ ਕਰਦੀ

ਰਹਿੰਦੀ ਹੈ।

ਹੋਰ ਬਾਰਾਂ ਮਿਸਲਾਂ ਦੇ ਕਈ ਸਿਖ ਸਰਦਾਰਾਂ ਨੇ ਕਈ ਕਈ ਪਿੰਡਾਂ ਦੇ ਪਟੇ ਲਿਖਕੇ ਨਿਰਮਲੇ ਮਹਾਤਮਾਂ ਨੂੰ ਦਿਤੇ ਪਰ ਸਭ ਨੇ ਲੈਣੋਂ ਇੰਨਕਾਰ ਕਰ ਦਿਤੇ।

ਹੋਤੀ ਵਾਲੇ ਬਾਬਾ ਕਰਮ ਸਿੰਘ ਜੀ ਹੋਰਾਂ ਦੇ ਪੂਜਯ ਤਥਾ ਬਾਬਾ ਖੁਦਾ ਸਿੰਘ ਜੀ ਲਾਹੌਰ ਵਾਲਿਆਂ ਦੇ ਗੁਰੂ ਸ੍ਰੀ ਮਾਨ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨਾ ਕੇਵਲ ਮੌਜੂਦਾ ਰਾਜ ਦਰਬਾਰ ਨਾਲ ਵਿਗਾੜ ਹੀ ਲਿਤੀ, ਬਲਕੇ ਸ਼ਹੀਦ ਹੋ ਗਏ, ਪਰ ਸਾਧੂ ਅਸੂਲ ਨੂੰ ਮੁਖ ਰਖਕੇ ਸ਼ਰਨ ਆਏ ਹੋਏ ਸੰਧਾਂ ਵਾਲੀਏ ਸਰਦਾਰ ਅਤਰ ਸਿੰਘ ਜੀ ਨੂੰ ਦੁਸ਼ਮਣਾਂ ਦੇ ਹਵਾਲੇ ਨਾ ਕੀਤਾ।

ਫਿਰ ਇਨਾਂ ਦੇ ਸ਼ਿਸ਼ ਬਾਬਾ ਖੁਦਾ ਸਿੰਘ ਜੀ ਸਣੇ ਦੋ ਹੋਰ ਸੰਤਾਂ ਦੇ ਜਦ ਕਾਬਲ ਗਏ, ਤਾਂ ਲੋਕਈਆਂ ਨੇ ਇਨਾਂ ਨੂੰ ਨੰਗਿਆ ਫਿਰਦਿਆਂ ਵੇਖਕੇ ਪੁਛਿਆ ਕਿ ਆਪ ਕੌਣ ਹੋ, ਤਾਂ ਬਾਬਾ ਜੀ ਨੇ ਨਿਰਭੈ ਹੋਕੇ ਆਖਿਆ ਕਿ ਅਸੀ ਖੁਦ ਖੁਦਾ ਹਾਂ, ਨਾਲ ਦਿਆਂ ਇਹ ਆਖਿਆ ਕਿ:—

ਮਹੰਮਦ ਮੰਨੇ ਜਾਨ ਤੂੰ ਅਲੀ ਯਾਹਿ ਕੋ ਨਾਮ॥
ਦੋਨੋ ਸੰਗ ਖੁਦਾਇਕੇ ਕੀਨੇ ਦਿਤੇ ਪਜਾਨ॥

ਏਹ ਸੁਣਦਿਆਂ ਸਾਰ ਭਾਵੇਂ ਸਾਰੇ ਪਠਾਣ ਜੋਸ਼ ਵਿਚ ਆ ਗਏ ਪਰ ਆਪਦੇ ਪਹਾੜ ਦਿਲ ਉਤੇ ਕੋਈ ਦਬਾ ਨਾ ਪਾ ਸਕਿਆ

ਸ੍ਰੀ ਮਾਨ ਠਾਕਰ ਨਿਹਾਲ ਸਿੰਘ ਜੀ ਬੋਹੇ ਵਾਲੇ ਪਹਿਲਾਂ ਆਪ ਕੀਰਤਨ ਕਰਦੇ ਰੈਂਦੇ ਸਨ, ਅਨ ਜਲ ਦੇ ਅਧੀਨ ਪਟਿਆਲੇ ਗਏ, ਮਹਾਰਾਜਾ ਨਰਿੰਦ੍ਰ ਸਿੰਘ ਜੀ ਨੇ ਆਪ ਦਾ ਅਲੌਕਿਕ ਕੀਰਤਨ ਸੁਨ ਕੇ ਦੂਜੇ ਦਿਨ ਰਣਵਾਸ ਵਿਚ ਕੀਰਤਨ ਲਈ ਬੇਨਤੀ ਕੀਤੀ, ਜਦ ਦੂਸਰੇ ਦਿਨ ਡੇਉੜੀ ਤਕ ਪੁਜੇ, ਤਾਂ ਪਹਿਰੇ ਵਾਲਿਆਂ ਨੇ ਠਹਿਰਾ ਲਿਤਾ ਤੇ ਆਖਿਆ ਅੰਦਰੋਂ ਹੁਕਮ ਮੰਗਵਾ ਲੈਣ ਦਿਓ, ਇਤਨੀ ਸੁਨਕੇ ਮਨ ਨੂੰ ਆਖਣ ਲਗੇ:—

"ਕਬੀਰ ਜਿਹ ਦਰ ਆਵਤ ਜਾਤਿਓ ਹਟਕੈ ਨਾਹੀ ਕੋਇ ।
ਸੋ ਦਰ ਕੈਸੇ ਛੋਡੀਐ ਜੋ ਦਰ ਐਸਾ ਹੋਇ॥

ਬਸ ਏਹ ਸ਼ਲੋਕ ਬੋਲਦਿਆਂ ਉਸੀ ਵੇਲੇ ਪਿਛਾਂ ਮੁੜ ਪਏ ਤੇ ਭਾਈ ਸਾਹਿਬ ਗੁਰਮੁਖ ਸਿੰਘ ਜੀ ਨੂੰ ਆਪਣਾ ਸਾਜ਼ ਦੇਕੇ ਕਾਂਸ਼ੀ ਨੂੰ ਹੋ ਤੁਰੇ।

ਸ੍ਰੀ ਮਾਨ ਪੰਡਿਤ ਹਰੀ ਸਿੰਘ ਜੀ ਸੰ: ੧੯੨੬ ਵਿਚ ਨੇਪਾਲ ਗਏ ਸ਼ਾਹੀ ਮਹਲਾਂ, 'ਚ ਜਾਕੇ ਕਥਾ ਕੀਤੀ ਆਪ ਦੀ ਵਚਿਤ੍ਰ ਰਹਿਣੀ ਤੇ ਕਹਿਣੀ ਪਰ ਮਹਾਰਾਜਾ ਸਾਹਿਬ ਅਤੀ ਪ੍ਰਸੰਨ ਹੁੰਦੇ ਹੋਏ ਸੇਵਾ ਕਰਨ ਲਈ ਹਥ ਜੋੜ ਖਲੋਤੇ, ਪਰ ਮਹਾਰਾਜ ਮਹਾਤਮਾਂ ਜੀ ਨੇ ਏਹੀ ਆਖਿਆ ਕਿ ਸਾਡੀ ਸੇਵਾ ਏਹੀ ਹੈ ਕਿ ਇਸ ਦੋ ਘੜੀ ਦੇ ਸਤਿਸੰਗ ਨੂੰ ਹਮੇਸ਼ਾਂ ਯਾਦ ਰਖਨਾ।

ਸ੍ਰੀ ਮਾਨ ਪੰਡਿਤ ਇੰਦ੍ਰ ਸਿੰਘ ਜੀ ਸਣੇ ਮੰਡਲੀ ਜਦ ਰਾਵਲ ਪਿੰਡੀ ਗਏ, ਜਿਥੇ ਹੋਰ ਕਈ ਸ਼ਰਧਾਲੂ ਦਰਸ਼ਨ ਲਈ ਪਹੁੰਚੇ, ਉਥੇ ਕਰੋੜਾਂ ਪਤੀ ਸਰਦਾਰ ਸੁਜਾਨ ਸਿੰਘ ਜੀ ਭੀ ਇਕੰਤ ਸਮਾ ਵੇਖਕੇ ਆਣ ਬੈਠੇ, ਸਰਦਾਰ ਸਾਹਿਬ ਏਹ ਜਾਣਕੇ ਕਿ ਆਪ ਹੀ ਸੰਤ ਕੁਝ ਆਪਣੀ ਮਰਜ਼ੀ ਮੁਤਾਬਕ ਸੁਣਾਉਣਗੇ, ਜਿਸ ਲਈ ਕੁਛ ਪ੍ਰਸ਼ਨ ਨਾ ਕੀਤਾ, ਇਧਰੋਂ ਸੰਤ ਵੀ ਜਿਤਨਾ ਚਿਰ ਸਰਦਾਰ ਸਾਹਿਬ ਬੈਠੇ ਰਹੇ, ਆਪਣਾ ਗੌਖ਼ ਵਿਚਾਰਦੇ ਰਹੇ, ਪਿਛੋਂ ਕਈਆਂ ਮਹਾਤਮਾਂ ਨੇ ਬੁਰਾ ਮੰਨਾਯਾ ਤੇ ਪੰਡਿਤ ਜੀ ਨੂੰ ਆਖਿਆ ਕਿ ਆਪ ਜਾਣ ਦੇ ਹੀ ਸੌ ਕਿ ਸ਼ੈਹਰ ਦਾ ਇਕ ਮੋਢੀ ਸਰਦਾਰ ਆਪ ਦੇ ਪਾਸ ਕੁਛ ਕਥਾ ਪ੍ਰਸੰਗ ਸੁਣਨ ਲਈ ਆਯਾ ਹੈ, ਪਰ ਆਪਨੇ ਕੁਝ ਨਾ ਸੁਣਾਯਾ ਇਸ ਲਈ ਉਦਾਸ ਹੋਕੇ ਚਲੇ ਗਏ ਹਨ, ਅਗੋਂ ਪੰਡਿਤ ਜੀ ਨੇ ਆਖਿਆ ਕਿ ਸੰਤੋ ਮੈਨੂੰ ਫਲਾਣੇ ਸੰਤ ਵਾਂਗ (ਨਾਮ ਲੈਕੇ) ਕੋਈ ਮਾਲੀ ਖੌਲੀਆਂ ਤਾਂ ਨਹੀਂ ਹੋਇਆ ਹੋਇਆ ਸੀ, ਜੋ ਬਿਨਾਂ ਪੁਛੇ ਗਿਛੇ ਬੋਲਣ ਲਗ ਪੈਂਦਾ ਹਾਂ ਸਰਦਾਰ ਕਿਸੇ ਬਾਰੇ ਕੁਝ ਪ੍ਰਸ਼ਨ ਕਰਦਾ, ਤਾਂ ਬੜੀ ਖੁਸ਼ੀ ਨਾਲ ਭਾਵੇਂ ਇਕ ਘੰਟਾ ਬੋਲਦੇ ਰਹਿੰਦੇ, ਸੋ ਪੰਡਿਤ ਜੀ ਇਤਨੇ ਬੇਪ੍ਰਵਾਹ ਸਨ।

ਸ੍ਰੀ ਮਾਨ ਪੰਡਿਤ ਈਸ਼ਰ ਸਿੰਘ ਜੀ ਵਿਰਕਤ ਰਿਸ਼ੀ ਕੇਸ਼ ਵਾਲੇ ਅਨ ਜਲ ਦੇ ਵਸ ਇਕ ਵੇਰਾਂ ਨਾਭੇ ਆਏ ਅਗੋਂ ਮਹਾਰਾਜਾ ਹੀਰਾ ਸਿੰਘ ਨੇ ਬੜਾ ਸਤਿਕਾਰ ਕੀਤਾ, ਤੁਰਨ ਵੇਲੇ ਮਹਾਰਾਜਾ ਨੇ ਹਥ ਜੋੜਕੇ ਆਖਿਆ ਕਿ ਇਕ ਲਖ ਰੁਪਿਆ ਆਪ ਦੀ ਭੇਟਾ ਕਰਦਾ ਹਾਂ ਇਸ ਨੂੰ ਆਪਣੀ ਰਾਹੀਂ ਕਿਧਰੇ ਸਫਲਾ ਕਰ ਦੇਵੋ, ਅਗੋਂ ਸੰਤਾਂ ਨੇ ਨਾਂਹ ਕਰ ਦਿਤੀ, ਮਹਾਰਾਜਾ ਹੀਰਾ ਸਿੰਘ ਨੇ ਆਪਣੇ ਹਸਮੁਖੇ ਸੁਭਾ ਨਾਲ ਆਖਿਆ ਕਿ ਸੰਤ ਜੀ ਮੇਰੇ ਜੇਹਾ ਰਾਜਾ ਨਹੀਂ ਜੇ ਕਦੀ ਮਿਲਣਾ, ਅਗੋਂ ਸੰਤਾਂ ਖਿੜੇ ਮਥੇ ਨਾਲ ਕਹਿ ਦਿਤਾ ਕਿ ਸਾਡੇ ਵਰਗਾ ਈਸ਼ਰ ਸਿੰਘ ਵੀ ਤੈਨੂੰ ਕੋਈ ਨਹੀਂ ਮਿਲਣਾ।

ਇਸ ਤਰਾਂ ਦੇ ਕਈ ਹੀਰੇ ਹੀਰੇ ਮਹਾਤਮਾਂ ਲਾਪਰਵਾਹ ਜਿਸ ਪੰਥ ਵਿਚ ਹੋਣ, ਉਨਾਂ ਵਾਰੇ ਏਹ ਕਹਿਣਾ ਕਿ ਆਪਣੇ ਸ੍ਵਾਰਥ ਸਿਧੀ ਲਈ ਪੰਥ ਨਾਲ ਸੰਬੰਧ ਗੰਢਿਆ, ਠੀਕ ਨਹੀਂ, ਕਿਉਂਕਿ ਉਨ੍ਹਾਂ ਨੇ ਜਾਇਦਾਦਾਂ ਜ਼ਬਤ ਕਰਵਾ ਲਿਤੀਆਂ ਪਰ ਆਪਣੇ ਸਾਧੂ ਅਸੂਲ ਨੂੰ ਨਹੀਂ ਛਡਿਆ।

ਨਿਰਮਲੇ ਸੰਤ ਤਾਂ ਮੁਢੋਂ ਹੀ ਅਤੀਤ ਤੇ ਉਪ੍ਰਾਮ ਬ੍ਰਿਤੀ ਚਲੇ ਆ ਰਹੇ ਹਨ, ਮਹਾਰਾਜਾ ਰਣਜੀਤ ਸਿੰਘ ਸਾਧੂਆਂ ਤੇ ਸ਼੍ਰਧਾ ਰਖਦੇ ਸਨ, ਇਸ ਲਈ ਉਦਾਸੀ ਆਦਕ ਕਈਆਂ ਸਾਧੂਆਂ ਨੂੰ ਜਾਗੀਰਾਂ ਦਿਤੀਆਂ ਪਰ ਨਿਰਮਲੇ ਸੰਤਾਂ ਕਦੇ ਕੋਈ ਕਿਸੇ ਦੀ ਜੜੀ ਜਾਗੀਰ ਅੰਗੀਕਾਰ ਨਹੀਂ ਕੀਤੀ।

ਹਾਂ ੭੦-੮੦ ਸਾਲਾਂ ਤੋਂ ਅਖਾੜੇ ਦੇ ਸੰਬੰਧ ਕਰਕੇ ਪਿੰਡਾਂ ਤੇ ਮਕਾਨਾਂ ਦੀ ਸੰਭਾਲ ਵਿਚ ਇਸ ਤਰਾਂ ਪੈ ਗਏ, ਕਿ ਦੂਜੇ ਭੇਖਾਂ ਦੇ ਚਿਰ ਤੋਂ ਅਖਾੜੇ ਬਝੇ ਹੋਇ ਸਨ, ਕੁੰਭ ਆਦਕਾਂ ਦੇ ਮੇਲਿਆਂ ਉਤੇ ਆਪਣੀਆਂ ਆਪਣੀਆਂ ਛਾਉਣੀਆਂ ਕਾਇਮ ਕਰਕੇ ਸੁਤੰਤ੍ਰ ਜਿੰਦਗੀ ਇਕ ਦੋ ਮਹੀਨੇ ਚੰਗੀ ਤਰਾਂ ਗੁਜਾਰਦੇ ਹੁੰਦੇ ਸਨ, ਪਰ ਨਿਰਮਲੇ ਸਾਧੂ ਏਕਾ ਏਕੀ ਕੋਈ ਕਿਸੇ ਥਾਂ ਕੋਈ ਕਿਤੇ ਠੈਹਰ ਕੇ ਮੇਲਾ ਲੰਘਾਉਂਦੇ ਸਨ, ਤੇ ਰੋਟੀ ਕਦੇ ਕਿਸੇ ਛੇਤ੍ਰੋਂ ਕਦੇ ਕਿਸੇ ਅਖਾੜਿਉਂ ਛਕਕੇ ਉਦਰ ਪੂਰਣਤਾ ਕਰਦੇ ਹੁੰਦੇ ਸਨ, ਭਾਵੇਂ ਇਨਾ ਮਹਾਂ ਪੁਰਸ਼ਾਂ ਦੀ ਰੈਹਣੀ ਬੈਹਣੀ ਸੁੰਦਰ ਸੀ, ਪਰ ਕਈ ਨਾਲ ਦੇ ਸਿਖਾਂ ਅੜੇ ਸਾਧੂਆਂ ਨੂੰ ਅਨਭੇਖੀ ਰੋਟੀ ਦੇਂਦਿਆਂ ਭਾਰੂ ਮੰਨਦੇ ਸਨ, ਬਲਕੇ ਇਥੋਂ ਤਕ ਵੀ ਕੇਹ ਦੇਂਦੇ ਸਨ।

ਕੋਂਚੀ ਦਿਖਰਾ ਐਸੇ ਕੈ ਹੈ॥
ਰੋਟੀ ਤਬ ਦਿਹ ਚੋਟੀ ਲੈ ਹੈ॥

ਇਤਨਾ ਸੁਣਕੇ ਬੜੇ ਬੜੇ ਬੀਤ ਰਾਗ ਮਹਾਤਮਾਂ ਦਾ ਦਿਲ ਵੀ ਦੁਖੀ ਹੋ ਜਾਂਦਾ ਸੀ, ਆਖਰ ਇਸ ਉਤੇ ਕੁਝ ਵਿਚਾਰ ਕਰਨ ਲਈ ੧੯੦੬ ਸੰਮਤ ਵਿਚ ਹਰ ਦੁਆਰ ਅੜਧ ਕੁੰਭੀ ਤੇ ਅਕਠ ਕੀਤਾ, ਜਿਸ ਵਿਚ ਹੇਠ ਲਿਖੇ ਮਹਾਤਮਾਂ ਸ਼ਾਮਲ ਸਨ, ਸ੍ਰੀ ਮਾਨ ਬਾਬਾ ਮਹਿਤਾਬ ਸਿੰਘ ਜੀ, ਮਹਾਰਾਜ ਸੰਤ ਧਜਾਨ ਸਿੰਘ ਜੀ, ਮ: ਗੁਰਦਿਆਲ ਸਿੰਘ ਗੰਧੀਆਂ ਵਾਲੇ ਮ: ਮੱਲ ਸਿੰਘ ਜੀ ਪੰਡੋਰੀ, ਮ: ਹੀਰਾ ਸਿੰਘ ਜੀ ਠੀਕਰੀ ਵਾਲੇ, ਮਹਾਂਪੁਰਸ਼ ਸੰਤ ਗੁਲਾਬ ਸਿੰਘ ਜੀ, ਸੰਤ ਸਾਹਿਬ ਸਿੰਘ ਜੀ ਵਿਰਕਤ, ਤੇ ਬਰਨਾਲੇ ਵਾਲੇ ਮਹੰਤ ਗਾਂਧਾ ਸਿੰਘ ਜੀ ਆਦਿਕ, ਜਿਨ੍ਹਾਂ ਵਿਚਾਰ ਦੇ ਉਪ੍ਰੰਤ ਏਹ ਪਾਸ ਕੀਤਾ, ਕਿ ਦੂਜੇ ਅਖਾੜਿਆਂ ਵਾਂਗ ਆਪਣਾ ਨਿਰਮਲ

ਅਖਾੜਾ ਕਾਇਮ ਕੀਤਾ ਜਾਏ, ਤੇ ਅਗਲੇ ਕੁੰਭ ਨੂੰ ਛਾਉਣੀ ਤਿਆਰ ਕਰਕੇ ਆਏ ਗਏ ਮਹਾਤਮਾਂ ਦੇ ਆਰਾਮ ਲਈ ਛਪਰ ਤੇ ਲੰਗਰ ਆਦਿਕਾਂ ਦਾ ਯੋਗ ਪ੍ਰਬੰਧ ਕੀਤਾ ਜਾਏ, ਅਤੇ ਸਭ ਪ੍ਰਾਣੀ ਮਾਤ੍ਰ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲੰਗਰ ਖੋਲਿਆ ਜਾਏ।

ਫਿਰ ਸੰਮਤ ੧੯੦੯ ਵਿਚ ਪ੍ਰਯਾਗ ਰਾਜ ਦੀ ਅਰਧ ਕੁੰਭੀ ਤੇ ਉਕਤ ਮਹਾਤਮਾਂ ਨੇ ਚਾਰ ਮਹੰਤ ਪ੍ਰਬੰਧ ਕਰਨ ਲਈ ਨਿਯਤ ਕੀਤੇ, ਜਿਨਾਂ ਸ੍ਰੀ ਦਸ਼ਮੇਸ਼ ਗੁਰੂ ਜੀ ਦੇ ਝੰਡੇ ਹੇਠਾਂ ਭੰਡਾਰੇ ਆਦਕਾਂ ਦਾ ਪ੍ਰਬੰਧ ਸੋਹਣੇ ਢੰਗ ਨਾਲ ਨਿਬਾਹਿਆ, ੧੯੧੨ ਸੰਮਤ ਨੂੰ ਹਰਦੁਆਰ ਕੁੰਭ ਦੇ ਸਮੇਂ ਸਪਤ ਸ੍ਰੋਵਰ ਤੇ ਛਾਉਣੀ ਕਾਇਮ ਕੀਤੀ, ਤੇ ਓਦੋਂ ਹੀ ਸ੍ਰੀ ਮਾਨ ਬਾਬਾ ਮਹਿਤਾਬ ਸਿੰਘ ਜੀ ਨਿਰਮਲ ਅਖਾੜੇ ਦੇ ਸ੍ਰੀ ਮਹੰਤ ਅਸਥਾਪਨ ਕੀਤੇ ਗਏ, ਇਸ ਸਮੇਂ ਸਤਿਸੰਗ ਦਾ ਪ੍ਰਵਾਹ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਤ ਦਾ ਪ੍ਰਚਾਰ ਅਤੇ ਗੁਰੂ ਜੀ ਦਾ ਅਤੁਟ ਲੰਗਰ ਐਸਾ ਚਲਾਯਾ, ਜਿਸ ਨੂੰ ਵੇਖ ਕੇ ਦੂਜੇ ਭੇਖਾਂ ਵਾਲੇ ਹੈਰਾਨ ਰਹਿ ਗਏ, ਨਿਰਮਲ ਅਖਾੜੇ ਦਾ ਵਡਾ ਜਸ ਹੋਇਆ, ਇਸ ਸਮੇਂ ਨਿਰਮਲੇ ਸੰਤਾਂ ਦੀ ਮਹਤਤਾ ਸੁਣਕੇ ਸ੍ਰੀ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾ ਨੇ ਸਰਦਾਰ ਮਖਣ ਸਿੰਘ ਡੇਉੜੀ ਵਾਲੇ ਦੀ ਹਥੀਂ ੫੦੦੦) ਭੰਡਾਰੇ ਲਈ ਭੇਜਿਆ, ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਆਪ ਦਰਸ਼ਨ ਕਰਨ ਲਈ ਆਏ, ਜਿਨਾਂ ਸਣੇ ਭੰਡਾਰੇ ਬੇਅੰਤ ਪੂਜਾ ਕੀਤੀ, ਸੰ: ੧੯੧੬ ਵਿਚ ਫਲਗੂ ਦਾ ਮੇਲਾ ਆਇਆ, ਜਿਥੇ ਨਿਰਮਲ ਅਖਾੜੇ ਨੇ ਪੁਜਕੇ ਸਤਿਸੰਗ ਦਾ ਪ੍ਰਵਾਹ ਅਤੇ ਗੁਰੂ ਜੀ ਦਾ ਅਤੁਟ ਭੰਡਾਰਾ ਵਰਤਾਇਆ, ਉਨੀ ਦਿਨੀਂ ਇਥੇ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾ, ਮਹਾਰਾਜਾ ਸਰੂਪ ਸਿੰਘ ਜੀ ਜੀਂਦ ਤੇ ਛਛਰੌਲੀ ਵਾਲੇ ਲਹਿਣਾ ਸਿੰਘ ਜੀ ਸਭ ਇਸ਼ਨਾਨ ਕਰਨ ਲਈ ਪੁਜੇ ਹੋਏ ਸਨ, ਜੋ ਦੂਜਿਆਂ ਭੇਖਾਂ ਦੇ ਮੁਕਾਬਲੇ ਸ੍ਰੀ ਗੁਰੂ ਜੀ ਦਾ ਨਿਸ਼ਾਨ ਖੜਾ ਹੋਇਆ ਵੇਖਕੇ ਅਤੇ ਗੁਰੂ ਨਾਨਕ ਦੇਵ ਜੀ ਦੀ ਮਹਿਮਾਂ ਹੁੰਦੀ ਸੁਣਕੇ ਐਸੇ ਪ੍ਰੇਮ ਵਿਚ ਗਦ ਗਦ ਹੋਏ ਕਿ ਜਲ ਪਾਣੀ ਦੀ ਸੇਵਾ ਤਕ ਆਪਣੀ ਹਥੀਂ ਕਰਦੇ ਰਹੇ।

ਤੁਰਨ ਵੇਲੇ ਸ੍ਰੀ ਮਹੰਤ ਸਾਹਿਬ ਬਾਬਾ ਮਹਿਤਾਬ ਸਿੰਘ ਹੋਰਾਂ ਨੂੰ ਸਣੇ ਹੋਰ ਸੰਤਾਂ ਦੇ ਰਿਆਸਤ ਵਿਚ ਦਰਸ਼ਨ ਦੇਣ ਲਈ ਬੇਨਤੀ ਪੱਤਰ ਦੇ ਆਏ।

ਸਮਾਂ ਪਾਕੇ ਤਿੰਨੇ ਮਹਾਰਾਜੇ ਇਕ ਵੇਰਾਂ ਭਵਾਨੀ ਗੜ੍ਹ ਇਕੱਤ੍ਰ ਹੋਏ, ਜਿਥੇ ਨਿਰਮਲ ਅਖਾੜੇ ਦੀ ਦਾਇਮੀ ਸੇਵਾ ਕਰਨ ਲਈ ਤਜਵੀਜ਼ਾਂ ਸੋਚਦੇ ਰਹੇ, ਆਖਰਕਾਰ ਪਾਸ ਕਰਕੇ ਸਰਦਾਰ ਬੀਰ ਸਿੰਘ ਜੀ ਆਹਲੂਵਾਲੀਏ ਡੇਉੜੀ ਅਫਸਰ ਦੇ ਹਥ ਇਕ ਪ੍ਰਾਰਥਨਾਂ ਪੱਤਰ ਭੇਜਕੇ ਸਣੇ ਹੋਰਨਾਂ ੬੭-੭੦ ਮਹਾਤਮਾਂ ਦੇ ਸ੍ਰੀ ਮਾਨ ਬਾਬਾ ਮਹਿਤਾਬ ਸਿੰਘ ਹੋਰਾਂ ਨੂੰ ਪਟਿਆਲੇ ਸਦਵਾਇਆ।

ਅਗੋਂ ਜਿਸ ਤਰ੍ਹਾਂ ਮਹਾਰਾਜਾ ਸਾਹਿਬ ਪਟਿਆਲਾ ਨੇ ਸਨਮਾਨ ਕੀਤਾ, ਨਿਰਮਲ ਅਖਾੜੇ ਨੂੰ ਪਕੇ ਪੈਰਾਂ ਤੇ ਕੀਤਾ, ਹਜਾਰਾਂ ਰੁਪਿਆਂ ਦੀ ਨਕਦ ਇਮਦਾਦ ਦਿਤੀ, ਦੋ ਪਿੰਡ ਮਹਾਰਾਜਾ ਪਟਿਆਲਾ ਨੇ, ਦੋ ਪਿੰਡ ਮਹਾਰਾਜਾ ਸਾਹਿਬ ਜੀਂਦ ਨੇ, ਇਕ ਇਕ ਪਿੰਡ ਮਹਾਰਾਜਾ ਨਾਭਾ ਤੇ ਫਰੀਦ ਕੋਟ ਨੇ ਦਿਤਾ। ਅਤੇ

ਸੰਮਤ ੧੯੧੯ ਭਾਦਰੋਂ ਸੁਦੀ ਦਵਾਦਸੀ ਮੁਤਾਬਕ ੧੨ ਅਗਸਤ ਸੰਨ ੧੮੬੨ ਨੂੰ ਦਸਤੂਰੁਲ ਅਮਲ (ਕੁਵਾਇਦ) ਲਿਖੇ ਗਏ।

ਇਹ ਸਾਰਾ ਪਰਸੰਗ ਵਿਸਤਾਰ ਪੂਰਵਕ ਹੈ, ਸੰਕੋਚ ਕਰਕੇ ਨਹੀਂ ਲਿਖਿਆ, ਹਾਂ ਲਿਖਿਆ ਵੀ ਇਤਨਾਂ ਇਸ ਲਈ ਹੈ ਕਿ ਸਭ ਨੂੰ ਪਤਾ ਲਗ ਜਾਏ ਜੋ ਨਿਰਮਲੇ ਮਹਾਤਮਾਂ ਇਤਨੇ ਅਤੀਤ ਬ੍ਰਿਤੀ ਸਨ ਕਿ ੧੨ ਮਿਸਲਾਂ ਦੇ ਜ਼ਮਾਨੇ ਵਿਚ ਕਿਸੀ ਸਰਦਾਰ ਜਾਂ ਮਹਾਰਾਜਾ ਰਣਜੀਤ ਸਿੰਘ ਜੀ ਪਾਸੋਂ ਕਿਸੇ ਮਹਾਤਮਾਂ ਨੇ ਜਾਗੀਰ ਨਾ ਲਿਤੀ ਪਰ ਸਮੇਂ ਬਾਹਦ ਅਗਲੇ ਮਹਾਤਮਾਂ ਕੁਝ ਪ੍ਰਵਿਰਤੀ ਵਿਚ ਪੈ ਗਏ ਇਸਦਾ ਸਬੱਬ ਏਹੀ ਸੀ ਕਿ ਦੂਜੇ ਭੇਖਾਂ ਦਾ ਕੰਭ ਆਦਿਕ ਮੇਲਿਆਂ ਤੇ ਪ੍ਰਚਾਰ ਅਤੇ ਅੰਨ ਦੇਣ ਦਾ ਸੋਹਣਾ ਪ੍ਰਬੰਧ ਸੀ, ਤੇ ਇਧਰ ਨਿਰਮਲੇ ਸੰਤਾਂ ਦਾ ਅਖਾੜਾ ਨਾ ਕਾਇਮ ਹੋਣੇ ਕਰਕੇ ਏਕਾ ਏਕੀ ਜਹਾਂ ਤਹਾਂ ਨਿਵਾਸ ਕਰਦੇ, ਜਿਸ ਲਈ ਨਾ ਕੋਈ ਗੁਰਮਤ ਪਰਚਾਰ ਦਾ ਰੁਖ ਬਝਦਾ, ਨਾ ਅੰਨ ਦਾ ਸੋਹਣਾਂ ਪਰਬੰਧ ਹੋ ਸਕਦਾ, ਬਲਕੇ ਅਨਭੇਖੀਆਂ ਵਲੋਂ, ਆਪਣੇ ਗੁਰਸਿਖਾਂ, ਸਾਧਾਂ, ਨਿਹੰਗਾਂ ਸਿੰਘਾਂ ਦਾ, ਅੰਨ ਦੇਣ ਵੇਲੇ ਬੋਲੀ ਕਠੋਲੀ ਦੁਵਾਰਾ ਅਤਯੰਤ ਨਿਰਾਦਰ ਹੁੰਦਾ ਵੇਖਕੇ ਨਿਰਮਲੇ ਮਹਾਤਮਾ ਅਖਾੜੇ ਬਨਾਣ ਦੇ ਪ੍ਰਬੰਧ ਵਿਚ ਪੈ ਗਏ।

ਦੂਜਾ ਸਬਬ ਏਹ ਹੈ, ਕਿ ਸਿਖ ਰਿਆਸਤਾਂ ਵਲੋਂ ਇਮਦਾਦ ਦਾ ਮਿਲਣਾ, ਜਿਸ ਵਿਚ ਸਭ ਤੋਂ ਵਧਕੇ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਜੀ ਦਾ ਹਿਸਾ ਹੈ, ਏਹ ਸਚ ਹੈ ਕਿ ਪਹਿਲਾਂ ਸਿਖ ਮਹਾਰਾਜੇ

ਪੁਰਾਤਨ ਖਿਆਲਾਂ ਵਾਲੇ ਸਨ, ਗੰਗਾ ਆਦਿਕ ਤੀਰਥਾਂ ਤੇ ਜਾਣਾਂ ਤੇ ਪੁੰਨ ਦਾਨ ਕਰਨਾ ਚੰਗਾ ਕੰਮ ਸਮਝਦੇ ਸਨ, ਅਤੇ ਹਰ ਇਕ ਭੇਖ ਦੇ ਸਾਧੂ ਨੂੰ ਪ੍ਰੇਮ ਭਰੀ ਨਜ਼ਰ ਨਾਲ ਵੇਖਦੇ ਹੋਏ ਸਭ ਦੀ ਸੇਵਾ ਕਰਨੀ ਫਖਰ ਸਮਝਦੇ ਸਨ।

ਪਟਿਆਲੇ ਦੇ ਰੋਜ਼ਨਾਮਚੇ ਪੜ੍ਹਕੇ ਵੇਖ ਲਵੋ ਕਿ ਮਹਾਰਾਜਾ ਨਰਿੰਦਰ ਸਿੰਘ ਜੀ ਸੰਤਾਂ ਲੋਕਾਂ ਦੇ ਕਿਸਤਰਾਂ ਪ੍ਰੇਮੀ ਸਨ, ਫਕੀਰਾਂ ਦੀ ਸੇਵਾ ਕਰਨ ਦਾ ਬੜਾ ਖਿਆਲ ਰਖਦੇ ਸਨ, ਬਰਸਾਤ ਦੇ ਚਾਰ ਮਹੀਨੇ ਸੰਤਾਂ ਸਾਧਾਂ ਤੇ ਫਕੀਰਾਂ ਨੂੰ ਜਿਨ੍ਹਾਂ ਦੀ ਗਿਣਤੀ ਦਸ ਦਸ ਹਜ਼ਾਰ ਤਕ ਹੋਂਦੀ ਸੀ, ਨਿਤਾਪਰਤੀ ਬੜੇ ਚੰਗੇ ਤੋਂ ਚੰਗੇ ਭੋਜਨ ਵੰਡੇ ਜਾਂਦੇ ਸਨ, ਇਸੇ ਕੰਮ ਵਿਚ ਮਹਾਰਾਜਾ ਸਾਹਿਬ ਲਖਾਂ ਰੁਪਏ ਖਰਚ ਕਰ ਦੇਂਦੇ ਸਨ।

ਸੁ ਆਪਣੇ ਖਿਆਲ ਅਨੁਸਾਰ ਗੰਗਾ ਆਦਿਕ ਤੀਰਥਾਂ ਪਰ ਨਿਰਮਲੇ ਸੰਤਾਂ ਦੀ ਰਹਿਣੀ ਬਹਿਣੀ ਅਤੇ ਨਿਰਮਾਣਤਾ ਪੁਰ ਪਰਸੰਨ ਹੁੰਦੇ ਹੋਏ ਸੰ: ੧੯੧੮ ਨੂੰ ਆਪਣੀ ਹੁਬ ਨਾਲ ਮਹਾਰਾਜਾ ਸਾਹਿਬ ਪਟਿਆਲਾ ਨੇ ਦੂਜੇ ਮਹਾਰਾਜਿਆਂ ਨੂੰ ਨਾਲ ਮਿਲਾਕੇ ਤਨੋਂ ਮਨੋਂ ਹੋਕੇ ਸੇਵਾ ਕੀਤੀ।

ਬਸ ਇਸੇ ਗਲ ਨੂੰ ਸਾਹਮਣੇ ਰਖਕੇ ਇਹ ਕਹਿਣਾ, ਕਿ ਨਿਰਮਲਿਆਂ ਆਪਣੇ ਸਵਾਰਥ ਸਿਧੀ ਲਈ ਪੰਥ ਨਾਲ ਸੰਬੰਧ ਜੋੜਿਆ ਇਕ ਲੇਖਕ ਜੀ ਦੀ ਥੋੜ ਦਿਲੀ ਦਾ ਸਬੂਤ ਮਿਲਦਾ ਹੈ।

ਕੀ ਸਿਖ ਮਹਾਰਾਜਿਆਂ, ਸਿਵਾਏ ਗੁਰੂ ਪੰਥ ਜਾਂ ਉਸ ਨਾਲ ਸੰਬੰਧ ਰਖਣ ਵਾਲਿਆਂ ਤੋਂ ਬਿਨਾਂ ਕਦੇ ਹੋਰਦੇ (ਵਿਸ਼ਨਾਥ ਕਾਂਸ਼ੀ ਮੰਦਰ ਤੇ ਸੋਨਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਚੜ੍ਹਾਇਆ) ਕਿਧਰੇ ਦਾਨ ਨਹੀਂ ਦਿਤਾ।

ਪਿਛਲੇ ਸਮੇਂ ਨੂੰ ਛਡੋ? ਅਜੇ ਕਲ ਦੀ ਗਲ ਹੈ ਕਿ ਬਨਾਰਸ ਯੂਨੀਵਰਸਿਟੀ ਨੂੰ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨੇ ਲਖਾਂ ਰੁਪਏ ਦਾਨ ਦਿਤੇ ਹਨ।

ਜਾਂ ਇਉਂ ਕਹੋ ਕਿ ਸੰਨਿਆਸੀ ਬੈਰਾਗੀ ਆਦਿਕ ਜਿਨ੍ਹਾਂ ਸੰਬੰਧ ਨਹੀਂ ਜੋੜਿਆ, ਕੀ ਓਹ ਕਿਸੇ ਨਾਲੋਂ ਘਟ ਹਨ, ਬਲਕੇ ਨਿਰਮਲਿਆਂ ਨਾਲੋਂ ਉਨ੍ਹਾਂ ਦੀ ਜਾਇਦਾਦਾਂ ਕਈ ਗੁਣਾਂ ਵਧ ਖੜੀਆਂ ਹਨ।

ਸੰ: ੧੯੩੬ ਵਿਚ ਜਦ ਉਦਾਸੀਨ ਮਹਾਤਮਾਂ ਦਾ ਪੰਚਾਇਤੀ ਅਖਾੜਾ ਕਾਇਮ ਹੋਇਆ ਤਾਂ ਹੈਦਰਾਬਾਦ ਦੇ ਵਜ਼ੀਰ ਚੰਦੂ ਲਾਲ ਦੇ

ਚਾਚੇ ਨਾਨਕ ਚੰਦ ਨੇ ਇਕੱਲੇ ਹੀ ਸਤ ਲਖ ਰੁਪਿਆ ਮਹਾਤਮਾਂ ਪ੍ਰੀਤਮ ਦਾਸ ਹੋਰਾਂ ਨੂੰ ਦੇ ਦਿਤਾ ਸੀ, ਫਿਰ ਜੇਕਰ ਸਾਰੇ ਸਿਖ ਮਹਾਰਾਜੇ ਅਕਠੇ ਹੋਕੇ ਕੁਛ ਯੋਗਤਾ ਅਨੁਸਾਰ ਨਿਰਮਲ ਅਖਾੜੇ ਦੀ ਇਮਦਾਦ ਕਰਦੇ ਹਨ, ਤਾਂ ਸ: ਧਰਮਾਨੰਤ ਸਿੰਘ ਜੀ ਸ੍ਵਾਰਥ ਸਿਧੀ ਦਾ ਕਿਉਂ ਇਲਜ਼ਾਮ ਲਗਾਂਉਂਦੇ ਹਨ? ਸਗੁ ਮੁਰ ਜੇਕਰ ਉਨ੍ਹਾਂ ਮਹਾਤਮਾਂ, ਵਿਚ ਯਤ ਕਿੰਚਤ ਭੀ ਸ੍ਵਾਰਥ ਸਿਧੀ ਦਾ ਲੇਸ਼ ਹੁੰਦਾ, ਤਾਂ ਬਾਹਦ ਵੀ ਸ੍ਰੀ ਮਹੰਤ ਰਾਮ ਸਿੰਘ ਜੀ ਸੁਲਾਹ ਕਰਾਣ ਵੇਲੇ, ਜਾਂ ਭੰਡਾਰੇ ਸਮੇਂ, ਮਾਰਰਾਜਾ ਹੀਰਾ ਸਿੰਘ ਜੀ ਨਾਭਾ ਮਹਾਰਾਜਾ ਸਾਹਿਬ ਫਰੀਦ ਕੋਟ ਦਾ ਕੇਹਣਾ ਕਦੇ ਵੀ ਨਾ ਮੋੜਦੇ।

ਫਿਰ ਸ: ਧਰਮਾ ਨੰਤ ਸਿੰਘ ਜੀ ਅਖਾੜੇ ਦੀ ਜਾਇਦਾਦਾਂ ਤੇ ਕੁੰਭ ਆਦਕ ਮੇਲਿਆਂ ਵਿਚ ਸ਼ਾਹੀਆਂ ( ਜਲੂਸ ) ਦਾ ਠਾਠ ਵੇਖਕੇ ਹੈਰਾਨ ਹੁੰਦੇ ਹੋਏ ਆਖ ਦੇ ਹਨ, ਕਿ ਏਹ ਸਭ ਪਿਛਲੇ ਭੇਲ ਸਮਿਆਂ ਦੀਆਂ ਕਮਾਈਆਂ ਹਨ।

ਪਰ ਦਸੋ ਉਹ ਕਿਸਤਰਾਂ? ਕੀ ਅਜ ਤੋਂ ਪਹਿਲਾਂ ਤੀਰਥਾਂ ਦੀ ਨਿੰਦਿਆ ਕਰਨ ਵਾਲੇ, ਜਾਂ ਹਰੀ ਮੰਦਰਾਂ ਨੂੰ ਗਿਰਾਉਣ ਵਾਲਿਆਂ ਦਾ ਕੁਝ ਘਾਟਾ ਸੀ? ਜਾਂ ਸਾਧੂ ਫਕੀਰਾਂ ਦੇ ਖਿਲਾਫ਼ ਪ੍ਰਚਾਰ ਕਰਕੇ ਉਨ੍ਹਾਂ ਦੀ ਸੇਵਾ ਤੋਂ ਆਮ ਜਨਤਾਂ ਨੂੰ ਹਟਾਉਣ ਵਾਲਿਆਂ ਦੀ ਕੁਝ ਕਮੀ ਸੀ, ਬਿਲਕੁਲ ਨਹੀਂ। ਖੈਰ ਇਸ ਗਲ ਨੂੰ ਤ੍ਵਾਰੀਖਾਂ ਦੇ ਜਾਣੂ ਸਭ ਕੁਝ ਜਾਣਦੇ ਹਨ, ਅਸਲ ਗਲ ਏਹ ਹੈ, ਕਿ ਬਿਨਾ ਕਿਸੀ ਕਸ਼ਸ਼ ਤੋਂ ਕੋਈ ਕਿਸੇ ਨੂੰ ਇਕ ਪੈਸਾ ਤਕ ਨਹੀਂ ਦੇਂਦਾ, ਕਸ਼ਸ਼ ਭਾਵੇਂ ਚੰਗੇ ਪਾਸੇ ਦੀ ਹੋਵੇ ਜਾਂ ਭੈੜੇ ਪਾਸੇ ਦੀ।

ਪੁਰਤਾਨ ਮਹਾਤਮਾਂ ਚੰਗੀ ਰੇਹਣੀ ਅਤੇ ਕੇਹਣੀ ਦੇ ਪੂਰੇ ਸਨ, ਜਿਨਾਂ ਨੂੰ ਵੇਖ ਕੇ ਪਥਰ ਦਿਲ ਵੀ ਮੋਮ ਹੋਕੇ ਆਪਨਾ ਤਨ, ਮਨ, ਧਨ, ਸਭ ਨਿਛਾਵਰ ਕਰ ਦੇਂਦੇ ਸਨ, ਜਿਸ ਲਈ ਹਜ਼ਾਰਾਂ ਲਖਾਂ ਰੁਪਏ ਉਨ੍ਹਾਂ ਮਹਾਤਮਾਂ ਦੇ ਮਗਰ ਮਗਰ ਆਪ ਹੀ ਫਿਰਦੇ ਸਨ।

ਆਪ ਦੇ ਕਹੇ ਅਨੁਸਾਰ ਪਿਛਲੇ ਸਮੇਂ ਨਾਲੋਂ ਵਰਤਮਾਨ ਸਮਾ ਬੜਾ ਸੁਚੇਤ ਹੈ, ਠੀਕ ਹੈ ਹਰ ਇਕ ਆਦਮੀ ਅਸਲ ਤੇ ਨਕਲ ਨੂੰ ਜਾਣਦਾ ਹੈ, ਭਲੇ ਬੁਰੇ ਨੂੰ ਪਛਾਣਦਾ ਹੈ, ਨਫੇ ਨੁਕਸਾਨ ਨੂੰ ਜਾਣ ਦਾ, ਅਤੇ ਆਪਣੇ ਪਰਾਏ ਨੂੰ ਸਮਝਦਾ ਹੈ, ਪਰ ਕੀ ਅਪ ਨੂੰ ਇਸ ਗਲ ਦਾ ਪਤਾ ਹੈ, ਕਿ ਅਜਕਲ ਵੀ ਮੰਡਲੇਸ਼੍ਵਰ ਮਹਾਤਮਾਂ ਜਿਥੇ ਜਿਥੇ

ਜਾਂਦੇ ਹਨ, ਹਜ਼ਾਰਾਂ ਰੁਪਏ ਪੂਜਾ ਲਿਆਉਂਦੇ ਹਨ।

ਇਸ ਜਾਗ੍ਰਤ ਸਮੇਂ ਵਿਚ ਭੀ ਹਰਦੁਆਰ, ਬਨਾਰਸ ਆਦਕ ਤੀਰਥਾਂ ਉਤੇ ਕਈ ਲਖ ਲਖ ਰੁਪਏ ਦੀ ਲਾਗਤ ਵਾਲੀਆਂ ਹਵੇਲੀਆਂ ਮਹਾਤਮਾਂ ਦੇ ਇਕ ਇਸ਼ਾਰੇ ਮਾਤ੍ਰ ਨਾਲ ਤਿਆਰ ਹੋ ਚੁਕੀਆਂ ਤੇ ਹੁਣ ਹੋ ਰਹੀਆਂ ਹਨ।

ਪਿਛਲੇ ਸਮੇ ਭੋਲੇ ਸਨ ਜਾਂ ਵਰਤਮਾਨ, ਮੈਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਹਰ ਇਕ ਆਦਮੀ ਸੁਤੰਤ੍ਰ ਖਿਆਲ ਰਖਦਾ ਹੈ ਇਸ ਲਈ ਕੋਈ ਪਹਿਲੇ ਸਮੇਂ ਦੀ ਤਾਰੀਫ਼ ਕਰ ਰਹਿਆ ਹੈ ਕੋਈ ਮੌਜੂਦਾ ਵਕਤ ਦੀ, ਪਰ ਇਤਨਾ ਜ਼ਰੂਰ ਕਹਾਂਗਾ ਕਿ ਪਿਛਲੇ ਸਮੇਂ ਦੀਆਂ ਬਰਕਤਾਂ ਹੁਣ ਨਹੀਂ ਰਹੀਆਂ ਲਖਾਂ ਰੁਪਏ ਦਾਨ ਕਰਨੇ ਪੰਜਾਹ ਪੰਜਾਹ ਲਖ ਰੁਪਏ ਸ਼ਾਦੀਆਂ ਉਤੇ ਲਗਾਉਣਾ ਪਰ ਖਜ਼ਾਨੇ ਫਿਰ ਵੀ ਭਰਪੂਰ ਸੁਣੀ ਦੇ ਸਨ, ਹੁਣ ਦਾਨ ਵਲੋਂ ਭੀ ਸੰਕੋਚ ਘਰੋਗੀ ਖਰਚਾਂ ਵਲੋਂ ਭੀ ਸੰਕੋਚ, ਖਜ਼ਾਨੇ ਫਿਰ ਖਾਲੀ ਦੇ ਖਾਲੀ।

ਵਰਤਮਾਨ ਸਮੇਂ ਦੀ ਪ੍ਰਧਾਨਤਾ ਕੌਣ ਨਹੀਂ ਜਾਣਦਾ ਕਿ ਅਜਕਲ ਸਿਰਫ ਹਿੰਦੋਸਤਾਨ ਦਾ ਲਾਖੋਂ ਰੁਪਿਆ ਇਕ ਰਾਤ ਵਿਚ ਉਜੜ ਜਾਂਦਾ ਹੈ, ਬੰਬਈ ਆਦੀ ਸ਼ੈਹਰਾਂ ਨੂੰ ਛਡਕੇ ਇਕ ਲਾਹੌਰ ਵਿਚ ੨੦ ਸਿਨੇਮਾਂ ਹਨ ਜਿਥੇ ਦੋ ਦੋ ਵੇਰਾਂ ਖੇਲ ਹੁੰਦੇ ਹਨ, ਆਦਮੀ ਨਹੀਂ, ਤਸਵੀਰਾਂ ਕਮ ਕਰਦੀਆਂ ਹਨ, ਚੰਚਲਤਾਂ ਤੋਂ ਬਿਨਾ ਹੋਰ ਕੋਈ ਮਤਲਬ ਸਿਧ ਨਹੀਂ ਹੁੰਦਾ, ਹਜਾਰਾਂ ਆਦਮੀ ਵੇਖਣ ਜਾਂਦੇ ਹਨ ਜਿਥੇ ਕਈ ਹਜ਼ਾਰ ਰੁਪਿਆ ਇਕ ਰਾਤ ਵਿਚ ਬਰ ਬਾਦ ਕਰ ਆਂਉਦੇ ਹਨ, ਫਿਰ ਲੋਕੀਂ ਪਿਛਲੇ ਸਮੇ ਦੇ ਮੁਕਾਬਲੇ ਇਸ ਸਮੇ ਨੂੰ ਜਾਗ੍ਰਤ ਵਾਲਾ ਪ੍ਰਗਟ ਕਰਦੇ ਹਨ। ਧੰਨ ਬੁਧੀ"

ਏਹ ਉਪਾਲੰਭ ਕੇਵਲ ਉਦਾਸੀਆਂ ਨੂੰ ਹੀ ਸਰਦਾਰ ਸਾਹਿਬ ਨੇ ਦਿਤਾ ਹੋਵੇਗਾ ਕਿ ਹੁਣ ਜਦ ਸਿਖਾਂ ਤੋਂ ਕੋਈ ਲਾਭ ਨਹੀਂ ਹੁੰਦਾ ਵੇਖਦੇ ਤਾਂ ਸਿਖ ਆਪ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ, ਪਰ ਇਸੇ ਤਰਾਂ ਦਾ ਉਲਾਂਭਾ ਉਦਾਸੀ ਆਪ ਨੂੰ ਵੀ ਦੇਂਦੇ ਹਨ, ਕਿ ਜਦ ਉਦਾਸੀਆਂ ਨੂੰ ਸਿਖ ਸਿਧ ਕਰਨ ਲਈ ਹਾਈ ਕੋਰਟ ਤਕ ਜ਼ੋਰ ਲਗਾ ਕੇ ਫਿਰ ਵੀ ਕਾਮ ਯਾਬ ਨਾ ਹੋ ਸਕੇ, ਤਾਂ ਆਪਨੇ ਏਹ ਪੈਂਤੜਾ ਹੀ ਬਦਲ ਦਿਤਾ, ਕਿ ਉਦਾਸੀ ਸ੍ਰੀ ਗੁਰੂ ਨਾਨਕ ਜੀ ਤੋਂ ਪ੍ਰਚਲਤ ਹੀ ਨਹੀਂ ਹੋਇ। ਧੰਨ ਵਿਦ੍ਵਤਾ"

ਇਕ ਜਗਾ ਭਾਈ ਸਾਹਿਬ ਲਿਖਦੇ ਹਨ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਤਨੇ ਭਗਤਾਂ ਦਾ ਨਾਮ ਆਯਾ ਹੈ ਓਹ ਸਭ ਗ੍ਰੈਹਸਥੀ ਸਨ,

ਉਤ੍ਰ–ਹਾਂ ਗੈਹਸਥੀ ਵੀ ਸਨ, ਪਰ ਰਾਮਾ ਨੰਦ ਆਦਕ ਗ੍ਰਹਸਥ ਤੋਂ ਅਲਗ ਵੀ ਸਨ।

"ਹੋਏ ਬਿਰਕਤ ਬਨਾਰਸੀ
ਰਹਿੰਦਾ ਰਾਮਾ ਨੰਦ ਗੁਸਾਈਂ" ॥

ਵਾ: ਭਾ: ਗੁ: ੧੦ ਪ: ੧੫

ਪੀਪਾ ਭਗਤ ਜੀ ਆਪਨਾ ਸਭ ਰਾਜ ਸਾਜ ਤਿਆਗ ਕੇ ਫਕੀਰ ਹੋਏ ਸਨ।

ਰਾਜਾ ਗੁਰ ਕੇ ਸਾਧ ਹੂੰ ਚਲਯੋ
ਰਿਦੇ ਸੁਖ ਪਾਇ ਬਿਸਾਲ ॥

ਭਾ: ਮਾ.

ਇਕ ਥਾਂ ਦਸਿਆ ਹੈ, ਕਿ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ੧੯ ਪਉੜੀ, ਵਿਚ ਤੇ ਚਾਲ੍ਹੀਵੀਂ ਵਾਰ ਦੀ ਤੇਰ੍ਹਵੀਂ ਪਉੜੀ ਵਿਚ ਸੰਨਯਾਸੀ, ਜੋਗੀ, ਜੰਗਮ ਸਰੇਵੜਿਆਂ ਦਾ ਨਾਮ ਆਉਂਦਾ ਹੈ, ਪਰ ਨਿਰਮਲਿਆਂ ਦਾ ਨਾਂ ਨਹੀਂ ਆਉਂਦਾ ਜੇ ਕਰ ਕਦੇ ਨਿਰਮਲੇ ਹੁੰਦੇ, ਤਾਂ ਇਨ੍ਹਾਂ ਦਾ ਨਾਮ ਵੀ ਜ਼ਰੂਰ ਹੁੰਦਾ।

ਉਤ੍ਰ–ਭਾਈ ਸਾਹਿਬ ਜੀ ਨੇ ਪਾਖੰਡ ਦੇ ਨਿਸ਼ੇਧ ਵਿਚ ਏਹ ਪਉੜੀਆਂ ਲਿਖੀਆਂ ਹਨ।

ਭਈ ਗਲਾਨ ਜਗਤ ਵਿਚ ਚਾਰ ਵਰਨ ਆਸ਼ਰਮ ਉਪਾਏ ॥
ਦਸ ਨਾਮ ਸੰਨਿਆਸੀਆ ਜੋਗੀ ਬਾਰਹ ਪੰਥ ਚਲਾਏ ॥
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦ ਕਰਾਏ ॥

ਵਾਰ ੧—ਪ: ੧੯

ਜਤੀ ਸਤੀ ਸੰਤੋਖੀਆ ਸਿਧ ਨਾਥ ਭੁਲਾਣੇ ॥
ਪੀਰ ਪਕੰਬਰ ਅਉਲੀਏ ਬੁਜਰਗ ਵਾਰ ਹਜਾਰ ਹੈਰਾਣੇ ॥
ਜੋਗ ਭੋਗ ਲਖ ਰੋਗ ਸੋਗ ਲਖ ਸੰਜੋਗ ਵਿਜੋਗ ਵਿਡਾਣੇ ॥
ਦਸ ਨਾਉ ਸਨਿਆਸੀਆਂ ਭੌਤਲ ਭ੍ਰਮੇ ਖਾਇ ਭੁਲਾਣੇ ॥

[ਵਾਰ ੪੦—ਪ: ੧੩

ਭਾਈ ਸਾਹਿਬ ਜੀ ਕਹਿ ਰਹੇ ਹਨ ਕਿ ਨਾਮ ਤੋਂ ਬਿਨਾਂ ਸਭ ਮਤਾਂ ਨੂੰ ਪਾਖੰਡ ਵਿਚ ਰਤਾ ਵੇਖਕੇ ਸ੍ਰੀ ਗੁਰੂ ਜੀ ਨੇ ਪ੍ਰਾਣੀ ਮਾਤਰ ਲਈ 'ਨਿਰਮਲ ਪੰਥ ਚਲਾਇਆ ਹੈ ਇਸ ਲਈ ਇਨ੍ਹਾਂ ਤੁਕਾਂ ਵਿਚ ਨਿਰਮਲ ਪੰਥ ਦੀ

ਨਿਸ਼ੇਧੀ ਦੀ ਕੀ ਲੋੜ ਸੀ, ਜੋ ਇਸ ਜਗ੍ਹਾ ਵਰਨਨ ਕਰਦੇ ?

ਅਖੀਰ ਮੈਂ ਆਪਣਾ ਵਿਸ਼ਵਾਸ ਪਰਗਟ ਕਰਦਾ ਹਾਂ ਜੋ ਗੁਰੂ ਸਿਧਾਂਤ ਦਾ ਚੰਗਾ ਜਾਣੂ ਹੈ, ਓਹ ਵਾਹਿਗੁਰੂ ਸਿਮਰਨ ਬਿਨਾਂ ਨਾ ਕਿਸੇ ਅਤੀਤ ਬਾਣੇ ਦੀ ਦਮਕ ਮਾਰ ਸਕਦਾ ਹੈ, ਨਾ ਕੇਵਲ ਗ੍ਰੈਹਸਤ ਆਸ਼ਰਮ ਦੀ ਸ਼ੋਭਾ ਕਰ ਸਕਦਾ ਹੈ, ਹਾਂ ਗੁਰ ਉਪਦੇਸ਼ ਸਿਮਰਨ ਨਾਲ ਗ੍ਰੈਹਸਥ ਆਸ਼ਰਮ ਵਿਚ ਤੇ ਅਤੀਤ ਬਾਣੇ ਵਿਚ ਦੋਹਾਂ ਵਿਚ ਕਲਿਆਨ ਮੰਨਦਾ ਹੈ।

ਇਸ ਲਈ ਜੋ ਗ੍ਰੈਹਸਥ ਵਿਚ ਰਹਿੰਦੇ ਹੋਏ ਭਗਤੀ ਦਵਾਰਾ ਜਨਮ ਸਫਲਾ ਕਰਨਾ ਚਾਹੁਣ, ਓਹ ਬੇਸ਼ਕ ਸੌ ਵੇਰਾਂ ਗ੍ਰੈਹਸਥ ਆਸ਼ਰਮ ਵਿਚ ਰਹਿਣ, ਜੋ ਘਰ ਦੇ ਧੰਧਿਆਂ ਨੂੰ:-

ਪੁਤ੍ਰ ਕਲਤ੍ਰ ਗ੍ਰਹਸਤ ਕਾ ਫਾਸਾ ॥

ਵਾਕ ਅਨੁਸਾਰ ਭਜਨ ਬੰਦਗੀ ਵਿਚ ਰੁਕਾਵਟ ਸਮਝਨ ਓਹ ਬੇਸ਼ਕ ਇਕੰਤ ਸੇਵੀ ਹੋ ਸਕਦੇ ਹਨ।

ਏਹ ਗਲ ਤਾਂ ਸਚ ਹੈ, ਗ੍ਰਹਿਸਤ ਵਿਚ ਬਾਲ ਬਚਿਆਂ ਦੇ ਮੋਹ ਪਿਆਰ ਵਿਚ ਚੰਗੇ ਚੰਗੇ ਆਦਮੀ ਵਡੇ ਵਿਹਾਰਾਂ ਨੂੰ ਵਧਾਕੇ ਰੋਜ਼ ਦੇ ਸਤਿਸੰਗ ਤੋਂ ਰਹਿ ਜਾਂਦੇ ਹਨ, ਧਰਮੋ ਅਧਰਮ ਹੋ ਜਾਂਦੇ ਹਨ, ਲਾਲਚ ਪਿਛੇ ਗੁਰਸਿਖੀ ਦੀ ਅਣਖ ਛਡਕੇ ਗੁਰੂ ਪੰਥ ਤੋਂ ਉਲਟ ਉਲਟ ਕੰਮ ਕਰਦੇ ਦਿਸਦੇ ਹਨ, ਧਰਮ ਨਾਲੋਂ ਧੜੇ ਪਿਆਰੇ ਸਮਝਣ ਲਗ ਪੈਂਦੇ ਹਨ।

ਇਸੇ ਲਈ ਪਿਛੇ ਕਈਆਂ ਮਹਾਤਮਾਂ ਨੇ ਸੰਸਾਰੀ ਮੋਹ ਨੂੰ ਈਸ਼ਵਰ ਭਗਤੀ ਦਾ ਪ੍ਰਤਿਬੰਧਕ ਸਮਝਕੇ ਗ੍ਰੈਹਸਥ ਛਡ ਦਿਤੇ, ਹੇਠਾਂ ਪ੍ਰਤਿਸ਼ਠਤ ਮਹਾਤਮਾਂ ਦਾ ਹਵਾਲਾ ਦੇਂਦਾ ਹਾਂ।

੧. ਨੌਰੰਗਾਬਾਦ ਵਾਲੇ ਬਾਬਾ ਵੀਰ ਸਿੰਘ ਜੀ ਫੌਜ ਵਿਚੋਂ ਨਾਂ ਕਟਾਕੇ ਆਪਣੇ ਘਰ ਗਗੋ ਬੂਆ ਪਿੰਡ ਵਿਚ ਆਏ, ਤਾਂ ਇਕ ਦਿਨ ਸਾਧ ਸੰਗਤ ਦੇ ਪਿਆਰ ਵਿਚ ਘਰ ਦੀਆਂ ਕੜੀਆਂ ਉਤਾਰਕੇ ਸੁਕੇ ਬਾਲਣ ਦੀ ਥਾਂ ਬਾਲ, ਲੰਗਰ ਤਿਆਰ ਕੀਤਾ, ਮਾਤਾ ਨੇ ਬੜੇ ਗੁਸੇ ਵਿਚ ਆਕੇ ਕਹਿਆ, ਕਿ ਅਸਾਂ ਤੇਰੀ ਕੇੜੀ ਖਟੀ ਖਾ ਲਿਤੀ ਹੈ ਜੋ ਅਜ ਘਰ ਦੇ ਤਖਤੇ ਕੜੀਆਂ ਤਕ ਪੁਟਣ ਨੂੰ ਤਿਆਰ ਹੋ ਗਿਆ ਹੈਂ, ਕਲ੍ਹ ਨੂੰ ਤੂੰ ਸਾਨੂੰ ਕੀ ਸੁਖ ਦੇਣਾਂ ਹੈ, ਇਸ ਲਈ ਜਾਂ ਤੇਰੇ ਲਈ

ਚਾਰੇ ਰਸਤੇ ਚਿਟ ਹਨ, ਜਿਧਰ ਮਰਜ਼ੀ ਹੈਈ, ਚਲਾ ਜਾ, ਏਹ ਸੁਣਕੇ ਬਾਬਾ ਜੀ ਹਸ ਪਏ, ਤੇ ਆਖਿਆ ਕਿ ਹਛਾ ਮਾਤਾ ਜੀ, ਜਿਵੇਂ ਆਪ ਦੀ ਰਜ਼ਾ, ਇਤਨੀ ਕੈਹਕੇ ਘਰੋਂ ਤੁਰ ਪਏ, ਪੀਛੇ ਧੀਰੇ ਕੁਰੀ ਵਾਲੇ ਬਾਬਾ ਭਾਗ ਸਿੰਘ ਜੀ ਦੇ ਚਰਨਾਂ ਵਿਚ ਜਾ ਪਹੁੰਚੇ, ਜਿਥੇ ਕੁਝ ਸਮਾਂ ਸੇਵਾ ਕਰਦੇ ਰਹੇ, ਬਾਹਦ ਊਨੇ ਸਾਹਿਬ ਤੋਂ ਹੁੰਦੇ ਨੌਰੰਗਾ ਬਾਦ ਆਨ ਰਹੇ।

ਹੋਤੀ ਮਰਦਾਨ ਵਾਲੇ ਬਾਬਾ ਕਰਮ ਸਿੰਘ ਜੀ ਹੋਰਾਂ ਕੇਵਲ ਭਜਨ ਬੰਦਗੀ ਲਈ ਨੌਕਰੀ ਛਡਕੇ ਇਕੰਤ ਆਪਣੀ ਜ਼ਿੰਦਗੀ ਬਤੀਤ ਕੀਤੀ।

ਬਾਬਾ ਖੁਦਾ ਸਿੰਘ ਜੀ, ਕਰਨਾਲ ਜ਼ਿਲੇ, ਕੁਰਜ਼ੀ ਦੇ ਥਾਣੇ ਥਾਨੇਦਾਰ ਲਗੇ ਹੋਏ ਸਨ, ਪਰ ਵੈਰਾਗ ਦੀ ਲਹਰ ਵਿਚ ਆਕੇ ਮਾਤਾ ਪਿਤਾ ਨੂੰ ਅੰਤ ਦੀ ਪ੍ਰਣਾਮ ਕਰਕੇ ਗ੍ਰੈਹ ਨੂੰ ਤਿਆਗ ਅਤੀਤ ਫਕੀਰ ਹੋ ਗਏ।

ਪੰਡਿਤ ਹਰੀ ਸਿੰਘ ਜੀ, ਜਿਨ੍ਹਾਂ ਦੀ ਵਿਦ੍ਵਤਾ ਬਾਰੇ ਸ੍ਵਾਮੀ ਦਯਾ ਨੰਦ ਤੇ ਵੈਰਾਗ ਮੂਰਤੀ ਸ੍ਵਾਮੀ ਰਾਮ ਤੀਰਥ ਜੀ ਐਮ. ਏ. ਆਦਿਕ ਭੀ ਸ਼ਲਾਘਾ ਕਰਦੇ ਸਨ, ਓਹ ਮਹਾਤਮਾਂ ਸ਼ਾਦੀ ਹੋਣ ਤੋਂ ਦੋ ਵਰ੍ਹੇ ਪਿਛੋਂ ਘਰ ਬਾਰ ਛਡਕੇ ਐਸੇ ਵਿਰਕਤ ਫਕੀਰ ਹੋਏ, ਜਿਨਾਂ ਦੀ ਇਜ਼ਤ ਸਾਰਾ ਨਿਰਮਲ ਭੇਖ ਤਨੋਂ, ਮਨੋਂ ਹੋਕੇ ਕਰਦਾ ਰਹਿਆ ਹੈ।

ਠਾਕੁਰ ਭਾਈ ਦੀਵਾਨ ਸਿੰਘ ਜੀ ਮੰਗਵਾਲ ਵਾਲੇ ਅਜੇ ੧੩–੧੪ ਵਰਿਹਾਂ ਦੇ ਸਨ, ਜਦ ਕਿ ਸ੍ਰੀ ਮਾਨ ਠਾਕੁਰ ਮਲਾ ਸਿੰਘ ਜੀ ਨੇ ਪਿੰਡ ਪਤਵਾਲੀਆਂ, ਜਾਕੇ ਸਵੇਰੇ ਘਰੋਂ ਹੀ ਆਪਨੂੰ ਜਾ ਉਠਾਇਆ, ਤੇ ਕਹਿਆ ਭਲੇ ਲੋਗਾ ਉਠ, ਕਿਉਂ ਡੂੰਘੀ ਨੀਂਦ ਸੁਤਾ ਪਿਆ ਏਂ, ਸੁਣਦੇ ਸਾਰ ਨਾਲ ਹੋ ਤੁਰੇ, ਪਿਛੋਂ ਮਾਤਾ ਪਿਤਾ ਲੈਣ ਆਏ, ਤਾਂ ਸੰਤਾਂ ਤੋਰ ਵੀ ਦਿਤਾ ਪਰ ਫਿਰ ਭੀ ਘਰ ਨਾ ਠਹਿਰੇ, ਓੜਕ ਪੂਰਨ ਸਤ ਸੰਕਲਪ ਫਕੀਰ ਹੋਏ,ਤੇ ਆਪਣੇ ਦੇਸ਼ਵਿਚ ਪਿੰਡ ਪਿੰਡ ਗੁਰਦੁਆਰੇ ਅਤੇ ਧਰਮਸਾਲਾ, ਧਰਮ ਪ੍ਰਚਾਰ ਲਈ ਬਣਵਾਈਆਂ ਜਿਸ ਲਈ ਆਪ ਦਾ ਨਾਮ ਅਜ ਤਕ ਸੋਹਣੇ ਅਖਰਾਂ ਵਿਚ ਲਿਤਾ ਜਾ ਰਹਿਆ ਹੈ।

ਅੰਮ੍ਰਿਤਸਰ ਵਾਲੇ ਮਹਾਰਾਜ ਠਾਕੁਰ ਦਿਆਲ ਸਿੰਘ ਜੀ ਹੋਰਾਂ ਆਪਣੇ ਘਰ ਦੀ ਜ਼ਮੀਨ ਵਿਚ ਆਪਣੇ ਗੁਰਾਂ ਦੇ ਨਿਵਾਸ ਲਈ ਕੁਟੀਆ ਬਣਾਕੇ ਫਕੀਰਾਨਾ ਜ਼ਿੰਦਗੀ ਬਤੀਤ ਕੀਤੀ।

ਸ੍ਰੀ ਗੁਰੂ ਦਸ਼ਮੇਸ਼ ਜੀ ਦੀ ਆਗਿਆ ਨਾਲ ਪ੍ਰਚਲਤ ਹੋਏ ਹੋਏ ਸੇਵਾ ਪੰਥੀ ਫਿਰਕੇ ਦੇ ਮੋਢੀ ਪਹਿਲੇ ਭਾਈ ਕਨ੍ਹੱਈਆ ਰਾਮ ਜੀ ਹੋਏ, ਦੂਸਰੇ ਭਾਈ ਸੇਵਾ ਰਾਮ ਜੀ ਹੋਏ, ਜਿਨ੍ਹਾਂ ਦਾ ਜਨਮ ਦਖਣ ਦੇਸ ਦਾ ਸੀ, ਆਪਦੇ ਪਿਤਾ ਮੁਢੋਂ ਹੀ ਸਤਿਸੰਗੀ ਸਨ, ਜਦ ਵੇਖਿਆ ਪੁਤ੍ਰ ਜਵਾਨ ਹੋਗਿਆ, ਤਾਂ ਇਨ੍ਹਾਂ ਨੂੰ "ਗ੍ਰਿਹ ਅੰਧ ਕੂਪਾਇਆ" ਵਾਕ ਅਨੁਸਾਰ ਆਖਿਆ ਕਿ ਬੇਟਾ ਘਰ ਅੰਨਾਂ ਖੂਹਾ ਹੈ ਇਸ ਵਿਚ ਗਿਰਨਾਂ ਨਹੀਂ, ਏਹ ਕੈਹਕੇ ਆਪ ਵੀ ਤੀਰਥ ਯਾਤ੍ਰਾ ਨੂੰ ਹੋ ਤੁਰੇ, ਬਾਹਦ ਮਹਾਰਾਜ ਸੇਵਾ ਰਾਮ ਜੀ ਕਿਸੀ ਬੀਤ ਰਾਗ ਮਹਾਤਮਾਂ ਦੀ ਖੋਜ ਕਰਦੇ ਪੰਜਾਬ ਵਿਚ ਆਏ, ਜਿਥੇ ਆਕੇ ਮਹਾਰਾਜ ਭਾਈ ਕਨ੍ਹੱਈਆ ਰਾਮ ਜੀ ਦੇ ਸੇਵਕ ਹੋਏ, ਐਸੀ ਫਕੀਰੀ ਕੀਤੀ ਕਿ ਆਪ ਦੀ ਸ੍ਰੇਣੀ ਹੀ ਆਪਦੇ ਨਾਮ ਤੋਂ ਪ੍ਰਸਿਧ ਹੋਈ।

ਭਾਈ ਆਯਾ ਰਾਮ ਜੀ, ਜਿਨ੍ਹਾਂ ਦੀ ਡੇਰਾ ਅਸਮਾਈਲ ਖਾਨ ਲਖ ਦੀ ਕੋਠੀ ਚਲ ਰਹੀ ਸੀ, ਪਰ ਵੈਰਾਗ ਦੀ ਲੈਹਰ, ਵਿਚ ਆਕੇ ਸਭ ਕੁਝ ਤਿਆਗ ਭਾਈ ਅਡਣ ਜੀ ਦੇ ਪਾਸ ਆ ਗਏ, ਜਿਥੇ ਨਾਮ ਅਤੇ ਸੇਵਾ ਦੇ ਨਾਲ ਪਿਆਰ ਕਰਦੇ ਹੋਏ ਇਕ ਉਚ ਕੋਟੀ ਨੂੰ ਪ੍ਰਾਪਤ ਹੋਏ।

ਪੰਥ ਪ੍ਰਸਿਧ ਸ੍ਰੀ ਮਾਨ ਸੰਤ ਭਾਈ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਗ੍ਰੈਹਸਤ ਆਸ਼੍ਰਮ ਨਾਲ ਪਿਆਰ ਨਾ ਕਰਦਿਆਂ ਹੋਇਆਂ ਇਕ ਚਾਦਰ ਵਿਚ ਹੀ ਸਾਰੀ ਉਮਰ ਗੁਜ਼ਾਰ ਦਿਤੀ।

ਪੂਰਵ ਉਕਤ ਮਹਾਤਮਾਂ ਦੇ ਜੀਵਨ ਦਸਣ ਤੋਂ ਮੇਰਾ ਏਹ ਭਾਵ ਨਹੀਂ, ਕਿ ਭਜਨ ਦੀ ਚਾਹ ਵਾਲਾ ਪੁਰਸ਼ ਗ੍ਰੈਹਸਤ ਨੂੰ ਜ਼ਰੂਰ ਹੀ ਛਡੇ, ਹਾਂ ਇਤਨਾ ਜ਼ਰੂਰ ਹੈ ਕਿ ਜਿਸ ਤਰ੍ਹਾਂ ਭਾਈ ਧਰਮਾਨੰਤ ਸਿਘ ਜੀ ਨੇ, ਭਜਨ ਪਾਠ ਕਰਦੇ ਹੋਏ ਅਤੀਤ ਜ਼ਿੰਦਗੀ ਬਤੀਤ ਕਰਨ ਵਾਲੇ ਮਹਾਤਮਾਂ ਨੂੰ, ਗੁਰੂ ਆਸ਼ੇ ਤੋਂ ਉਲਟ ਸਮਾਜ ਤੇ ਬੋਝ ਰੂਪ ਦਸਿਆ ਹੈ, ਓਹ ਬਿਲਕੁਲ ਨਿਰਮੂਲ ਹੈ, ਕਿਉਂਕਿ ਵੇਖਣ ਸੁਣਨ ਵਿਚ ਏਹ ਆ ਰਿਹਾ ਹੈ, ਕਿ ਗੁਰੂ ਘਰ ਵਿਚ ਐਸੇ ਅਨੇਕ ਪਵਿਤ੍ਰ ਜ਼ਿੰਦਗੀ ਵਾਲੇ ਮਹਾਤਮਾਂ ਹੋਏ ਹਨ, ਜੋ ਗ੍ਰੈਹਸਥ ਆਸ਼ਰਮ ਨੂੰ ਤਿਆਗਕੇ, ਗੁਰੂ ਪੰਥ ਵਿਚ ਮਾਨ ਪਰਾਪਤ ਕਰਦੇ ਹੋਏ ਫਿਰ ਰਬ ਦੀ ਦਰਗਾਹ ਵਿਚ ਜਾ ਸੁਰਖਰੂ ਹੋਏ ਹਨ।

ਭਾਈ ਸਾਹਿਬ ਹੋਰਾਂ ਨੂੰ ਇਕ ਹੋਰ ਭੁਲੇਖਾ ਪਿਆ ਹੋਇਆ ਹੈ ਕਿ ਸਾਧੂ ਲੋਕ ਵੇਹਲੇ ਫਿਰਦੇ ਹਨ ਤੇ ਆਪਣੀ ਪ੍ਰੀਸ਼ਰਮ ਦੀ ਕਮਾਈ

ਨਾਲ ਪੇਟ ਪਾਲਨ ਨਹੀਂ ਕਰਦੇ।

ਉਤਰ–ਆਪਨੇ ਪ੍ਰੀਸ਼ਰਮ ਦੀ ਕਮਾਈ ਬਾਰੇ ਕੁਝ ਖੁਲਾਸਾ ਨਹੀਂ ਕੀਤਾ ਕਿ ਉਹ ਕੇਹੜੀ ਕਮਾਈ ਹੈ ਜਿਸਨੂੰ ਸੰਤ ਲੋਗ ਨਹੀਂ ਕਰਦੇ, ਕੀ ਮਜ਼ਦੂਰਾਂ ਵਾਂਗ ਟੋਕਰੀ ਦਾ ਢੋਣਾ, ਜਾਂ ਤਰਖਾਣਾਂ ਲੁਹਾਰਾਂ ਵਾਂਗ ਹਥੀਂ ਕੰਮ ਕਰਨਾ, ਜਾਂ ਜ਼ਿਮੀਂਦਾਰਾਂ ਦੀ ਕਾਰ ਨੂੰ ਪਰੀਸ਼ਰਮ ਦੀ ਕਮਾਈ ਦਸਦੇ ਹੋ ਜੋ ਸੰਤ ਲੋਗ ਨਹੀਂ ਕਰਦੇ, ? ਜੇ ਸਚ ਮੁਚ ਇਸੇ ਨੂੰ ਪਰੀਸ਼ਰਮ ਦੀ ਕਮਾਈ ਆਖਦੇ ਹੋ ਤਾਂ ਆਪ ਜੈਸੇ ਲਖਾਂ ਗੁਰਮੁਖ ਪਿਆਰੇ ਵੀ ਏਹ ਕਾਰ ਨਹੀਂ ਕਰਦੇ, ਜੇਕਰ ਦੁਕਾਨ ਜਾਂ ਕਿਸੇ ਬਿਉਪਾਰ ਨੂੰ ਹੀ ਕਿਰਤ ਕਮਾਈ ਕਹਿੰਦੇ ਹੋ ਜਿਸਨੂੰ ਕਿ ਸੰਤ ਲੋਗ ਨਹੀਂ ਕਰਦੇ, ਪਰ ਆਪ ਜੈਸੇ ਅਨੇਕਾਂ ਹੀ ਸਿਖ ਹਨ ਜੇਹੜੇ ਇਸ ਕਮਾਈ ਵਲੋਂ ਵਾਂਝੇ ਰਹਿੰਦੇ ਹਨ, ਹਾਂ ਜੇਕਰ ਆਪਦੇ ਵਾਂਗ ਕਿਸੇ ਮਿਸ਼ਨਰੀ ਕਾਲਜ ਜਾਂ ਖਾਲਸਾ ਪਰਚਾਰਕ ਵਿਦਿਆਲਯ ਆਦਿਕਾਂ ਦਾ ਪ੍ਰਿੰਸੀਪਲ ਜਾਂ ਪ੍ਰੋਫੈਸਰ ਹੋਣਾ ਪਰੀਸ਼ਰਮ ਦੀ ਕਮਾਈ ਹੈ, ਜਾਂ ਕਿਸੀ ਧਰਮਸਾਲਾ, ਗੁਰਦਵਾਰੇ ਵਿਚ ਗ੍ਰੰਥੀ ਸਿੰਘ ਹੋਣਾ ਜਾਂ ਝਾੜੂ ਬਹਾਰੀ ਆਦਿਕ ਉਪਰਲੀ ਸੇਵਾ ਲਈ ਸੇਵਾਦਾਰ ਨੀਯਤ ਹੋਣਾ, ਜਾਂ ਵਰਤਮਾਨ ਸਿਖਾਂ ਵਾਂਗ ਪਰਚਾਰਕਾਂ ਵਿਚ ਭਰਤੀ ਹੋਣਾ, ਏਹ ਸਭ ਪਰੀਸ਼ਰਮ ਦੀ ਕਮਾਈ ਗਿਣੀ ਜਾਂਦੀ ਹੈ, ਤਾਂ ਖਿਮਾਂ ਰਖਣੀ ਵਿਹਾਰ ਦ੍ਰਿਸ਼ਟੀ ਵਿਚ ਕੋਈ ਨਿਰਮਲਾ ਸੰਤ ਵੀ ਇਸ ਕਮਾਈ ਤੋਂ ਵਾਂਝਾ ਨਹੀਂ ਅਰਥਾਤ ਜਿਸਨੂੰ ਵੇਖੋਗੇ ਇਨ੍ਹਾਂ ਪੂਰਵ ਉਕਤ ਗਲਾਂ ਦੇ ਸੰਯੁੱਕਤ ਵੇਖੋਗੇ, ਕਿਉਂਕਿ ਨਿਰਮਲੇ ਮਹਾਤਮਾਂ ਵਿਚ ਪੰਜ ਤਰ੍ਹਾਂ ਦੇ ਸਾਧੂ ਹਨ, ਇਕ ਤਾਂ ਡੇਰੇਦਾਰ ਮਹੰਤ ਹਨ, ਜੇਹੜੇ ਲੰਗਰ ਦੇ ਅੰਨ ਪਾਣੀ ਲਈ ਦਵਾਈ ਬੂਟੀ ਵਿਚ ਜਾਂ ਆਪਣੇ ਬਜ਼ੁਰਗਾਂ ਦੀ ਜਾਇਦਾਦ ਸੰਭਾਲਣ ਦੇ ਆਹਰ ਵਿਚ ਲਗੇ ਰੈਂਹਦੇ ਹਨ, ਦੂਜੇ ਓਹ ਹਨ ਜੋ ਆਪਣੇ ਗੁਰ ਅਸਥਾਨ ਵਿਚ ਰੈਂਹਦੇ ਹੋਏ ਝਾੜੂ ਬਹਾਰੀ ਦੀ ਅਤੇ ਲੰਗਰ ਦੀ ਸੇਵਾ ਆਪਣੀ ਹਥੀਂ ਕਰਦੇ ਹਨ।

ਤੀਜੇ ਸ੍ਰੀ ਅੰਮ੍ਰਿਤਸਰ, ਹਰੀਦ੍ਵਾਰ, ਕਾਂਸ਼ੀ ਨਿਰਮਲ ਵਿਦਿਆਲਯ ਆਦਿਕਾਂ ਵਿਖੇ ਵਿਦਿਆ ਪੜ੍ਹਨ ਵਿਚ ਲਗੇ ਰੈਂਹਦੇ ਹਨ. ਚੌਥੇ ਓਹ ਹਨ ਜੋ ਰਿਖੀ ਕੇਸ਼ ਕਨਖਲ ਕੁਟੀਆ ਆਦਿਕ ਅਸਥਾਨਾਂ ਵਿਚ ਰੈਂਹਦੇ ਹੋਏ ਬ੍ਰਾਹਮਣ ਅਤੇ ਸਾਧੂ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ, ਪੰਜਵੇਂ ਪੂਰਬ ਆਦੀ ਦੇਸ਼ਾਂ ਵਿਚ ਵਿਚਰਦੇ ਹੋਏ ਗੁਰਮਤ ਪ੍ਰਚਾਰ ਕਰਦੇ ਰੈਂਹਦੇ ਹਨ।

ਇਥੇ ਵਿਚਾਰਵਾਨ ਪੁਰਸ਼ ਸਮਝ ਸਕਦੇ ਹਨ ਕਿ ਜੇਕਰ ਇਕ ਰਈਸ ਅਮੀਰ ਸਿਖ ਹਮੇਸ਼ਾਂ ਘਰ ਵਿਚ ਰੈਂਹਦਾ ਬੈਂਹਦਾ ਹੋਇਆ ਵੇਹਲਾ ਨਹੀਂ ਸਦਵਾ ਸਕਦਾ ਤਾਂ ਡੇਰੇ ਦਾਰ ਮਹੰਤ ਕਿਸ ਤਰ੍ਹਾਂ ਵੇਹਲੇ ਸਦਵਾ ਸਕਦੇ ਹਨ।

ਜੇਕਰ ਮੌਜੂਦਾ ਅਕਾਲੀ ਸਿਖ ਗੁਰਦੁਆਰਿਆਂ ਵਿਚ ਸੇਵਾ ਕਰਦੇ ਹੋਏ ਪ੍ਰੀਸ਼੍ਰਮੀ ਸਦਾ ਸਕਦੇ ਹਨ ਤਾਂ ਆਪਣੇ ਬਜ਼ੁਰਗਾਂ ਦੇ ਅਸਥਾਨਾਂ ਗੁਰਦੁਆਰਿਆਂ ਦੀ ਸੇਵਾ ਕਰਦੇ ਹੋਏ ਸਾਧੂ ਕਿਉਂ ਨਹੀਂ ਪ੍ਰੀਸ਼੍ਰਮੀ ਸਦਾ ਸਕਦੇ? ਜੇਕਰ ਸਿਖ ਮਿਸ਼ਨਰੀ ਕਾਲਜ ਜਾਂ ਖਾਲਸਾ ਪ੍ਰਚਾਰਕ ਵਿਦਿਆਲਯ ਆਦਿਕਾਂ ਵਿਚ ਸਿਖ ਲੜਕੇ ਪੜਦੇ ਹੋਏ ਮੇਹਨਤੀ ਅਖਵਾ ਸਕਦੇ ਹਨ ਤਾਂ ਕਾਂਸ਼ੀ ਕਨਖਲ ਆਦਿਕ ਪਾਠਸ਼ਾਲਾ ਵਿਚ ਪੜਦੇ ਹੋਏ ਸਾਧੂ ਕਿਉਂ ਨਹੀਂ ਮੇਹਨਤੀ ਸਦਾ ਸਕਦੇ? ਇਸੇ ਤਰ੍ਹਾਂ ਮਿਸ਼ਨਰੀ, ਜਾਂ ਖਾਲਸਾ ਪ੍ਰਚਾਰਕ ਵਿਦਿਆਲਯ ਆਦਿਕਾਂ ਵਿਚ ਪ੍ਰਿੰਸੀਪਲ ਜਾਂ ਪ੍ਰੋਫੈਸਰ ਨਿਯਤ ਹੋਣ ਨਾਲ ਆਪ ਜੈਸੇ ਪ੍ਰੀਸ਼੍ਰਮੀ ਅਖਵਾ ਸਕਦੇ ਹਨ ਤਾਂ ਓਹ ਸਾਧੂ ਜੇੜੇ ਹਮੇਸ਼ਾਂ ਇਕ ਰਸ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹਿੰਦੇ ਹਨ ਕਿਉਂ ਨਾ ਓਹ ਪ੍ਰੀਸ਼੍ਰਮੀ ਅਖਵਾਉਣ, ਜੇਕਰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਜਾਂ ਸਿਖ ਮਿਸ਼ਨਰੀ ਦੇ ਪਰਚਾਰਕ ਘਾਲ ਕਮਾਊ ਸਦਾ ਸਕਦੇ ਹਨ ਤਾਂ ਪਰਚਾਰਕ ਨਿਰਮਲੇ ਸੰਤ ਕਿਉਂ ਨਹੀਂ ਘਾਲਣਾ ਘਾਲਣ ਵਾਲੇ ਸਦਵਾ ਸਕਦੇ? ਹਾਂ ਫਰਕ ਹੈ ਤਾਂ ਇਤਨਾ ਕਿ ਸਾਧੂ ਵਿਚਾਰੇ ਤਾਂ ਕੇਵਲ ਦੋ ਰੋਟੀਆਂ ਦੇ ਖਾਹਸ਼ਮੰਦ ਹਨ ਤੇ ਓਹ ਸੋ ਜਾਂ ਦੋ ਦੋ ਸੋ ਰੁਪਿਆ ਮਹੀਨਾ ਲੈਣ ਦੇ ਹਕਦਾਰ ਸਮਝੇ ਜਾਂਦੇ ਹਨ, ਇਤਨਾ ਹੋਇਆਂ ਵੀ ਆਪਦੇ ਅਨੁਯਾਈ ਤਾਂ ਪਰੀਸ਼੍ਰਮ ਕਰਕੇ ਕਮਾਈ ਕਰਨ ਵਾਲੇ ਸਦਾਉਣ ਤੇ ਨਿਰਮਲੇ ਸੰਤ ਵੇਹਲੜ! ਹੈਰਾਨੀ ਵਾਲੀ ਗਲ ਹੈ ਕਿ ਆਪਦੀਆਂ ਸੈਂਕੜੇ ਤਕ ਤਨਖਾਹਵਾਂ ਤਾਂ ਸਾਧੂ ਲੋਕਾਂ ਦੇ ਦਿਲ ਵਿਚ ਕੋਈ ਅਸਰ ਨਾ ਕਰਨ ਤੇ ਸੰਤਾਂ ਲੋਗਾਂ ਦੀਆਂ ਦੋ ਰੋਟੀਆਂ ਵੀ ਆਪਨੂੰ ਪਰੇਸ਼ਾਨ ਕਰਨ!

ਏਹ ਸਚ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਹਰਿਦੁਆਰ ਪ੍ਰਯਾਗ, ਉਜੈਨ ਆਦਿਕ ਤੀਰਥਾਂ ਉਤੇ ਸਾਧੂਆਂ ਨੂੰ ਯਾਤ੍ਰਾ ਕਰਦੇ ਦੇਖਕੇ ਆਪਨੂੰ ਏਹ ਭ੍ਰਾਂਤੀ ਲਗੀ ਹੈ ਕਿ ਸਾਧੂ ਵੇਹਲੇ ਰਹਿੰਦੇ ਹਨ, ਪਰ ਜ਼ਰਾ ਆਪ ਇਸ ਦੇ ਮੁਕਾਬਲੇ, ਵਿਚ ਸੋਚੋ ਕਿ ਕੇੜ੍ਹਾ ਆਦਮੀ ਹੈ ਜੇੜ੍ਹਾ ਲੁਹਾਰਾ ਤ੍ਰਖਾਣਾ ਕੰਮ ਕਰਦਿਆਂ ਹੋਯਾਂ ਜਾਂ ਹਟੀ ਆਦਿਕ ਕੋਈ ਬਿਉਪਾਰ ਕਰ-

ਦਿਆਂ ਹੋਯਾਂ ਭੀ ਸਾਲ ਜਾਂ ਦੂਜੇ ਸਾਲ ਬਾਦ ਆਪਣੀ ਉਦਾਸੀਨਤਾ ਨੂੰ ਦੂਰ ਕਰਨ ਲਈ, ਕਲਕਤੇ, ਬਮਈ, ਆਦਕ ਸ਼ੈਹਰਾਂ ਵਿਚ ਜਾਂ ਯੂਰਪ ਆਦਕ ਦੇਸ਼ਾਂ ਦੀ ਸੈਰ ਕਰਨ ਲਈ ਘਰੋਂ ਨਹੀਂ ਨਿਕਲਦਾ, ਇਸੇ ਤਰਾਂ ਜੇ ਕੋਈ ਸਾਧੂ ਹੋਰਨਾਂ ਬਾਵਾਂ ਦੀ ਬਜਾਏ ਪ੍ਰਾਗ ਆਦੀ ਤੀਰਥ ਪੁਰ ਵਿਚਰਨ ਚਲਾ ਜਾਂਦਾ ਹੈ ਤਾਂ ਕੀ ਹੈਰਾਨੀ ਵਾਲੀ ਗਲ ਹੈ, ਪਰ ਆਪਦੇ ਖਿਆਲ ਮੁਤਾਬਕ ਜੇ ਕਰ ਕੋਈ ਗ੍ਰੈਹਸਥੀ ਜਾਏ ਤਾਂ ਤੀਰਥ ਯਾਤ੍ਰਾ ਜਾਂ ਸੈਰ, ਜੇ ਕੋਈ ਸੰਤ ਜਾਏ ਤਾਂ ਭੂ ਮਾਪਣ ? ਵਾਹ ਕਿਆ ਤਾਹਜ਼ੀਬ ਅਖਰਾਂ ਵਿਚੋਂ ਟਪਕ ਰਹੀ ਹੈ, ਅਸਲ ਗਲ ਏਹ ਹੈ ਕਿ ਬਹੁਤਿਆਂ ਆਦਮੀਆਂ ਦੀ ਦੂਜੇ ਫਿਰਕੇ ਜਾਂ ਮਜ਼ਹਬ ਉਤੇ ਐਸੀ ਗਿਲਾਨੀ ਬੈਹ ਗਈ ਹੈ ਕਿ ਉਸ ਦੇ ਹਟਾਣ ਦਾ ਕੋਈ ਉਪ੍ਰਾਲਾ ਹੀ ਨਹੀਂ ਕਰਦਾ, ਜੇ ਕਿਸੇ ਦੇ ਬਜ਼ੁਰਗ ਦੀ ਮਹੱਤਤਾ ਸੁਣਨ ਦਾ ਸਮਾਂ ਆਣ ਬਣੇ ਤਾਂ ਕੋਈ ਧਿਆਨ ਦੇਕੇ ਸੁਣਦਾ ਨਹੀਂ, ਇਸੇ ਤਰਾਂ ਜੇੜੇ ਸਜਣ ਨਿਰਮਲੇ ਸੰਤਾਂ ਨੂੰ ਮਢੋਂ ਹੀ ਉਪ੍ਰਲੀ ਨਿਗਾਹ ਨਾਲ ਵੇਖਦੇ ਹਨ ਓਹ ਕਦੇ ਵੀ ਉਨਾਂ ਦੇ ਡੇਰੇ ਤਕ ਪੁਜਕੇ ਉਨਾਂ ਦੀ ਮਹਾਨਤਾ ਨੂੰ ਜਾਂ ਵਿਸ਼ੇਸ਼ ਸੇਵਾ ਭਾਵ ਨੂੰ ਪ੍ਰੇਮ ਦ੍ਰਿਸ਼ਟੀ ਨਾਲ ਵੇਖ ਨਹੀਂ ਸਕਦੇ, ਬਸ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਕਰਦੇ ਜਾਂ ਕਿਤੇ ਤੀਰਥਾਂ ਪੁਰ ਵਿਚਰਦੇ ਵੇਖਕੇ ਏਹ ਅਨੁਮਾਨ ਕਰ ਲੈਣਾ ਕਿ ਸੰਤ ਲੋਗ ਹਮੇਸ਼ਾ ਵੇਹਲੇ ਹੀ ਰਹਿੰਦੇ ਹਨ, ਕੋਈ ਦਾਨਾਈ ਨਹੀ, ਸਗੋਂ ਏਹ ਸਮਝੋ ਜੇ ਕਰ ਮਿਸ਼ਨਰੀ ਕਾਲਜਾਂ ਦੇ ਪ੍ਰਿੰਸੀਪਲ, ਪ੍ਰੋਫੈਸਰ, ਵਿਦਯਾਰਥੀ, ਪ੍ਰਚਾਰਕ ਜਿਸ ਪ੍ਰਚਾਰ ਆਦੀ ਕੰਮਾਂ ਨੂੰ ਕਰਦਿਆਂ ਹੁਇਆਂ ਆਪਨੇ ਆਪ ਨੂੰ ਪ੍ਰਸ਼ੰਸੀ ਸਦਵਾ ਸਕਦੇ ਹਨ ਤਾਂ ਉਸੇ ਕੰਮ ਨੂੰ ਕਰਦਿਆਂ ਹੁਇਆਂ ਨਿਰਮਲੇ ਸੰਤ ਭੀ ਪ੍ਰਸ਼ੰਸੀ ਸਦਵਾ ਸਕਦੇ ਹਨ, ਆਪ ਸਚੁ ਸਮਝੋ ਕਿ ਅਸਲ ਵਿਚ ਵੇਹਲੇ ਆਦਮੀ ਨੂੰ ਕੋਈ ਮੂੰਹ ਨਹੀਂ ਲਗਾਂਉਂਦਾ, ਬਲਕੇ ਇਕ ਵਡੇ ਤੋਂ ਵਡਾ ਦਾਨੀ ਭੀ ਰਸਤੇ ਟੁਰਦੇ ਹੋਏ ਸੰਤ ਨੂੰ ਰੋਟੀ ਤਕ ਨਹੀਂ ਪੁਛਦਾ, ਹਾਂ ਜਦ ਏਹ ਪਤਾ ਲਗ ਜਾਏ ਕਿ ਏਹ ਫਲਾਣੇ ਡੇਰੇ ਦੇ ਮਹੰਤ ਸੰਤ ਹਨ ਆਏ ਗਏ ਅਭਿਆਗਤ ਦੀ ਬੜੀ ਸੇਵਾ ਕਰਦੇ ਹਨ ਜਾਂ ਰਾਤ ਦਿਨੇ ਪਠਨ ਪਾਠਨ ਵਿਚ ਲਗੇ ਰਹਿੰਦੇ ਹਨ ਜਾਂ ਆਪ ਭਜਨ ਕਰਦੇ ਤੇ ਵਿਦਯਾਰਥੀਆਂ ਨੂੰ ਪੜਾਂਉਂਦੇ ਰਹਿੰਦੇ ਹਨ, ਜਾਂ ਇਹ ਵਿਦ੍ਵਾਨ ਪੰਡਿਤ ਗੁਰਮਤ ਪ੍ਰਚਾਰ ਕਰਦੇ ਦਿਲ ਨੂੰ ਸ਼ਾਂਤ ਕਰ ਦੇਂਦੇ ਹਨ ਤਾਂ ਓਹ ਆਪਣਾ ਆਪ ਵਾਰਦਾ ਹੈ ਨਹੀਂ ਤਾਂ ਗਲ ਤਕ ਨਹੀਂ ਕਰਦਾ।

ਭਾਈ ਸਾਹਿਬ ਜੀ ਦੇ ਲੇਖ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਆਪ ਸੰਤਾਂ ਲੋਗਾਂ ਨੂੰ ਅਤਯੰਤ ਘ੍ਰਿਣਾ ਦ੍ਰਿਸ਼ਟੀ ਨਾਲ ਇਸ ਲਈ ਵੇਖਦੇ ਹਨ ਕਿ ਇਹ ਲੋਗ ਆਪਣੇ ਪ੍ਰੀਸ਼੍ਰਮ ਦੀ ਕਮਾਈ ਨਾਲ ਉਦਰ ਪੂਰਨਤਾ ਨਹੀਂ ਕਰਦੇ, ਸਚੁ ਮੁਚ ਜੇ ਕਰ ਆਪ ਦੇ ਦਿਲ ਵਿਚ ਐਸੀ ਗਿਲਾਨੀ ਬੈਠੀ ਹੋਈ ਹੈ ਤਾਂ ਸ੍ਰੀ ਮਾਨ ਮਹੰਤ ਨਰੈਣ ਸਿੰਘ ਜੀ (ਮੁਸਾਫਰ) ਦੇ ਲਿਖੇ ਮੂਜਬ ਸੰਨ ੧੯੧੨ ਜਾਂ ੧੩ ਵਿਚ ਪ੍ਰਯਾਗ ਰਾਜ ਨਿਰਮਲ ਅਖਾੜੇ ਵਿਚ ਕਰੀਬਨ ਪੰਜ ਮਹੀਨੇ ਟਿਕਕੇ ਰੋਟੀ ਪਾਣੀ ਤੋਂ ਇਲਾਵਾ ਤੇਲ ਸਾਬਣ ਤਕ ਆਪ ਅਖਾੜੇ ਦਾ ਵਰਤਦੇ ਰਹੇ ਹੋ ਤਾਂ ਓਦੋਂ ਕੀ ਪਰੀ-ਸ਼੍ਰਮ ਕਰਦੇ ਰਹੇ ਹੋ ?

ਮੇਰਾ ਭਾਵ ਏਹ ਹੈ ਕਿ ਜਿਨ੍ਹਾਂ ਸੰਤਾਂ ਲੋਗਾਂ ਦੇ ਭੰਡਾਰੇ ਵਿਚ ਆਪ ਕਈ ਮਹੀਨੇ ਲਗਾ ਤਾਰ ਦਰਸ਼ਨ ਦੇਂਦੇ ਰਹੇ ਹੋ ਉਨ੍ਹਾਂ ਸੰਤਾਂ ਨੂੰ ਵੇਹਲੇ ਪਣੇ ਦਾ ਤਾਨ੍ਹਾ ਦੇਣਾਂ ਆਪ ਦੇ ਮੂੰਹੋ ਸੋਭਦਾ ਨਹੀਂ ।

ਇਕ ਥਾਂ ਤਾਨਾ ਦੇਂਦੇ ਹੋਏ ਲਿਖਦੇ ਹਨ, ਕਿ ਬਾਬੇ ਬੰਦੇ ਤੋਂ ਪਹਿਲਾਂ ਜਾਂ ਉਸ ਵੇਲੇ ਨਿਰਮਲੇ ਕਿਥੇ ਸਨ ? ਕੀ ਜੁਧ ਤੋਂ ਡਰਦੇ ਕਿਤੇ ਇਕ ਪਾਸੇ ਬੈਠੇ ਹੋਏ ਸਨ ? ਜੇ ਬੈਠੇ ਹੋਏ ਸਨ, ਤਾਂ ਉਸ ਭਯੰਕਰ ਵੇਲੇ ਦਾ ਕੋਈ ਇਤਿਹਾਸ ਹੀ ਲਿਖਦੇ ਰਹਿੰਦੇ ।

ਉਤਰ—ਮੈਂ ਪਿਛੇ ਦਸ ਆਇਆ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਕਾਂਸ਼ੀ ਤੋਂ ਆਏ ਨਿਰਮਲੇ ਸੰਤਾਂ ਨੂੰ ਉਪ੍ਰਾਮ ਬਿਰਤੀ ਵਿਚ ਵੇਖਿਆ, ਤਾਂ ਆਪਨੇ ਪ੍ਰਸੰਨਤਾ ਭਰੇ ਅੱਖਰਾਂ ਵਿਚ ਕਿਹਾ ਕਿ ਸਾਡਾ ਪੰਥ ਹੁਣ ਦੋ ਤਰ੍ਹਾਂ ਦਾ ਪ੍ਰਸਿਧ ਹੋਵੇਗਾ ਇਕ ਸ਼ਸਤ੍ਰਧਾਰੀ ਖਾਲਸਾ, ਦੂਸਰਾ ਬਬੇਕ ਗਿਆਨ ਧਾਰੀ ਨਿਰਮਲ ਪੰਥ, ਸੁ ਇਸ ਤਰਾਂ ਭਾਵੇਂ ਗੁਰੂ ਜੀ ਨੇ ਨਿਰਮਲੇ ਸੰਤਾਂ ਨੂੰ ਗਿਆਨ ਬਬੇਕ ਧਾਰੀ ਕਹਿਕੇ ਨਿਵਾਜਿਆ ਹੈ, ਪਰ ਫਿਰ ਵੀ ਸਮੇਂ ਸਮੇਂ ਅਨੁਸਾਰ ਮੈਦਾਨ ਜੰਗ ਤੋਂ ਪਿਛੇ ਭੀ ਕਦੇ ਨਹੀਂ ਰਹੇ ।

ਸ੍ਰੀ ਮਾਨ ਸੰਤ ਬਾਬਾ ਦਰਗਾਹਾ ਸਿੰਘ ਜੀ ਖੁਦ ਜੰਗ ਵਿਚ ਲੜਦੇ ਰਹੇ, ਜਦ ਸ੍ਰੀ ਗੁਰੂ ਜੀ ਨੰਦੇੜ ਪੁਜਕੇ ਬੈਕੁੰਠ ਗਮਨ ਹੋਏ, ਤਾਂ ਆਪ ਉਦਾਸੀਨ ਹੋਏ ਹੋਏ ਕਨਖਲ ਗੰਗਾ ਜੀ ਦੇ ਕਿਨਾਰੇ ਪਹੁੰਚੇ ਜਿਥੇ ਕਖਾਂ ਦੀ ਕੁਟੀਆ ਬਣਾਕੇ ਆਪਨੇ ਸਾਰੀ ਜ਼ਿੰਦਗੀ ਬਤੀਤ ਕੀਤੀ ।

ਸੰ: ੧੯੦੪ ਵਿਚ ਸਿਖਾਂ ਦੇ ਰਾਜ ਉਲਟ ਪੁਲਟ ਵੇਲੇ ਬਾਬਾ

ਮਹਾਰਾਜ ਸਿੰਘ ਜੀ ਨੌਰੰਗਾਬਾਦ ਦੀ ਮਹੰਤੀ ਛਡਕੇ ਆਪਣੀ ਥਾਂ ਛੋਟੇ ਭਾਈ ਵੀਰ ਸਿੰਘ ਜੀ ਹੋਰਾਂ ਨੂੰ ਅਸਥਾਪਨ ਕਰਕੇ ਗੁਜਰਾਤ ਜੁਧ ਵਿਚ ਜਾ ਸ਼ਾਮਲ ਹੋਏ ਸਨ, ਥੋੜੇ ਚਿਰ ਪਿਛੋਂ ਬਾਬਾ ਖੁਦਾ ਸਿੰਘ ਜੀ ਤੇ ਮਹਾਰਾਜ ਮ: ਪ੍ਰੇਮ ਸਿੰਘ ਜੀ ਲਾਹੌਰ ਵਾਲੇ ਤੇ ਇਨ੍ਹਾਂ ਦੇ ਗੁਰਭਾਈ ਪੰਡਤ ਸ਼ੇਰ ਸਿੰਘ ਜੀ ਭੀ ਪੁਜ ਗਏ ਸਨ ਜਿਥੋਂ ਗ੍ਰਿਫਤਾਰ ਹੋਕੇ ਗੁਜਰਾਂਵਾਲੇ ਦੇ ਜੇਹਲਖਾਨੇ ਵਿਚ ਕੁਝ ਚਿਰ ਰਹੇ ਤੇ ਬਾਬਾ ਮਹਾਰਾਜ ਸਿੰਘ ਜੀ ਆਗਰੇ ਭੇਜ ਦਿਤੇ ਗਏ, ਐਹੋ ਜਹੇ ਕਈ ਮੌਕਿਆਂ ਤੇ ਨਿਰਮਲੇ ਸੰਤ ਨਿਰਭੈ ਹੋਕੇ ਮੈਦਾਨ ਜੰਗ ਵਿਚ ਗਜਦੇ ਰਹੇ ਹਨ।

ਇਤਿਹਾਸ ਬਾਰੇ ਅਜੇ ਤਕ ਆਪ ਜਾਣੂ ਨਹੀਂ ਹੋਇ ਕਿ ਗੁਰੂ ਸਾਹਿਬਾਂ ਦੇ ਜੀਵਨ ਤਥਾ ਅਨੇਕਾਂ ਕਾਰਨਾਮਿਆਂ ਤੋਂ ਜਾਣੂ ਕਰਾਉਣ ਵਾਲੇ ਹੋਏ ਤਾਂ ਨਿਰਮਲੇ ਸੰਤ ਹੀ ਹੋਏ ਹਨ, ਏਹ ਗਲ ਪੰਥ ਵਿਚ ਮੰਨੀ ਪ੍ਰਮੰਨੀ ਹੋਈ ਹੈ ਕਿ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਪਿਛੋਂ ਬੰਦੇ ਬਹਾਦਰ ਦੇ ਵੇਲੇ ਜਾਂ ਮੀਰ ਮੰਨੂ, ਅਹਿਮਦ ਸ਼ਾਹ, ਦੇ ਜ਼ਮਾਨੇ ਵਿਚ ਜਦ ਸਿਖਾਂ ਦੇ ਸਿਰ ਦਾ ਮੁਲ ਅੱਸੀ ਅੱਸੀ ਰੁਪਏ ਧਰਿਆ ਗਿਆ ਸੀ ਤਾਂ ਸਿੰਘ ਝਾੜਾਂ ਵਿਚ ਛਿਪੇ ਰਹਿੰਦੇ ਸਨ, ਪਰ ਆਪਣਿਆਂ ਗੁਰਦਵਾਰਿਆਂ ਦੀ ਪੂਜਾ ਪ੍ਰਤਿਸ਼ਠਾ ਲਈ ਉਨ੍ਹਾਂ ਥਾਂ ਥਾਂ ਨਿਰਮਲੇ ਤੇ ਉਦਾਸੀ ਮਹਾਤਮਾਂ ਨਿਯਤ ਕਰ ਦਿਤੇ ਸਨ ਭਾਵੇਂ ਨਿਰਮਲੇ ਤੇ ਉਦਾਸੀ ਭੀ ਕੇਸਾਧਾਰੀ ਸਨ ਪਰ ਇਨ੍ਹਾਂ ਦਾ ਪਹਿਰਾਵਾ ਅਤੀਤ ਫਕੀਰਾਂ ਦਾ ਹੋਣੇ ਕਰਕੇ ਮੁਸਲਮਾਨ ਇਨ੍ਹਾਂ ਨੂੰ ਅਲਾ ਲੋਗ ਸਮਝਕੇ ਕੁਝ ਸਖਤੀ ਕਰਨੋਂ ਝਿਝਕਦੇ ਸਨ।

ਏਹ ਠੀਕ ਹੈ ਕਿ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਜ਼ਰਮਾਨਾ ਨਾ ਦੇਣ ਦੇ ਇਲਜ਼ਾਮ ਵਿਚ ਮੌਜੂਦਾ ਹਕੂਮਤ ਵਲੋਂ ਸ਼ਹੀਦ ਕਰਵਾ ਦਿਤੇ ਗਏ ਸਨ, ਪਰ ਇਸ ਸਾਕੇ ਦੀ ਪਿਠ ਤੇ ਸੰਗਤ ਦੇ ਵਾਕ ਦਾ ਭੀ ਅਸਰ ਸੀ, ਵਰਨਾ ਗੁਰਦਵਾਰਿਆਂ ਦੇ ਸੇਵਕ ਅਤੀਤ ਸੰਤਾਂ ਨੂੰ ਕੁਝ ਵੀ ਨਹੀਂ ਕਹਿਆ ਜਾਂਦਾ ਸੀ, ਇਸੇ ਵਾਸਤੇ ਗੁਰਦਵਾਰੇ ਥਾਂ ਪਰ ਥਾਂ ਕਾਇਮ ਰਹੇ।

ਸਿਧਾਂਤ ਏਹ ਹੈ ਕਿ ਸੰਤ ਲੋਗ ਗੁਰਦਵਾਰਿਆਂ ਦੀ ਟਹਿਲ ਸੇਵਾ ਕਰਦੇ ਹੋਏ ਭੀ ਗੁਰੂ ਸਾਹਿਬਾਂ ਦੇ ਜੀਵਨ ਅਤੇ ਮੌਜੂਦਾ ਘੋਰ ਜੰਗਾਂ ਜੁਧਾਂ ਦਾ ਇਤਿਹਾਸ ਅਲੱਗ ਅਲਗ ਸੈਂਚੀਆਂ ਵਿਚ ਹਮੇਸ਼ਾਂ ਲਿਖਦੇ

ਰਹਿੰਦੇ ਸਨ, ਜਿਥੋਂ ਕਈਆਂ ਵਿਦਵਾਨਾਂ ਨੇ ਪਿਛੋਂ ਉਤਾਰੇ, ਕਰ ਕਰਕੇ ਚੰਗੇ ਚੰਗੇ ਪੁਸਤਕ ਤਿਆਰ ਕੀਤੇ ਹਨ । ਜਿਸਤਰ੍ਹਾਂ ਗੁਰਬਿਲਾਸ (ਭਾਈ ਸੁਖਾ ਸਿੰਘ ਜੀ) ਤੇ ਗੁਰ ਪਰਤਾਪ ਸੂਰਜ ਪ੍ਰਕਾਸ਼ ਆਦਿਕ, ਕਈ ਗ੍ਰੰਥ ਕਾਰਾਂ ਨੇ ਏਹ ਗਲ ਮੰਨੀ ਹੈ ਕਿ ਗੁਰਦਵਾਰਾ ਸੁਧਾਰ ਦੀ ਨੀਂਹ ਬੰਨਣ ਵਾਲੇ ਜਾਂ ਗੁਰ ਇਤਿਹਾਸ ਨੂੰ ਵਿਸਤਾਰ ਪੂਰਵਕ ਲਿਖਣ ਵਾਲੇ ਨਿਰਮਲੇ ਸੰਤ ਹੀ ਹੋਏ ਹਨ, ਮੈਂ ਵੀ ਇਸ ਗਲ ਦੀ ਪ੍ਰੋੜ੍ਹਤਾ ਕਰਦਾ ਹੋਇਆ ਲਿਖਦਾ ਹਾਂ ਕਿ ਸਚ ਮੁਚ ਜੇ ਗੁਰ ਇਤਿਹਾਸ ਨੂੰ ਹਰ ਇਕ ਦੇ ਕੰਨਾਂ ਤਕ ਪੁਚਾਇਆ ਹੈ ਤਾਂ ਇਨ੍ਹਾਂ ਸੰਤਾਂ ਨੇ ਹੀ।

ਮੈਂ ਪਿਛੇ ਖੁਲਾਸਾ ਦਸ ਆਇਆ ਹਾਂ ਕਿ ਬਾਬਾ ਨਾਨਕ ਜੀ ਦੇ ਚਲਾਏ ਹੋਏ, ਨਾਮ ਸਿਮਰਨ ਰੂਪ ਨਿਰਮਲ ਪੰਥ ਵਿਚ ਜੋ ਵੈਰਾਗ ਮੂਰਤੀ ਮਹਾਂਪੁਰਸ਼ ਆਏ, ਓਹ ਨਿਰਮਲੇ ਸੰਤ ਕਰਕੇ ਪ੍ਰਸਿਧ ਹੋਏ ਹਨ, ਜਿਸ ਤਰ੍ਹਾਂ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਪੂਰਨ ਵਿਦਵਾਨ ਬ੍ਰਹਮ ਗਿਆਨੀ ਨਿਰਮਲੇ ਮਹਾਤਮਾਂ ਹੋਏ, ਜਿਨ੍ਹਾਂ ਦੇ ਬਾਰੇ ਸ਼ਹੀਦ ਰਤਨ ਸਿੰਘ ਜੀ ਭੰਗੂ ਨੇ ਆਪਣੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਲਿਖਿਆ ਹੈ।

ਮਨੀ ਸਿੰਘ ਥੋ ਸੰਤ ਸੁਜਾਨ ॥
ਜਤੀ ਸਤੀ ਔ ਧਜਾਨੀ ਮਾਨ ॥
ਹਠੀ ਤਪੀ ਔ ਮਤ ਕੋ ਪੂਰੇ ॥
ਸਹਨ ਸੀਲ ਔ ਦਿਲ ਕੇ ਸੂਰੇ ॥

ਆਪ ਸੰਤ ਬਾਣੇ ਵਿਚ ਹੀ ਖਾਨ ਬਹਾਦਰ ਦੇ ਵੇਲੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਕਰਦੇ ਰਹੇ ਹਨ, ਆਪਨੇ ਹੀ ਗਿਆਨ ਰਤਨਾਵਲੀ (ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ) ਲਿਖਵਾਈ, ਅਤੇ ਆਪਦਾ ਭਾਸ਼ਣ ਅਰਥਾਤ ਜਿਸ ਤਰ੍ਹਾਂ ਭਾਈ ਭਗਤ ਸਿੰਘ ਜੀ ਨੂੰ ਆਪਨੇ ਗੁਰੂ ਜਸ ਸੁਣਾਇਆ ਉਸਨੂੰ ਆਪਦੇ ਸ਼ਿਸ਼ ਭਾਈ ਧਰਮ ਸਿੰਘ ਜੀ ਦੇ ਸੇਵਕ ਕਵੀ ਜੀ ਨੇ ਸੰ: ੧੭੭੫ ਵਿਚ ਸਭ ਤੋਂ ਪਹਿਲਾਂ ਇਤਿਹਾਸ ਗੁਰ ਬਿਲਾਸ ਪਾਤਸਾਹੀ ਛੇਵੀਂ ਨਾਮ ਕਰਕੇ ਲਿਖਿਆ ਜਿਸਦੇ ਅੰਤ ਵਿਚ ਸੇਵਕ ਕਵੀ ਜੀ ਨੇ ਬੇਨਤੀ ਕੀਤੀ ਹੈ।

ਚੌਪਈ—ਮਨੀ ਸਿੰਘ ਸੁਆਮੀ ਕਾ ਦਾਸ ॥
ਧਰਮ ਸਿੰਘ ਜੀ ਬੁਧ ਪ੍ਰਕਾਸ਼ ॥
ਤਾਂਕਾ ਭਯੋ ਦਾਸ ਹਉ ਆਇ ॥

ਤਿਨ ਮਮ ਕੀਨੀ ਅਧਿਕ ਸਹਾਇ ॥
ਸਿਖਯਾ ਦਈ 'ਮੰਤ੍ਰ ਗੁਰ' ਦੀਨੋ ॥
ਲਾਇਕ ਸਕਲ ਬਾਤ ਕਾ ਕੀਨੋ ॥

ਦੋ:-ਮਨੀ ਸਿੰਘ ਜਬ ਹੀ ਕਹੀ ਭਗਤ ਸਿੰਘ ਕੋ ਗਾਥ ॥
ਧਰਮ ਸਿੰਘ ਜੀ ਕਵ ਗੁਰੂ ਬੈਠ ਤਬੈ ਢਿਗ ਸਾਥ ॥

ਇਸ ਬੇਨਤੀ ਵਿਚ ਗੁਰੂ ਸ਼ਿਸ਼ ਸੰਪ੍ਰਦਾ ਪ੍ਰਤਖ ਪ੍ਰਤੀਤ ਹੁੰਦੀ ਹੈ ਜੋੜੀ ਕਿ ਨਿਰਮਲੇ ਸੰਤਾਂ ਵਿਚ ਅਤੀ ਪ੍ਰਮਾਣੀਕ ਮੰਨੀ ਗਈ ਹੈ।

ਸੋ ਇਸ ਤਰਾਂ ਭਾਈ ਸਾਹਿਬ ਭਾਈ ਮਨੀ ਸਿੰਘ ਹੋਰਾਂ ਦਾ ਰਚਿਤ ਇਤਿਹਾਸ ਨਿਰਮਲੇ ਸੰਤਾਂ ਵਲੋਂ ਮੰਨਿਆਂ ਜਾਂਦਾ ਹੈ।

ਬਾਹਦ ਭਾਈ ਸੁਖਾ ਸਿੰਘ ਜੀ ਹੋਏ ਹਨ ਜਿਨ੍ਹਾਂ ਸੰਮਤ ੧੯੫੪ ਵਿਚ ਗੁਰ ਬਿਲਾਸ ਰਚਿਆ, ਏਹ ਅਜੇ ਛੋਟੇ ਹੀ ਸਨ ਜਦ ਕੇ ਮਾਤਾ ਪਿਤਾ ਗੁਜ਼ਰ ਗਏ, ਵਡੇ ਭਾਈ ਨੇ ਪਾਲਨਾ ਕੀਤੀ, ਕੁਝ ਸਮੇ ਬਾਦ ਭਾਈ ਸਾਹਿਬ ਦੇ ਨਾਲ ਤੀਰਥ ਯਾਤਾ ਗਏ, ਜਦ ਨਾਨਕ ਮਤੇ ਗਏ ਭਰਾ ਦਾ ਸਰੀਰ ਵੀ ਅੰਤ ਹੋਗਿਆ ਅੰਤ ਹੋਣ ਤੋਂ ਕੁਝ ਚਿਰ ਪਹਿਲਾਂ ਏਹ ਆਪਨੇ ਪੁਛਿਆ।

ਦੋਹਰਾ:—ਸਾਂਤ ਸਮੇ ਨਿਜ ਪੂਛਿਓ
ਕਹੁ ਪਿਆਰੇ ਅਬ ਗੱਲ ॥
ਗੌਨ ਕਰਤ ਪਰਲੋਕ ਤੁਮ
ਹਮ ਪਕਰਹਿ ਕਿਹ ਪਲ ॥
ਚੌ:—ਕਹਾ ਬੰਧ ਗੁਰ ਕੋ ਗਹੁ ਪਲ ॥
ਇਤ ਉਤ ਜਾਕੋ ਹੁਕਮ ਅਚਿਲ ॥
ਔ ਸਨਬੰਧ ਝੂਠ ਦਿਨ ਚਾਰ ॥
ਸਾਚੋ ਗੁਰ ਧਰ ਹਿਦੈ ਮਝਾਰ ॥
ਦਰਸਨ ਕਰਹੁ ਜਾਇ ਦਰਬਾਰ ॥
ਔਰ ਨ ਰਿਦ ਮੈ ਧਰੀ ਜੰਜਾਰ ॥

ਗੁਰ ਬਿ: ਆ ੧

ਅੰਤਮ ਕ੍ਰਿਯਾ ਕਰਨ ਤੋਂ ਬਾਹਦ ਆਪ ਸ੍ਰੀ ਪਟਨੇ ਸਾਹਿਬ ਪਹੁੰਚੇ ਜਿਥੇ ਗੁਰਮੁਖੀ ਅਖਰਾਂ ਦਾ ਅਭਯਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਹੋ ਗਏ, ਯਾਰਾਂ ਮਹੀਨੇ ਇਥੇ ਰੈਹਕੇ ਫਿਰ ਆਨੰਦ ਪੁਰ

ਸਾਹਿਬ ਆਏ ਜਿਥੇ ਸੇਵਾ ਕਰਦੇ ਹੋਏ ਕਾਵਯ ਦੇ ਗ੍ਰੰਥ ਪੜਨ ਵਿਚ ਪ੍ਰਵਿਰਤ ਹੋ ਗਏ।

"ਵਿਦਆ ਵਿਚਾਰੀ ਤਾਂ ਪਰ ਉਪਕਾਰੀ" ਵਾਕ ਅਨੁਸਾਰ ਆਪਨੇ ਗੁਰੂ ਜਸ ਉਚਾਰਨ ਕੀਤਾ, ਜਿਸ ਦੇ ਬਾਰੇ ਅੰਤ ਨੂੰ ਲਿਖਦੇ ਹਨ, "ਥੋਰ ਜਥਾ ਮਤਿ ਸੰਤ ਪ੍ਰਤਾਪ ਤੇ ਜੋ ਕੇਹਕੇ ਕਥਿ ਸੰਤ ਜਨਾਈ" ਅਖੀਰ ਪੁਸਤਕ ਤਿਆਰ ਕਰਕੇ ਦਿਆਲ ਜੀ ਨਾਮ ਕਰਕੇ ਇਕ ਸੰਤਾਂ ਪਾਸ ਲੈ ਗਏ, ਗ੍ਰੰਥ ਦਾ ਨਾਮ ਰਖਣ ਲਈ ਬੇਨਤੀ ਕੀਤੀ, ਉਪ੍ਰੰਤ ਉਨਾ ਸੰਤਾਂ ਹੀ ਇਨ੍ਹਾਂ ਦੇ ਗ੍ਰੰਥ ਦਾ ਨਾਮ ਗੁਰ ਬਿਲਾਸ ਰਖਿਆ।

ਇਸ ਤਰਾਂ ਭਾਈ ਸਾਹਿਬ ਭਾਈ ਸੁਖਾ ਸਿੰਘ ਜੀ ਘਰੋਗੀ ਜੰਜਾਲਾਂ ਤੋਂ ਰੈਹਤ ਅਤੀਤ ਬ੍ਰਿਤੀ ਨਿਰਮਲ ਮਹਾਤਮਾਂ ਹੋਏ ਹਨ ਜਿਨਾਂ ੧੮੫੪ ਵਿਚ ਗੁਰ ਇਤਿਹਾਸ ਲਿਖਿਆ।

ਅਗੋ ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਨੇ ੧੮੯੦ ਸੰਮਤ ਵਿਚ ਨਾਨਕ ਪ੍ਰਕਾਸ਼ ਤੇ ੧੯੦੦ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਪਰਕਾਸ਼ ਲਿਖਕੇ ਤਿਆਰ ਕੀਤਾ, ਭਾਈ ਸਾਹਿਬ ਜੀ ਬਾਰੇ ਤਾਂ ਕਈਆਂ ਨੇ ਮੰਨਿਆ ਹੈ ਕਿ ਆਪ ਨਿਰਮਲੇ ਸੰਤ ਹੋਏ ਹਨ, ਪਹਿਲੇ ਆਪ ਪਟਿਆਲੇ ਨਿਰਮਲੇ ਸੰਤਾਂ ਪਾਸ ਪੜ੍ਹਦੇ ਰਹੇ ਉਪ੍ਰੰਤ ਕੁਝ ਸਮਾਂ ਵਿਚਰਦੇ ਰਹੇ, ਫਿਰ ਅਨਜਲ ਦੇ ਵਸ ਕੈਂਥਲ ਜਾ ਠਹਰੇ, "ਉਨੀਂ ਦਿਨੀ ਕਾਂਸ਼ੀ ਵਾਲੇ ਪੰਡਿਤ ਸਦਾ ਸਿੰਘ ਜੀ ਦੇ ਸ਼ਿਸ਼ ਪੰਡਿਤ ਚੇਤ ਸਿੰਘ ਜੀ ਇਥੇ ਰਹਿੰਦੇ ਹੁੰਦੇ ਸਨ ਜਿਨ੍ਹਾਂ ਦਾ ਅਸਥਾਨ ਅਜ ਤਕ ਪ੍ਰਸਿਧ ਹੈ।

ਆਪਣੇ ਵਿਸ਼ੇ ਭਾਈ ਸਾਹਿਬ ਜੀ ਨੇ ਲਿਖਿਆ ਹੈ।

ਪਰਾਲਬਧ੍ਰ ਕਰ ਕਿਤ ਕਿਤ ਰਹੇ॥
ਜਿਤ ਮਹਿ ਗੁਰ ਜਸੁ ਰੁਚਿ ਬੋ ਚਹੇ॥
ਕਰਮ ਕਾਲ ਤੇ ਕੈਥਲ ਆਏ॥
ਥ੍ਰਿਤ ਹੋਏ ਜਪੁਜੀ ਅਰਥ ਬਨਾਏ॥

ਸੁ: ਪ੍ਰ: ਅੰ: ਪ

ਇਥੇ ਆਪਨੇ ਪਹਿਲਾ ਜਪੁਜੀ ਸਾਹਿਬ ਦਾ ਟੀਕਾ ਬਾਹਦ ਬਾਲਮੀਕੀ ਰਾਮਾਇਣ ਤੇ ਆਤਮ ਪੁਰਾਣ ਨੂੰ ਸੁੰਦਰ ਛੰਦਾ ਬੰਦੀ ਵਿਚ ਕੀਤਾ, ਫਿਰ ਕੁਝ ਸਮੇ ਬਾਹਦ ਗੁਰ ਇਤਿਹਾਸ ਨੂੰ ਬਾਰਾਂ ਰਾਸਾਂ ਤੇ ਛੇ ਰੁਤਾਂ ਵਿਚ ਬਿਸਤਾਰ ਪੂਰਵਕ ਵਰਨਨ ਕਰਕੇ ਗ੍ਰੰਥ ਦਾ ਨਾਮ ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਰਖਿਆ।

ਅਗੇ ਸ੍ਰੀ ਮਾਨ ਸ੍ਰੀ ਮਹੰਤ ਪੰਡਿਤ ਤਾਰਾ ਸਿੰਘ ਜੀ ਨੇ ਸੰਮਤ ੧੯੩੪ ਵਿਚ ਗੁਰਮਤ ਨਿਰਣਯ ਸਾਗਰ, ਤੇ ਸੰ: ੧੯੪੦ ਨੂੰ ਸ੍ਰੀ ਗੁਰੂ ਤੀਰਥ ਸੰਗ੍ਰਹ ਪ੍ਰਕਾਸ਼ਤ ਕੀਤਾ ਉਪ੍ਰੰਤ ਗੁਰੂ ਗਿਰਾਰਥ ਕੋਸ਼ ਆਦੀ ਕਈ ਗ੍ਰੰਥ ਲਿਖੇ ਜਿਨ੍ਹਾਂ ਦ੍ਵਾਰੇ ਗੁਰੂ ਸਿਧਾਂਤ ਦੇ ਗੁਝੇ ਭਾਵ ਨੂੰ ਇਤਨਾ ਬਿਸਤਾਰ ਪੂਰਵਕ ਪ੍ਰਗਟ ਕੀਤਾ ਹੈ ਜਿਨ੍ਹਾਂ ਦਾ ਆਸ਼੍ਰਾ ਲੈਕੇ ਵਰਤਮਾਨ ਕਈ ਵਿਦ੍ਵਾਨ ਪੁਸਤਕ ਰਚ ਰਹੇ ਹਨ।

ਸ੍ਰੀ ਮਾਨ ਸੰਤ ਗਿਆਨੀ ਗਿਆਨ ਸਿੰਘ ਜੀ, ਬਰਨਾਲੇ ਵਾਲੇ ਨਿਰਮਲੇ ਮਹਾਤਮਾਂ ਬਾਬਾ ਗਾਂਧਾ ਸਿੰਘ ਜੀ ਦੀ ਸੰਪ੍ਰਦਾ ਵਿਚੋਂ ਹੋਏ ਹਨ ਆਪਨੇ ਪੰਥ ਪਕਾਸ਼ ਤੇ ਤ੍ਵਾਰੀਖ ਗੁਰੂ ਖਾਲਸਾ ਦ੍ਵਾਰਾ ਇਤਨਾ ਬਿਸਤਾਰ ਕੀਤਾ ਹੈ ਜਿਸ ਤੋਂ ਸਿਖ ਕੌਮ ਦਾ ਬਚਾ ਬਚਾ ਗੁਰ ਇਤਹਾਸ ਤੋਂ ਜਾਣੂ ਹੋਇਆ ਫਿਰਦਾ ਹੈ।

ਇਤਨਾ ਹੁੰਦਿਆਂ ਸੰਦਿਆਂ, ਫਿਰ ਭਾਈ ਸਾਹਿਬ ਦਾ ਏਹ ਤਾਨਾ ਦੇਣਾ "ਕਿ ਕੋਈ ਗੁਰ ਇਤਿਹਾਸ ਹੀ ਲਿਖਦੇ" ਠੀਕ ਨਹੀਂ।

ਸਰਦਾਰ ਸਾਹਿਬ ਅੰਤ ਵਿਚ ਜਾਕੇ ਲਿਖਦੇ ਹਨ ਕਿ ਨਿਰਮਲੇ ਭਿਕਸ਼ੂਆਂ ਦੀ ਉਤਪਤੀ ਵਿਚ ਸਭ ਤੋਂ ਅਣੋਖੀ ਅਰ ਅੰਤਮ ਰਮਜ਼ ਇਹ ਹੈ ਕਿ ਗਿਹਸਥੀ ਗੁਰੂ ਦਵਾਰਾ ਏਹਨਾਂ ਨੂੰ ਸੰਨਿਆਸ ਦੀ ਦੀਕਸ਼ਾ ਮਿਲੀ ਹੈ।

ਉਤਰ–ਗਹਸਥੀ ਗੁਰੂ ਦੇ ਵਾਰੇ ਆਪਨੇ ਖੁਲਾਸਾ ਨਹੀਂ ਦਸਿਆ ਕਿ ਓਹ ਕੌਣ ਸੀ, ਕਿਉਂਕਿ ਇਕ ਜਗਾ ਲਿਖ ਆਏ ਹਨ ਕਿ ਨਿਰਮਲ ਸਪ੍ਰਦਾਯ ਦਾ ਪ੍ਰਵਰਤਕ ਕੋਈ ਬਨਾਰਸ ਦਾ ਕੇਸ਼ ਕੁਪੀਨ ਧਾਰੀ ਚਤੁਰ ਬ੍ਰਹਮਚਾਰੀ ਸੀ, ਇਸ ਲਈ ਓਹ ਤਾਂ ਬ੍ਰਹਮਚਾਰੀ ਹੋਣ ਦੇ ਸਬੱਬ ਗ੍ਰੈਹਸਥੀ ਗੁਰੂ ਦਾ ਵਾਚਕ ਨਹੀਂ ਬਣ ਸਕਦਾ, ਜੇਕਰ ਗ੍ਰੈਹਸਤੀ ਗੁਰੂ ਦਾ ਇਸ਼ਾਰਾ ਦਸਾਂ ਗੁਰੂ ਸਾਹਿਬਾਂ ਵਲ ਹੈ ਤਾਂ ਪਤਾ ਲਗਦਾ ਹੈ ਕਿ ਦਿਲ ਵਿਚ ਤਾਂ ਆਪ ਵੀ ਇਸ ਗਲ ਨੂੰ ਮੰਨਦੇ ਹਨ, ਕਿ ਨਿਰਮਲੇ ਗੁਰੂ ਸਾਹਿਬਾਂ ਤੋਂ ਹੀ ਪ੍ਰਚਲਤ ਹੋਏ ਹਨ।

ਜੇਕਰ ਏਹ ਖਿਆਲ ਹੋਵੇ ਕਿ ਗ੍ਰੈਹਸਥੀ ਗੁਰੂ ਦੀ ਸਿਖਿਆ ਨੂੰ ਪ੍ਰਾਪਤ ਹੋਕੇ ਸੰਸਾਰ ਤੋਂ ਅਤੀਤ ਕਿਉਂ ਹੋਏ।

ਸੋ ਸ੍ਰੀ ਮਾਨ ਜੀ, ਜ਼ਰਾ ਗੁਰ ਇਤਿਹਾਸਾਂ ਨੂੰ ਦਿਲ ਦੇਕੇ ਪੜ੍ਹੋਗੇ ਤਾਂ ਆਪਨੂੰ ਚੰਗੀ ਤਰਾਂ ਪਤਾ ਲਗ ਜਾਏਗਾ, ਕਿ ਗੁਰੂ ਘਰ ਵਿਚ ਭਾਈ

ਲਖੂ ਜੀ, ਭਾਈ ਸਧਾਰਨ ਜੀ ਕਮਲੀਆ, ਝੰਡਾ, ਅਦਲੀ, ਭਾਈ ਗੁਰਦਾਸ ਜੀ ਆਦਿਕ ਅਨੇਕਾਂ ਸਿਖ ਗ੍ਰੈਹਸਥ ਆਸ਼ਰਮ ਤੋਂ ਅਲਗ ਰਹੇ ਹਨ, ਤੇ ਗੁਰਬਾਣੀ ਅਨੁਸਾਰ ਮਹਾਰਾਜਾ ਜਨਕ ਜੀ ਦੇ ਸਿਖ ਮਹਾਂਰਿਸ਼ੀ ਸ਼ੁਕਦੇਵ ਜੀ ਭੀ ਤਿਆਗੀ ਹੋਏ ਹਨ।

ਇਸ ਤਰਾਂ ਅਤੀਤ ਬ੍ਰਿਤੀ ਰਾਮਾਨੰਦ ਗੁਸਾਈਂ ਜੀ ਦੇ ਸ਼ਿਸ਼ ਕਬੀਰ ਆਦਿਕ ਕਈ ਗ੍ਰੈਹਸਥੀ ਭਗਤ ਹੋਏ, ਇਸ ਲਈ ਏਹ ਨਿਯਮ ਨਹੀਂ ਕਿ ਗ੍ਰੈਹਸਤੀ ਗੁਰੂ ਦੇ ਸ਼ਿਸ਼ ਅਤੀਤ ਨਹੀਂ ਹੋ ਸਕਦੇ, ਜਾਂ ਅਤੀਤ ਸੰਤਾਂ ਦੇ ਸੇਵਕ ਗ੍ਰੈਹਸਤੀ ਨਹੀਂ ਹੋ ਸਕਦੇ।

ਆਪਣੇ ਲੇਖ ਨੂੰ ਸਮਾਪਤ ਕਰਦੇ ਹੋਇਆ ਅਖੀਰ ਏਹ ਲਿਖਦਾ ਹਾਂ, ਕਿ ਕਿਸੇ ਵਿਸ਼ਜ ਤੇ ਬਹਿਸ ਕਰਨੀ ਜਾਂ ਆਪਣੀ ਬੁਧੀ ਅਨੁਸਾਰ ਕਿਸੇ ਦਾ ਖੰਡਨ ਮੰਡਨ ਕਰਨਾ ਹਰ ਇਕ ਆਦਮੀ ਆਪਣੇ ਸੁਤੰਤ੍ਰ ਖਿਆਲ ਅਨੁਸਾਰ ਕਰ ਸਕਦਾ ਹੈ, ਜਿਸਤਰ੍ਹਾਂ ਭਾਈ ਧਰਮਾਨੰਤ ਸਿੰਘ ਜੀ ਨੇ ਨਿਰਮਲੇ ਸੰਤਾਂ ਵਾਰੇ ਆਪਣੇ ਖਿਆਲ ਪ੍ਰਗਟ ਕੀਤੇ ਹਨ, ਮੈਨੂੰ ਇਸ ਤੇ ਯਤ ਕਿੰਚਤ ਰੋਸ ਨਹੀਂ, ਪਰ ਅਫਸੋਸ ਹੈ ਤਾਂ ਇਸ ਗਲ ਦਾ, ਕਿ ਜ਼ਮਾਨੇ ਦੀ ਹਵਾ ਨੂੰ ਜਾਣਨ ਵਾਲੇ, ਇਕ ਵਿਦ੍ਵਾਨ ਤੇ ਪੂਰਣ ਗੁਰ ਸਿਖੀ ਦੇ ਬਾਣੇ ਨੂੰ ਧਾਰਣ ਕਰਦੇ ਹੋਏ ਭਾਈ ਸਾਹਿਬ ਨੇ, ਆਪਣੇ ਲੇਖ ਵਿਚ ਗੁਰ ਨਿੰਦਕ ਆਰੀਆ ਸਮਾਜ ਲਈ ਤਾਂ ਲਭੁ ਲਭੁ ਕੇ ਪਿਆਰ ਭਰੇ ਸ਼ਬਦ ਵਰਤੇ ਹਨ, ਤੇ ਗੁਰੂ ਨਾਨਕ ਦੇ ਉਪਾਸ਼ਕ ਭਜਨਾਨੰਦੀ ਨਿਰਮਲੇ ਮਹਾਤਮਾਂ ਨੂੰ ਨਿਹਾਇਤ ਤਾਹਜ਼ੀਬ ਤੋਂ ਗਿਰੇ ਹੋਏ ਭਦੇ ਸ਼ਬਦ ਕੈਹ ਕੈਹ ਕੇ ਆਪਣੇ ਦਿਲ ਨੂੰ ਠੰਡਾ ਕੀਤਾ ਹੈ।

ਅਸਚਰਜ ਹੈ ਕਿ ਗੁਰੂ ਸਾਹਿਬਾਂ ਦੇ ਸਿਧਾਂਤ:—

ਇਕ ਫਿਕਾ ਨਾ ਗਾਲਾਇ ਸਭਨਾਂ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥
ਸ: ਫ: ੧੨੯

ਸਭਨਾ ਮਨ ਮਾਣਕ ਠਾਹਣ ਮੂਲ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਤਾਂ ਹਿਆਉ ਨ ਠਾਹੇ ਕਹੀਦਾ॥
ਸ: ਫ: ੧੩੦

ਕਬੀਰ ਸਭ ਤੇ ਹਮ ਬੁਰੇ ਹਮ ਤਜ ਭਲੋ ਸਭ ਕੋਇ॥
ਕਬੀਰ ਖਾਕ ਨ ਨਿੰਦੀਐ ਖਾਕੂ ਜੇਡ ਨਾ ਕੋਇ॥

ਨੂੰ ਜਾਣਦਿਆਂ ਹੋਇਆਂ ਵੀ ਕਿਤਨੇ ਆਪਮਾਨ ਭਰੇ ਸ਼ਬਦ ਲਿਖੇ

ਹਨ: ਜਿਸ ਤਰਾਂ ਤ੍ਵਾਰੀਖ ਗੁਰੂ ਖਾਲਸਾ ਦੇ ਕਰਤਾ, ਸ੍ਰੀ ਮਾਨ ਸੰਤ ਗਿਆਨ ਸਿੰਘ ਜੀ ਸ੍ਰੀ ਮਾਨ ਸੰਤ ਕਵੀ ਨਿਹਾਲ ਸਿੰਘ ਜੀ ਆਦਕਾਂ ਦੇ ਲੇਖਾਂ ਨੂੰ ਬਾਲਾਂ ਅਰ ਬੇਕਾਰਾਂ ਦੇ ਦਿਲ ਪਰਚਾਵੇ ਅਰਥ ਕਲਪਿਤ ਕਥਾਵਾਂ ਦਸਿਆ ਹੈ, ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਦੇ ਗ੍ਰੰਥਾਂ ਨੂੰ ਵੇਦਾਂਤ ਨਾਲ ਗਲੇਫੇ ਹੋਏ ਦਸਿਆ, ਅਤੇ ਕਾਂਸ਼ੀ ਦੇ ਵਿਦ੍ਵਾਨ ਪੰਡਿਤਾਂ ਨੂੰ ਕੰਗਾਲ ਮੰਗਤੇ ਕਹਿਆ, ਮਹਾਤਮਾਂ ਦੀ ਤੀਰਥ ਯਾਤ੍ਰਾ ਨੂੰ ਭ੍ਰਮਪਣ, ਸੰਤਾਂ ਦੇ ਸਿਖਾਂ ਸੇਵਕਾਂ ਨੂੰ ਚਾਟੜੇ ਲਿਖਿਆ, ਨਿਰਮਲੇ ਮਹਾਂਪੁਰਸ਼ਾਂ ਨੂੰ ਟੁਕੜੇ ਮੰਗੁ, ਸਮਾਜ ਤੇ ਬੋਝ ਰੂਪ, ਭਿਕਸ਼ੂ, ਭਿਛੂ, ਜਾਂ ਬਿਛੂ ਇਤਯਾਦਕ ਅਨੇਕਾਂ ਸ਼ਬਦ ਕ੍ਰਹੇ ਹਨ।

ਜੇਕਰ ਇਕਲੇ ਦੁਕਲੇ ਕਿਸੇ ਨਿਰਮਲੇ ਸਾਧੂ ਦੇ ਖਿਲਾਫ਼ ਇਸ ਤਰ੍ਹਾਂ ਦੇ ਅਖਰ ਵਰਤਦੇ, ਤਾਂ ਕੋਈ ਰੰਜ ਨਹੀਂ ਸੀ, ਪਰ ਸਾਰੀ ਨਿਰਮਲ ਸ੍ਰੇਣੀ ਨੂੰ ਮੁਖ ਰਖਕੇ ਸਰਦਾਰ ਧਰਮਾ ਨੰਤ ਸਿੰਘ ਜੀ ਨੇ ਸਾਡੇ ਪਰਮ ਪੂਜਯ ਬਜ਼ੁਰਗਾਂ ਨੂੰ ਏਹੋ ਜਹੇ ਅਪ ਸ਼ਬਦ ਕੇਹਕੇ ਸਾਰੇ ਨਿਰਮਲ ਪੰਥ ਦਾ ਦਿਲ ਜ਼ਖਮੀ ਕਰਕੇ ਨਾ ਬਖ਼ਸ਼ਿਆ ਜਾਣ ਵਾਲਾ ਇਕ ਘੋਰ ਪਾਪ ਕੀਤਾ ਹੈ, ਸਚੁ ਮੁਚ ਸਾਡੀ ਬਦ ਕਿਸਮਤੀ ਤੇ ਆਪ ਦੀ ਖੁਸ਼ ਕਿਸਮਤੀ, ਇਸ ਵੇਲੇ ਪੰਥ ਵਿਚ ਫੁਟ ਦਾ ਜ਼ੋਰ ਹੈ, ਹਰ ਇਕ ਆਪਨੀ ੨ ਪਾਰਟੀ ਨੂੰ ਮਜ਼ਬੂਤ ਕਰਨ ਲਈ ਅਡੀ ਚੋਟੀ ਤਕ ਜ਼ੋਰ ਲਾ ਰਹਿਆ ਹੈ, ਨਹੀਂ ਤਾਂ ਜਿਸ ਤਰਾਂ ਆਪ ਨੇ ਘ੍ਰਿਣਾ ਭਰੇ ਏਹ ਸ਼ਬਦ ਵਰਤੇ ਹਨ, ਸਿਖ ਕੌਮ ਦਾ ਇਕ ਇਕ ਬਚਾ ਇਨ੍ਹਾਂ ਦੀ ਨਦਮਤ ਕਰਦਾ, ਫਿਰ ਵੀ ਸ਼੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਜਾਂ ਖਾਲਸਾ ਸਮਾਚਾਰ ਆਦੀ ਦੋ ਤਿਨ ਅਖਬਾਰਾਂ ਦਾ ਮੈਂ ਧੰਨ ਵਾਦ ਕਰਦਾ ਹਾਂ, ਜਿਨ੍ਹਾਂ ਨੇ ਆਪਣੇ ਫ਼ਰਜ਼ ਨੂੰ ਪਛਾਣਦਿਆਂ ਹੋਇਆਂ ਆਪਦੇ ਲੇਖ ਨੂੰ ਬੇਸੁਰੇ ਰਾਗ ਅਲਾਪਣ ਵਾਂਗ ਅਯੋਗ ਦਸਿਆ ਹੈ।

ਮੈਂ ਹੈਰਾਨ ਹਾਂ, ਮੂੰਹੋਂ ਤਾਂ ਏਹ ਕਹਿੰਦੇ ਹਨ, ਕਿ ਸਭਯਤਾ ਹੀ ਪੁਰਸ਼ ਦਾ ਅੰਤਮ ਉਦੇਸ਼ ਹੈ, ਪਰ ਵਾਹ ਵਾਹ, ਆਪਣੇ ਲੇਖ ਨੂੰ ਜ਼ਰਾ ਕਿਸੇ ਦੂਸਰੇ ਦੀ ਨਜ਼ਰ ਵਿਚ ਬੈਹ ਕੇ ਵੇਖੋ, ਪਤਾ ਲਗ ਜਾਏ, ਕਿ ਸਭਯਤਾ ਆਪ ਤੋਂ ਕਿਤਨੀ ਦੂਰ ਹੈ।

ਅਖੀਰ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਕਬਿਤ ਦਾ ਭਾਵ ਦਸਦੇ ਹਨ।

ਕਬਿਤ:—ਜੈਸੇ ਨੈਨ ਬੈਨ ਪੰਖ ਸੁੰਦਰ ਸ੍ਰਬੰਗ ਮੋਰ,
ਤਾਕੇ ਪਗ ਓਰ ਦੇਖਿ ਦੇਖਿ ਨ ਬਿਚਾਰੀਐ।
ਸੰਦਲ ਸੁਗੰਧ ਅਤੇ ਕੋਮਲ ਕਮਲ ਜੈਸੇ,
ਕੰਟਕ ਬਿਲੋਕ ਨ ਅਉਗਨ ਓਰ ਧਾਰੀਐ।
ਜੈਸੇ ਅੰਮ੍ਰਿਤ ਫਲ ਮਿਸਟ ਗੁਨਾਦਿ ਸ੍ਵਾਦ,
ਬੀਜ ਕਰਵਾਈ ਕੈ ਬੁਰਾਈ ਨਾ ਸਮਾਰੀਐ।
ਤੈਸੇ ਗੁਰ ਗਿਆਨ ਦਾਨ ਸਭਹੂੰ ਸੈ ਮਾਂਗ ਲੀਜੈ,
ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ।

੩੯੯

ਹੇਠਾਂ ਇਸਦਾ ਭਾਵ ਦਸਦੇ ਹਨ ਕਿ ਅਨ ਧਰਮਾਵਲੰਬੀਆ ਦੇ ਕਰਮਾਂ, ਰੀਤਾਂ ਰਸਮਾਂ ਤੇ ਰਿਵਾਜਾਂ ਨੂੰ ਉਨ੍ਹਾਂ ਦੇ ਸਤਿਕਾਰਿਤ ਭਾਵਾਂ ਅਸਥਾਨਾਂ ਅਰ ਪਦਾਰਥਾਂ ਨੂੰ ਸਿਖ ਭੁਲਕੇ ਭੀ ਘਿਰਣਾਂ ਯਾ ਉਪਹਾਸ ਦ੍ਰਿਸ਼ਟੀ ਨਾਲ ਨ ਵੇਖਣ।

ਇਸ ਭਾਵ ਅਨੁਸਾਰ ਆਰੀਆ ਸਮਾਜ ਦੀਆਂ ਰਹੁ ਰੀਤਾਂ ਨੂੰ ਆਪ ਭੁਲਕੇ ਵੀ ਘਿਰਣਾਂ ਯਾ ਉਪਹਾਸ ਦ੍ਰਿਸ਼ਟੀ ਨਾਲ ਨਹੀਂ ਵੇਖਦੇ, ਪਰ ਨਿਰਮਲੇ ਸੰਤਾਂ ਨੂੰ ਸਨਮੁਖ ਰਖਦੇ ਹੋਏ ਭਾਈ ਗੁਰਦਾਸ ਜੀ ਦੇ ਕਬਿਤ ਦਾ ਭਾਵ ਬਿਲਕੁਲ ਹੀ ਭੁਲਾ ਦੇਂਦੇ ਹਨ, ਸਗੋਂ ਨਿਰਮਲੇ ਸੰਤਾਂ ਦੇ ਸਾਰੇ ਜੀਵਨ ਨੂੰ ਹੀ ਇਕ ਘਿਰਣਾਂ ਦ੍ਰਿਸ਼ਟੀ ਨਾਲ ਵੇਖਦੇ ਹਨ। ਧੰਨ ਸਿਖੀ!

ਜੇਕਰ ਭਾਈ ਗੁਰਦਾਸ ਜੀ ਦੇ ਕਬਿਤ ਦੀ ਛੇਕੜਲੀ ਤੁਕ:—

"ਤੈਸੇ ਗੁਰ ਗਿਆਨ ਦਾਨ ਸਭਹੂੰ ਸੈ ਮਾਂਗ ਲੀਜੈ,
ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ।"

ਅਨੁਸਾਰ ਆਪਦਾ ਵੀ ਏਹੋ ਮਤ ਹੈ ਕਿ ਸਿਖ ਦਾ ਧਰਮ ਹੈ, ਹਰ ਇਕ ਪਾਸੋਂ ਗੁਣ ਗ੍ਰਹਣ ਕਰਨੇ ਦੀ ਕੋਸ਼ਸ਼ ਕਰੇ ਤੇ ਨਿੰਦਿਆ ਤਾਂ ਕਿਸੇ ਦੀ ਕਰੇ ਹੀ ਨਾ। ਪਰ ਦਸੋ ਸਿਵਾਏ ਘਿਰਣਾਂ ਭਰੇ ਸ਼ਬਦ ਵਰਤਣ ਤੋਂ ਕੀ ਆਪਨੇ ਵੀ ਕੁਛ ਨਿਰਮਲੇ ਸੰਤਾਂ ਦਾ ਗੁਣ ਗ੍ਰਹਣ ਕੀਤਾ ਹੈ।

# ਗੁਰੂ ਪੰਥ ਅਗੇ ਬੇਨਤੀ

ਗੁਰੂ ਪੰਥ ਵਿਚ ਫੁਟ ਪਾਊ ਸਿਖ ਕਈ ਐਸੇ ਭੀ ਹੁੰਦੇ ਹਨ ਜੇਹੜੇ ਦੋ ਚਾਰ ਤਕਰੀਰਾਂ ਜਾਂ ਤਹਿਰੀਰਾਂ ਦੇ ਬਲ ਕਰਕੇ ਪੰਥ ਵਿਚ ਸਨਮਾਨ ਦੇ ਅਧਿਕਾਰੀ ਹੋ ਜਾਂਦੇ ਹਨ ਤੇ ਸਚ ਮੁਚ ਪੰਥ ਵੀ ਉਨ੍ਹਾਂ ਦਾ ਵਿਤੋਂ ਵਧਕੇ ਸਨਮਾਨ ਕਰਦਾ ਹੈ, ਫਿਰ ਉਸ ਸਨਮਾਨ ਦੇ ਹੰਕਾਰ ਵਿਚ ਓਹ ਐਸੀਆਂ ਮਨ ਭਾਉਂਦੀਆਂ ਗਲਾਂ ਕਰਨ ਲਗ ਪੈਂਦੇ ਹਨ ਜਿਸ ਕਰਕੇ ਪੰਥ ਦਾ ਦਿਲ ਟੁਟ ਜਾਂਦਾ ਹੈ, ਸਨਮਾਨ ਕਮ ਹੋ ਜਾਂਦਾ ਹੈ, ਬਾਹਦ ਓਹ ਮਦ ਮਤੇ ਪ੍ਰਚਾਰਕ ਇਸ ਤਰਾਂ ਦੇ ਐਲਾਣ ਕਰਨੇ ਸ਼ੁਰੂ ਕਰ ਦੇਂਦੇ ਹਨ, ਕਿ ਅਸੀਂ ਤੰਗ ਦਾਇਰੇ ਨੂੰ ਛਡ ਕੇ ਹੁਣ ਵਸੀਹ ਦਾਇਰੇ ਸਨਾਤਨ ਧਰਮ ਨੂੰ ਸ੍ਵੀਕਾਰ ਕਰਦੇ ਹਾਂ, ਜਦ ਉਧਰ ਵੀ ਢੋਈ ਹੁੰਦੀ ਨਾ ਵੇਖਦੇ ਤਾਂ ਹੋਰ ਕਿਸੀ ਫਿਰਕੇ ਦੇ ਮੋਢੀ ਹੋਕੇ ਗੁਰੂ ਪੰਥ ਦੇ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦੇਂਦੇ ਹਨ, ਅਸਚਰਜ ਹੈ ਜੇਹੜੇ ਕਦੇ ਸਿਖਾਂ ਦੇ ਆਗੂ ਹੋਕੇ ਚੀਫ ਖਾਲਸਾ ਦੀਵਾਨ ਵਰਗਿਆਂ ਨੂੰ ਮਗਰ ਲਾਈ ਫਿਰਦੇ ਹਨ, ਫਿਰ ਓਹ ਇਥੋਂ ਤਕ ਗਿਰ ਜਾਂਦੇ ਹਨ, ਕਿ ਸਿਰ ਤੇ ਕੇਸ ਰਖਣੇ ਭੀ ਗੁਰਸਿਖੀ ਦਾ ਕੋਈ ਜ਼ਰੂਰੀ ਅੰਗ ਨਹੀਂ ਮੰਨਦੇ, ਬਲਕੇ ਦਿਨ ਪਾਕੇ ਗੁਰ ਸਿਖ ਸਦਵਾਉਣਾ ਭੀ ਆਪ ਨੂੰ ਅਯੋਗ ਦਸਦੇ ਹਨ।

ਇਸ ਲਈ ਗੁਰੂ ਪੰਥ ਨੂੰ ਹਮੇਸ਼ਾਂ ਸੁਚੇਤ ਹੋਕੇ ਫੁਟ ਪਾਊ ਸੁਆਰਥੀ ਪ੍ਰਚਾਰਕਾਂ ਦੀ ਏਹਤਿਆਤ ਰਖਨੀ ਚਾਹੀ ਦੀ ਹੈ ਕਿਉਂਕੇ ਇਕ ਦੀ ਕੀਤੀ ਸਭਰਿਆਂ ਦੇ ਪੇਸ਼ ਆਉਂਦੀ ਹੈ।

ਬਸ:—ਲੇਖ ਨੂੰ ਸਮਾਪਤ ਕਰਦਿਆਂ ਹੁਇਆਂ ਅਖੀਰ ਵਿਚ ਲਿਖ ਦਾ ਹਾਂ, ਕਿ ਗੁਰੂ ਨਾਨਕ ਅਸਾਡਾ ਤੇ ਅਸੀ ਗੁਰੂ ਨਾਨਕ ਜੀ ਦੇ।

# ਪ੍ਰਾਰਥਨਾ

ਜਿਨ੍ਹਾਂ ਮਹਾਤਮਾਂ ਨੂੰ ਇਸ ਗ੍ਰੰਥ ਦੀ ਲੋੜ ਹੋਵੇ, ਓਹ ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹਨ।

**੧. ਸ੍ਰੀ ਪੰਚਾਇਤੀ ਨ੍ਰਿਮਲ ਅਖਾੜਾ ਕਨਖਲ**

**੨. ਸ੍ਰੀ ਮਾਨ ਮਹੰਤ ਹਾਕਮ ਸਿੰਘ ਜੀ**
ਡੇਰਾ ਮਹਾਰਾਜ ਮਿਸ਼ਰਾ ਸਿੰਘ ਜੀ
ਬਾਜ਼ਾਰ ਲਛਮਣਸਰ ਅੰਮ੍ਰਿਤਸਰ

**੩. ਦਾਸ-ਦਿਆਲ ਸਿੰਘ**
ਧਰਮਸਾਲਾ ਰਾਏ ਸਾਹਿਬ ਹਰਨਾਮ ਦਾਸ ਜੀ
ਦਰਵਾਜ਼ਾ ਸ਼ੇਰਾਂ ਵਾਲਾ ਲਾਹੌਰ

Sita Chhetwal Library
Institute of
Sikh Studies
Chandigarh
1881

ਕ੍ਰਿਪਾ ਸਾਗਰ ਪ੍ਰੈਸ ਰਾਮਗਲੀ ਲਾਹੌਰ ਵਿਚ ਲਾਲਾ ਕ੍ਰਿਪਾ ਸਾਗਰ ਪ੍ਰਿੰਟਰ
ਦੇ ਯਤਨ ਨਾਲ ਛਪਿਆ
ਅਤੇ
ਸੰਤ ਦਿਆਲ ਸਿੰਘ ਪਬਲਿਸ਼ਰ ਨੇ ਧਰਮਸਾਲਾ ਰਾਏ ਸਾਹਿਬ ਹਰਨਾਮ
ਦਾਸ ਜੀ ਸ਼ੇਰਾਂ ਵਾਲਾ ਦਰਵਾਜ਼ਾ ਲਾਹੌਰ ਤੋਂ ਪ੍ਰਕਾਸ਼ਤ ਕੀਤਾ।

ਕ੍ਰਿਪਾ ਸਾਗਰ ਪ੍ਰੈਸ ਰਾਮਗਲੀ ਲਾਹੌਰ ਵਿਚ ਲਾਲਾ ਕ੍ਰਿਪਾ ਸਾਗਰ
ਪ੍ਰਿੰਟਰ ਦੇ ਅਧਿਕਾਰ ਨਾਲ ਛਪੀ ।

PERSONAL LIBRARY OF
PROFESSOR SHER SINGH "SHER"